Golden State Realty
JASSI GILL Broker/Owner

Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

Ad Space is Available.
Contact us at:
847-359-0746


Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM

Mann Insurance Brokers Inc.
4123 Dyer St., #230, Union City, CA 94587



Twenty-Fifth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 26, Issue 12; March 22, 2025
20451 N. Plum Grove Rd., Palatine, IL 60074
Ph:847-359-0746, Fax:847-705-9388


## ਖ਼ਾਲਿਸਤਾਨੀਆਂ ’ਤੇ ਸਖ਼ਤ ਕਾਰਵਾਈ ਕਰੇ ਅਮਰੀਕਾ: ਰਾਜਨਾਥ ਸਿੰਘ

### ਰੱਖਿਆ ਮੰਤਰੀ ਨੇ ਅਮਰੀਕਾ ਦੀ ਰਾਸ਼ਟਰੀ ਖ਼ੁਫ਼ੀਆ ਡਾਇਰੈਕਟਰ ਤੁਲਸੀ ਗਬਾਰਡ ਨਾਲ ਕੀਤੀ ਮੁਲਾਕਾਤ



**ਨਵੀਂ ਦਿੱਲੀ:** ਭਾਰਤ ਨੇ ਅਮਰੀਕਾ ਨੂੰ ਕਿਹਾ ਹੈ ਕਿ ਉਹ ਖ਼ਾਲਿਸਤਾਨ ਸਮਰਥਕਾਂ ‘ਤੇ ਸਖ਼ਤ ਕਾਰਵਾਈ ਕਰੇ। ਸੋਮਵਾਰ ਨੂੰ ਅਮਰੀਕਾ ਦੀ ਰਾਸ਼ਟਰੀ ਖ਼ੁਫ਼ੀਆ ਡਾਇਰੈਕਟਰ ਤੁਲਸੀ ਗਬਾਰਡ ਨਾਲ ਬੈਠਕ ਦੌਰਾਨ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਅਮਰੀਕੀ ਧਰਤੀ ‘ਤੇ ਖ਼ਾਲਿਸਤਾਨੀ ਸੰਗਠਨ ਸਿੱਖਸ ਫ਼ਾਰ ਜਸਟਿਸ (ਐੱਸ.ਐੱਫ.ਜੇ.) ਦੀਆਂ ਭਾਰਤ ਵਿਰੋਧੀ ਸਰਗਰਮੀਆਂ ਦਾ ਮੁੱਦਾ ਚੁੱਕਿਆ। ਉਨ੍ਹਾਂ ਕਿਹਾ ਕਿ ਅਮਰੀਕਾ ਇਸ ਗ਼ੈਰ-ਕਾਨੂੰਨੀ ਸੰਗਠਨ ਖ਼ਿਲਾਫ਼ ਸਖ਼ਤ ਕਾਰਵਾਈ ਕਰੇ। ਰਾਜਨਾਥ ਨੇ ਗਬਾਰਡ ਨੂੰ ਆਈਐੱਸਆਈ ਤੇ ਅੱਤਵਾਦੀ ਸੰਗਠਨ ਬੱਬਰ ਖ਼ਾਲਸਾ ਦੇ ਨਾਲ ਐੱਸ.ਐੱਫ.ਜੇ. ਦੇ ਸੰਬੰਧਾਂ ਦੀ ਜਾਣਕਾਰੀ ਦਿੱਤੀ। ਰੱਖਿਆ ਮੰਤਰੀ ਨੇ ਐੱਸ.ਐੱਫ.ਜੇ.ਵੱਲੋਂ ਅਮਰੀਕਾ ‘ਚ ਹਿੰਦੂ ਧਾਰਮਿਕ ਥਾਵਾਂ ਨੂੰ ਨਿਸ਼ਾਨਾ ਬਣਾਏ ਜਾਣ ‘ਤੇ ਚਿੰਤਾ ਜ਼ਾਹਰ ਕੀਤੀ ਤੇ ਕਿਹਾ ਕਿ ਅਜਿਹੀਆਂ ਸਰਗਰਮੀਆਂ ਨੂੰ ਰੋਕਿਆ ਜਾਣਾ ਚਾਹੀਦਾ ਹੈ।

ਦੂਜੇ ਪਾਸੇ, ਪ੍ਰਧਾਨ ਮੰਤਰੀ ਮੋਦੀ ਨੇ ਭਾਰਤ ਯਾਤਰਾ ‘ਤੇ ਆਏ ਨਿਊਜ਼ੀਲੈਂਡ ਦੇ ਪੀ.ਐਮ.ਕ੍ਰਿਸਟੋਫਰ ਲਕਸਨ ਨੂੰ ਖ਼ਾਲਿਸਤਾਨੀ ਸੰਗਠਨਾਂ ਦੀਆਂ ਵਧ ਰਹੀਆਂ ਸਰਗਰਮੀਆਂ ਨੂੰ ਲੈ ਕੇ ਆਪਣੀ ਚਿੰਤਾ ਤੋਂ ਜਾਣੂ ਕਰਵਾਇਆ। ਇਸ ‘ਤੇ ਲਕਸਨ ਨੇ ਸਹਿਯੋਗ ਦਾ ਭਰੋਸਾ ਦਿੱਤਾ ਹੈ। ਰਾਜਨਾਥ ਸਿੰਘ ਨੂੰ ਮਿਲਣ ਤੋਂ ਬਾਅਦ ਤੁਲਸੀ ਗਬਾਰਡ ਨੇ ਪ੍ਰਧਾਨ ਮੰਤਰੀ ਮੋਦੀ ਨਾਲ ਮੁਲਾਕਾਤ ਕੀਤੀ। ਇਸ ਮੁਲਾਕਾਤ ‘ਚ ਦੋਵਾਂ ਦੇਸ਼ਾਂ ਵਿਚਾਲੇ ਰੱਖਿਆ, ਸੁਰੱਖਿਆ ਤੇ ਅੱਤਵਾਦ ਖਿਲਾਫ ਆਪਸੀ ਸਹਿਯੋਗ ਵਧਾਉਣ ਨਾਲ ਜੁੜੇ ਕਈ ਮੁੱਦਿਆਂ ‘ਤੇ ਗੱਲਬਾਤ ਹੋਈ। ਪਰ ਜਿਸ ਚੀਰ ਨੇ ਇਸ ਮੁਲਾਕਾਤ ਨੂੰ ਵੱਖ ਬਣਾਇਆ ਉਹ ਇਨ੍ਹਾਂ ਦੋਵਾਂ ਵਿਚਾਲੇ ਤੋਹਫ਼ਿਆਂ ਦੀ ਅਦਲਾ-ਬਦਲੀ ਰਹੀ। ਮੋਦੀ ਨੇ ਗਬਾਰਡ ਨੂੰ ਪਿਛਲੇ ਦਿਨੀਂ ਸਮਾਪਤ ਮਹਾਂਕੁੰਭਦੇ ਮੌਕੇ ‘ਤੇ ਇਕੱਠਾ ਕੀਤਾ ਗੰਗਾ ਜਲ ਇਕ ਕਲਸ਼ ‘ਚ ਭਰ ਕੇ ਭੇਟ ਕੀਤਾ। ਹਿੰਦੂ ਧਰਮ ਨੂੰ ਮੰਨਣ ਵਾਲੀ ਗਬਾਰਡ ਨੇ ਮੋਦੀ ਨੂੰ ਤੁਲਸੀ ਦੀ ਮਾਲਾ ਆਪਣੇ ਵੱਲੋਂ ਤੋਹਫ਼ੇ ਵਜੋਂ ਦਿੱਤੀ। ਪਿਛਲੇ ਦੋ ਮਹੀਨਿਆਂ ਵਿਚਾਲੇ ਮੋਦੀ ਤੇ ਗਬਾਰਡ ਵਿਚਾਲੇ ਇਹ ਦੂਜੀ ਮੁਲਾਕਾਤ ਸੀ। ਇਸ ਤੋਂ ਪਹਿਲਾਂ ਫਰਵਰੀ ‘ਚ ਮੋਦੀ ਦੀ ਅਮਰੀਕਾ ਯਾਤਰਾ ਦੌਰਾਨ ਇਨ੍ਹਾਂ ਦੀ ਮੁਲਾਕਾਤ ਹੋਈ ਸੀ।

ਗਬਾਰਡ ਐਤਵਾਰ ਨੂੰ ਭਾਰਤ ਦੌਰੇ ‘ਤੇ ਆਏ ਹਨ। ਉਹ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦੂਜੇ ਕਾਰਜਕਾਲ ਦੌਰਾਨ ਭਾਰਤ ਦੀ ਯਾਤਰਾ ਕਰਨ ਵਾਲੇ ਅਮਰੀਕੀ ਪ੍ਰਸ਼ਾਸਨ ਦੇ ਪਹਿਲੇ ਸੀਨੀਅਰ ਅਧਿਕਾਰੀ, ਰਾਜਨਾਥ ਤੇ ਸਥਾਰਤ ਦੀ ਬੈਠਕ ਦੌਰਾਨ ਦੋਵਾਂ ਦੇਸ਼ਾਂ ਵਿਚਾਲੇ ਮੌਜੂਦਾ ਰੱਖਿਆ ਸਬੰਧਾਂ ਨੂੰ ਮਜ਼ਬੂਤ ਬਣਾਉਣ, ਖਾਸ ਤੌਰ ‘ਤੇ ਅਤਿ-ਆਧੁਨਿਕ ਰੱਖਿਆ ਤਕਨੀਕ ਦੇ ਇਸਤੇਮਾਲ ਤੇ ਇਸ ਨਾਲ ਜੁੜੀ ਤਕਨੀਕ ਨੂੰ ਸਾਂਝੇ ਤੌਰ ‘ਤੇ ਵਿਕਸਿਤ ਕਰਨ ‘ਤੇ ਡੂੰਘੀ ਵਿਚਾਰ ਚਰਚਾ ਹੋਈ।

ਉਨ੍ਹਾਂ ਨੇ ਸਮੁੰਦਰੀ ਖੇਤਰ ‘ਚ ਦੁਵੱਲੇ ਰਣਨੀਤਕ ਸਹਿਯੋਗ ਦੀ ਵੀ ਸਮੀਖਿਆ ਕੀਤੀ। ਗਥਾਰਡ ਦੇ ਨਾਲ ਬੈਠਕ ਤੋਂ ਬਾਅਦ ਰਾਜਨਾਥ ਨੇ

(ਬਾਕੀ ਸਫ਼ਾ 6 ’ਤੇ)

## ਅੰਤ੍ਰਿੰਗ ਕਮੇਟੀ ਵਲੋਂ ਧਾਮੀ ਦਾ ਅਸਤੀਫ਼ਾ ਨਾਮਨਜ਼ੂਰ



**ਚੰਡੀਗੜ੍ਹ:** ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕ ਅਹਿਮ ਮੀਟਿੰਗ ਸਥਾਨਕ ਸੈਕਟਰ 5 ਸਥਿਤ ਉਪ ਦਫ਼ਤਰ ਵਿਖੇ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ ਦੀ ਅਗਵਾਈ ਹੇਠ ਹੋਈ, ਜਿਸ ਵਿਚ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦਾ ਅਸਤੀਫ਼ਾ ਅੰਤ੍ਰਿੰਗ ਕਮੇਟੀ ਵਲੋਂ 5 ਨਾਮਨਜ਼ੂਰ ਕਰ ਦਿੱਤਾ ਗਿਆ। ਮੀਟਿੰਗ ਉਪਰੰਤ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦਾ ਅਸਤੀਫ਼ਾ ਨਾਮਨਜ਼ੂਰ ਕਰਕੇ ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨਗੀ ਅਹੁਦੇ ਦੀਆਂ ਸੇਵਾਵਾਂ ਤੁਰੰਤ ਸੰਭਾਲਣ ਲਈ ਉਨ੍ਹਾਂ ਦੇ ਘਰ ਜਾ ਕੇ ਬੇਨਤੀ ਕੀਤੀ ਜਾਵੇਗੀ।

### ਕੇਂਦਰ ਸਰਕਾਰ ਦੀ ਨਵੀਂ ਸਿੱਖਿਆ ਨੀਤੀ ਦੀ ਪੜਚੋਲ ਕਰਨ ਵਾਸਤੇ ਅਕਾਦਮਿਕ ਵਿਦਵਾਨਾਂ ਦੀ ਕਮੇਟੀ ਬਣਾਉਣ ਨੂੰ ਪ੍ਰਵਾਨਗੀ

ਉਨ੍ਹਾਂ ਅੱਗੇ ਕਿਹਾ ਕਿ ਸਿੱਖ ਕੌਮ ਦੇ ਕੌਮੀ ਤਿਉਹਾਰ ਹੋਲਾ ਮਹੱਲਾ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵਲੋਂ ਦਿੱਤੇ ਗਏ ਸੰਦੇਸ਼ ਦੀ ਰੌਸ਼ਨੀ ਵਿਚ ਕੇਂਦਰ ਸਰਕਾਰ ਦੀ ਨਵੀਂ ਸਿੱਖਿਆ ਨੀਤੀ ਦੀ ਪੜਚੋਲ ਕਰਨ ਵਾਸਤੇ ਅਕਾਦਮਿਕ ਵਿਦਵਾਨਾਂ ਦੀ ਇਕ ਕਮੇਟੀ ਬਣਾਉਣ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸੰਦਰਭ ਵਿਚ ਇਸ ਸਿੱਖਿਆ ਨੀਤੀ ਅੰਦਰ ਕੀ ਕੀ ਸੁਧਾਰ ਲੋੜੀਂਦੇ ਹਨ, ਇਸ ਬਾਰੇ ਕਮੇਟੀ ਰਾਹੀਂ ਮੁਲਾਂਕਣ ਕੀਤਾ ਜਾਵੇਗਾ ਅਤੇ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ। ਇਹ ਕਮੇਟੀ ਪੰਜਾਬ ਗੁਰਮੁਖੀ ਨੂੰ ਮੌਜੂਦਾ ਚੁਣੌਤੀਆਂ ‘ਤੇ ਵੀ ਮੰਥਨ ਕਰੇਗੀ ਅਤੇ ਜੋ ਵੀ ਸੁਝਾਅ ਸਾਹਮਣੇ ਆਉਣਗੇ ਉਸ ਨੂੰ ਕੇਂਦਰ ਸਰਕਾਰ ਦੇ ਸਾਹਮਣੇ ਰੱਖਿਆ ਜਾਵੇਗਾ। ਉਨ੍ਹਾਂ ਦੱਸਿਆ

(ਬਾਕੀ ਸਫ਼ਾ 6 ’ਤੇ)


GOLDEN STATE REALITY
"Realtor You Can Trust"
CRE Group Inc
* ਘਰ ਜਾਂ ਕੋਈ ਵੀ ਹੋਰ ਕਾਮਰਸ਼ੀਅਲ ਪ੍ਰਾਪਰਟੀ ਖਰੀਦਣ ਲਈ ਸਾਡੇ ਨਾਲ ਸੰਪਰਕ ਕਰੋ:
ਫੋਨ:
916-612-5773

Sam Chahal MBA
Sohanpreet Singh
Realtor - Lic# 01504071
Contact for Real Estate and Mortgage Needs
P: 916-612-5773
E: Samchahal@hotmail.com


Raja SWEETS & CATERING
AUTHORIZED CATERER FOR MAJOR 5-STAR HOTELS
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Faluda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS

18 years of experience
Services
-We do Same day IRP Plates
-Truck Permits
-New company
-Truck ELD
-Trucking compliance

Rajinder Singh
159 D'Arcy Pkwy, Lathrop, CA 95330
Phone: 209 636 0880

# ਜਸਵਿੰਦਰ ਬੋਲੀਨਾ ਦੀ ਕਿਤਾਬ 'ਇੰਗਲਿਸ਼ ਐਜ਼ ਏ ਸੈਕਿੰਡ ਲੈਂਗੁਏਜ' ਨੇ ਜਿੱਤਿਆ 'ਕਿੰਗਸਲੇ ਟਫਟਸ ਪੋਇਟਰੀ ਅਵਾਰਡ'

**ਸ਼ਿਕਾਗੋ**: ਜਸਵਿੰਦਰ ਬੋਲੀਨਾ ਦੀ ਕਿਤਾਬ 'ਇੰਗਲਿਸ਼ ਐਜ਼ ਏ ਸੈਕਿੰਡ ਲੈਂਗੁਏਜ' ਨੂੰ ਇਸ ਸਾਲ ਦਾ, 'ਕਿੰਗਸਲੇ ਟਫਟਸ ਪੋਇਟਰੀ ਅਵਾਰਡ' ਹਾਸਲ ਹੋਇਆ ਹੈ, ਜੋ ਪੰਜਾਬੀ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ। ਇਸੇ ਤਰ੍ਹਾਂ 'ਕੇਟ ਟਫਟਸ ਡਿਸਕਵਰੀ ਅਵਾਰਡ' ਅਰਿਆਨਾ ਬੈਨਸਨ ਦੀ ਕਵਿਤਾ 'ਬਲੈਕ ਪੇਸਟੋਰਲ', ਨੂੰ ਮਿਲਿਆ ਹੈ।

CGU ਸਕੂਲ ਆਫ਼ ਆਰਟਸ ਐਂਡ ਹਿਊਮੈਨਿਟੀਜ਼ ਦੀ ਡੀਨ ਅਤੇ ਕਿੰਗਸਲੇ ਐਂਡ ਕੇਟ ਟਫਟਸ ਪੋਇਟਰੀ ਅਵਾਰਡ ਪ੍ਰੋਗਰਾਮ ਦੀ ਡਾਇਰੈਕਟਰ ਲੋਰੀ ਐਨ ਫੇਰੇਲ ਨੇ ਕਿਹਾ, "ਕਵਿਤਾ ਖੁਸ਼ੀ, ਦੁਖ ਜਾਂ ਚਿੰਤਾ ਹਰੇਕ ਇਮੋਸ਼ਨ ਨੂੰ ਬਿਆਨ ਕਰਨ ਦਾ ਇਕ ਜ਼ਰੀਆ ਹੈ। ਸਾਨੂੰ ਉਸ ਸ਼ਬਦਾਵਲੀ, ਤਸੱਲੀ ਦੀ ਸਖ਼ਤ ਲੋੜ ਹੈ, ਜੋ ਇਸ ਸਾਲ ਦੇ ਜੇਤੂ ਕਵੀਆਂ ਦੁਆਰਾ ਪੇਸ਼ ਕੀਤੀ ਗਈ ਹੈ।"



*ਲੇਖਕ ਜਸਵਿੰਦਰ ਬੋਲੀਨਾ।*

ਜ਼ਿਕਰਯੋਗ ਹੈ ਕਿ 'ਕਿੰਗਸਲੇ ਟਫਟਸ ਅਵਾਰਡ' - ਸਮਕਾਲੀ ਕਵਿਤਾ ਦੇ ਸਭ ਤੋਂ ਵੱਡੇ ਸਾਲਾਨਾ ਪੁਰਸਕਾਰਾਂ ਵਿਚੋਂ ਇੱਕ ਹੈ, ਜੋ ਮਿੱਡ ਕੈਰੀਅਰ ਕਵੀ ਦੀ ਇੱਕ ਕਿਤਾਬ ਲਈ $100,000 ਪ੍ਰਦਾਨ ਕਰਦਾ ਹੈ।

ਬੋਲੀਨਾ, ਇੱਕ ਨਿਪੁੰਨ ਲੇਖਕ ਹੈ, ਅਤੇ ਮਿਆਮੀ ਯੂਨੀਵਰਸਿਟੀ ਵਿਚ ਰਚਨਾਤਮਕ ਲੇਖਣ ਐਮਐਫਏ ਪ੍ਰੋਗਰਾਮ ਵਿਚ ਪੜ੍ਹਾਉਂਦਾ ਹੈ। ਜਦੋਂ ਉਸਨੂੰ ਇਸ ਅਵਾਰਡ ਲਈ ਆਪਣੀ ਚੋਣ ਸਬੰਧੀ ਜੱਜਾਂ ਤੋਂ ਫੋਨ ਕਾਲ ਰਾਹੀਂ ਪਤਾ ਲੱਗਾ ਤਾਂ ਉਸ ਦੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਉਸ ਨੇ ਕਿਹਾ, "ਜਦੋਂ ਮੈਨੂੰ ਪਤਾ ਲੱਗਾ ਕਿ ਮੈਂ ਫਾਈਨਲਿਸਟ ਹਾਂ ਤਾਂ ਮੈਂ ਹੈਰਾਨ ਰਹਿ ਗਿਆ, ਅਤੇ ਜਦੋਂ ਮੈਨੂੰ ਪਤਾ ਲੱਗਾ ਕਿ ਦੂਜੇ ਫਾਈਨਲਿਸਟ ਕੌਣ ਸਨ ਤਾਂ ਮੈਂ ਨਿਮਰ ਹੋ ਗਿਆ। ਮੈਂ ਖੁਸ਼ ਸਾਂ ਕਿਉਂਕਿ ਉਨ੍ਹਾਂ ਕਿਤਾਬਾਂ ਅਤੇ ਲੇਖਕਾਂ ਨਾਲ ਜੁੜਨਾ ਹੀ ਆਪਣੇ ਆਪ ਵਿਚ ਇਨਾਮ ਮਿਲਣ ਵਾਂਗ ਸੀ, ਭਾਵੇਂਕਿ ਅਜੇ ਮੈਂ ਜਿੱਤਿਆ ਵੀ ਨਹੀਂ ਸੀ। ਉਸ ਫੋਨ ਕਾਲ ਨੂੰ ਆਉਣਾ ਬਿਨਾਂ ਕਿਸੇ ਸੱਟ ਦੇ ਸੀਨੇ ਵਿਚ ਲੱਤ ਵੱਜਣ ਵਾਂਗ ਸੀ।"

ਦੱਸਣਯੋਗ ਹੈ ਕਿ ਜਸਵਿੰਦਰ ਬੋਲੀਨਾ ਪੰਜ ਕਾਵਿ ਸੰਗ੍ਰਹਿ ਸਰੋਤਿਆਂ ਦੀ ਝੋਲੀ ਪਾ ਚੁੱਕੇ ਹਨ ਹਨ: ਆਫ਼ ਕਲਰ: ਐਸੇਜ਼ (2020), ਦ 44ਥ ਆਫ ਜੁਲਾਈ (2019), ਫੈਂਟਮ ਕੈਮਰਾ (2013), ਅਤੇ ਕੈਰੀਅਰ ਵੇਵ (2007), ਅਤੇ ਨਾਲ ਹੀ ਡਿਜੀਟਲ ਚੈਪਬੁੱਕ 'ਦ ਟਾਲੇਸਟ ਬਿਲਡਿੰਗ ਇਨ ਅਮਰੀਕਾ' (2014)। ਦੂਜੀ ਭਾਸ਼ਾ ਵਜੋਂ ਅੰਗਰੇਜ਼ੀ ਲਈ ਆਪਣੇ ਇਰਾਦਿਆਂ ਦੀ ਚਰਚਾ ਕਰਦੇ ਸਮੇਂ, ਬੋਲੀਨਾ ਨੇ ਨੇ ਕਿਹਾ, "ਤੁਸੀਂ ਇਸ ਵਿਚਾਰ ਨਾਲ ਕੋਈ ਕਵਿਤਾ ਨਹੀਂ ਲਿਖਦੇ ਕਿ ਤੁਸੀਂ ਇਸ ਕਿਸਮ ਦਾ ਇਨਾਮ ਜਿੱਤੋਗੇ। ਮੈਂ ਆਪਣੇ ਮਾਪਿਆਂ ਨਾਲ ਇਸ ਨੂੰ ਸਾਂਝਾ ਕਰਨ ਦੇ ਮੌਕੇ ਲਈ ਜੱਜਾਂ ਅਤੇ ਪ੍ਰਬੰਧਕਾਂ ਦਾ ਧੰਨਵਾਦ ਕਰਦਾ ਹਾਂ। ਮੇਰੇ ਮਾਪੇ ਭਾਵੇਂ ਇਸ ਧਰਤੀ ਦੇ ਜਾਏ ਨਹੀਂ ਪਰ ਉਨ੍ਹਾਂ ਨੇ ਹਮੇਸ਼ਾ ਮੇਰਾ ਸਮਰਥਨ ਕੀਤਾ ਭਾਵੇਂ ਮੇਰੇ ਕਰੀਅਰ ਦੇ ਫੈਸਲਿਆਂ ਨੇ ਉਨ੍ਹਾਂ ਨੂੰ ਕਿੰਨੀ ਵਾਰ ਜਾਂ ਕਿੰਨਾ ਵੀ ਡਰਾਇਆ ਕਿਉਂ ਨਾ ਹੋਵੇ ਪਰ ਉਹ ਹਮੇਸ਼ਾ ਮੇਰੇ ਨਾਲ ਖੜ੍ਹੇ ਰਹੇ।" ਬੋਲੀਨਾ ਅਤੇ ਬੈਨਸਨ ਨੂੰ 23 ਅਪ੍ਰੈਲ ਨੂੰ ਲਾਸ ਏਂਜਲਸ ਪਬਲਿਕ ਲਾਇਬ੍ਰੇਰੀ ਦੇ ਟੈਪਰ ਆਡੀਟੋਰੀਅਮ ਵਿਖੇ ਇਨ੍ਹਾਂ ਅਵਾਰਡਾਂ ਨਾਲ ਸਨਮਾਨਿਤ ਕੀਤਾ ਜਾਵੇਗਾ। ਇਸ ਤੋਂ ਬਾਅਦ ਦੋਨਾਂ ਕਵੀਆਂ ਨਾਲ ਰੀਡਿੰਗ ਅਤੇ ਸਵਾਲ ਅਤੇ ਜਵਾਬ ਸੈਸ਼ਨ ਵੀ ਹੋਵੇਗਾ। ਇਸ ਸਮਾਗਮ ਵਿਚ ਕੋਈ ਵੀ ਵਿਅਕਤੀ ਹਿੱਸਾ ਲੈ ਸਕਦਾ ਹੈ।

# ਕੀ ਕੈਨੇਡਾ ਵਿਚ ਫਿਰ ਬਣੇਗੀ ਲਿਬਰਲ ਸਰਕਾਰ?

**ਟੋਰਾਂਟੋ (ਬਲਜਿੰਦਰ ਸੇਖਾ):** ਕੈਨੇਡਾ ਵਿਚ ਆਏ ਕੁਝ ਨਵੇਂ ਚੋਣ ਸਰਵੇਖਣ ਦੱਸ ਰਹੇ ਹਨ ਕਿ ਤਿੰਨ ਵਾਰ ਦੀ ਜੇਤੂ ਲਿਬਰਲ ਪਾਰਟੀ ਮਾਰਕ ਕਾਰਨੀ ਦੀ ਅਗਵਾਈ ਹੇਠ ਅਗਲੀਆਂ ਫੈਡਰਲ ਚੋਣਾਂ ਵਿਚ ਮਜੌਰਟੀ ਸਰਕਾਰ ਬਣਾ ਲਵੇਗੀ, ਇਹ ਸਰਵੇਖਣ ਕਿੰਨੇ ਸਹੀ ਸਾਬਤ ਹੁੰਦੇ ਹਨ ਇਹ ਆਉਣ ਵਾਲਾ ਸਮਾਂ ਦੱਸੇਗਾ।

ਯਾਦ ਰਹੇ ਕਿ ਬੀਤੇ ਤਕਰੀਬਨ ਦੋ ਸਾਲ ਤੋਂ ਪੀ.ਸੀ. ਪਾਰਟੀ ਕੈਨੇਡਾ ਭਰ ਵਿਚ ਅੱਗੇ ਜਾ ਰਹੀ ਸੀ। ਉਸ ਸਮੇਂ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਲਿਬਰਲ ਪਾਰਟੀ ਦੀ ਅਗਵਾਈ ਕਰ ਰਹੇ ਸਨ। ਲਿਬਰਲ ਪਾਰਟੀ ਦਾ ਗਰਾਫ 16 ਤੱਕ ਆ ਗਿਆ ਸੀ, ਪਰ ਬੀਤੇ ਹਫਤੇ ਤੋਂ ਮਾਰਕ ਕਾਰਨੀ ਦੇ ਪਾਰਟੀ ਦੇ ਪ੍ਰਧਾਨ ਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਲਿਬਰਲ ਪਾਰਟੀ ਦਾ ਗਰਾਫ ਬਹੁਤ ਉੱਪਰ ਆ ਗਿਆ ਹੈ। ਮੀਡੀਆ ਨਾਲ ਗੱਲ ਕਰਦਿਆਂ ਕੁਝ ਕੈਨੇਡੀਅਨਾਂ ਨੇ ਦੱਸਿਆ ਕਿ ਕੰਜ਼ਰਵੇਟਿਵ ਪਾਰਟੀ ਦੇ ਆਗੂ ਪੀਅਰ ਪੋਲੀਵਰ ਨੂੰ ਇਹ ਚੋਣ ਜਿੱਤਣ ਲਈ ਨਵੇਂ ਮੁੱਦੇ ਵੋਟਰਾਂ ਲਈ ਲੈ ਕੇ ਆਉਣੇ ਪੈਣਗੇ ਕਿਉਂਕਿ ਉਨ੍ਹਾਂ ਵੱਲੋਂ ਪਹਿਲੇ ਚੁੱਕੇ ਜਾ ਰਹੇ ਕਾਰਬਨ ਟੈਕਸ ਆਦਿ ਦੇ ਮੁੱਦੇ ਲਿਬਰਲ ਪਾਰਟੀ ਨੇ ਖੋਹ ਲਏ ਹਨ। ਇਸ ਤੋਂ ਇਲਾਵਾ ਜਗਮੀਤ ਸਿੰਘ ਦੀ ਅਗਵਾਈ ਵਾਲੀ ਧਫ ਪਾਰਟੀ ਸਰਵੇਖਣਾਂ ਵਿਚ ਬਹੁਤ ਪੱਛੜ ਰਹੀ ਹੈ। ਵਰਣਨਯੋਗ ਹੈ ਕਿ ਪ੍ਰਧਾਨ ਮੰਤਰੀ ਮਾਰਕ ਕਾਰਨੀ ਅਗਲੇ ਹਫਤੇ ਸੰਸਦ ਖੁੱਲ੍ਹਣ ਸਾਰ ਕੈਨੇਡਾ ਵਿਚ ਜਲਦੀ ਚੋਣਾਂ ਦਾ ਐਲਾਨ ਕਰ ਸਕਦੇ ਹਨ। ਸੂਤਰਾਂ ਅਨੁਸਾਰ ਚੋਣਾਂ ਮਈ ਦੇ ਪਹਿਲੇ ਹਫ਼ਤੇ ਹੋ ਸਕਦੀਆਂ ਹਨ।


ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

Gurdip Singh Sandhu DHMS, BAMS
HOMEOPATHIC NATURAL MEDICINES
When Tired of all Treatments, For any Disease, At any Age, Try Alternative Treatment


Gurdip Singh Sandhu

Homeopathic Ayurvedic Consultant/Physician Since 1973
DHMS-Gold medalist, Ex-Prof, Principal, & CMO Medical Colleges/Hospitals in India

Ph: (408) 687-1899
(925) 557-9093
Email: Homeomdicine@yahoo.com
Website: www.Homeopathyatoz.com
7021 Village Parkway, Dublin, CA 94568
Practice under provision of Act S8_577 State of CA



ਕੁੱਕ ਅਤੇ ਕਿਚਨ ਹੈਲਪਰ ਦੀ ਫੌਰੀ ਲੋੜ ਹੈ


Mansfield (Ohio) ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਭਾਰਤੀ ਕੁੱਕ ਅਤੇ ਕਿਚਨ ਹੈਲਪਰ ਦੀ ਫੌਰੀ ਲੋੜ ਹੈ।
* ਕੰਮ ਦੇ ਤਜਰਬੇ ਦੇ ਆਧਾਰ 'ਤੇ ਚੰਗੀ ਤਨਖਾਹ ਦਿੱਤੀ ਜਾਵੇਗੀ। * ਰਿਹਾਇਸ਼ ਫਰੀ



ਚਾਹਵਾਨ ਸੰਪਰਕ ਕਰੋ:
ਕੇ.ਬੀ., ਫੋਨ: 419-709-2732



Homeopathicvibes
Harminder Singh Gill
Homeopathic Consultant and Practitioner



D.H.M.S; B.C.I.H
(Ex Homeopathic Medical officer Punjab Govt.)
Now we have two locations:
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
Ph: (408) 737-7100
www.homeopathicvibes.com
We sell and ship homeopathic remedies through out North America.



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
GLOBAL
ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Grand Opening
Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211


REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997




Personal Injury and Wrongful Death Attorneys

Case Results*

$10 MILLION Motorcycle vs. Truck Collision
$8 MILLION Wrongful Death
$5.25 MILLION Traumatic Brain Injury
$1.1 MILLION Burn Injury
$1.1 MILLION Pedestrian vs. Motor Vehicle Collision
*Past Performance Not a Guarantee of Future Results



WILLIAM E. WEISS
Of Counsel

Offices in San Francisco and Union City

No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com


## Matrimonials

### ਲੜਕੇ ਦੀ ਲੋੜ ਹੈ

US citizen Nai girl 27, 5'6" is looking for a suitable match. She has done DMD (Doctor of Dental medicine) and never married. She is working as a dentist. Entire family is in the USA. Seeking an educated and well settled boy in the USA. Preference to same caste Please contact at: 937-776-6474
11-14

Jat Sikh Grewal family looking for a compatible match for their Us born and raised 30, 5'8". homely sweet MD working daughter. Please contact us at: 414-737-8624 or E-mail: ranigrewal72@gmail. Com
10-13

Ramgarhia family seeks a suitable match for their 35 Years old daughter, 5'-5", MBA, Divorced, 8 years old daughter, US citizen. All family well settled in California, USA. For more information please contact: +1 (559) 803-8860 or Email: Onelifeusa17@gmail.co
8-11

### ਲੜਕੀ ਦੀ ਲੋੜ ਹੈ

Wanted US or Canada resident girl for 34 years, 5'6" Jatt Sikh, Dhillon, boy, BCA completed, resides in Punjab, raised by single mother, no siblings, hard working, respectful and positive outlook on life, open to single mothers/ divorcee. Have relatives settled in California. Direct party please contact: Asidhu2012@gmail.com
12-15

Looking for a suitable Jatt Sikh match in the USA/Canada for our well-settled boy (Canada PR), born in 1993, 5'10" tall, residing in Winipeg, Canada. Please contact: gsbagri2@gmail.com, +16046216056 (whatsapp).
11-14

**Seeking a suitable match** (American citizen or Permanent Resident) for a 1992-born in Punjab, Boy, 5'8'' Education: B.Tech, MBA, MS in Business Analytics. Currently working as a **Business Analyst** in Chicago, USA. Belongs to a well-educated family: father (Retd. Principal), mother (Retd. Lecturer), and one elder brother (married, Production Engineer in the US). Looking for an educated and professional match. Caste No bar. Please contact at +91-7589242016(Whatsapp) and +1-7204996020
9-12

Jatt Sikh SF Bay Area family seeking bride for their USA born Son 25, 5'10". Our Son wears a turban and keeps his hair. He has a BS and MS in Computer Science and is well settled in his profession. Beyond education, girl must have a joint family-oriented mindset with good moral family values. Please Contact ph: 510 861 6491 or email: pgrrealty@gmail.com


Singh Tax & Accounting Services LLC.
SINGH AUTO & HOME INSURANCE
Individual & Business Tax related Services

ਸੇਵਾਵਾਂ: *ਇਨਕਮ ਟੈਕਸ ਨਾਲ ਸਬੰਧਤ ਹਰੇਕ ਸੇਵਾ ਜਿਵੇਂ, ਟੈਕਸ ਫਾਈਲਿੰਗ, ਟੈਕਸ ਪਲਾਨਿੰਗ ਅਤੇ ਆਈਆਰਐਸ ਔਡਿਟ (ਨਿੱਜੀ ਅਤੇ ਬਿਜ਼ਨਸ) ਲਈ ਤੁਸੀਂ ਸਾਡੇ ਨਾਲ ਸੰਪਰਕ ਕਰ ਸਕਦੇ ਹੋ।
* ਅਸੀਂ ਅਮਰੀਕਾ ਭਰ ਵਿਚ ਘਰਾਂ ਅਤੇ ਕਾਰਾਂ ਦੀ ਨਿੱਜੀ ਅਤੇ ਕਮਰਸ਼ੀਅਲ ਇੰਸ਼ੋਰੈਂਸ ਵੀ ਕਰਦੇ ਹਾਂ।



Ph: 248-982-2036

Office Locations
Michigan: 36167 Ford Rd.Westland, MI 48185
Minnesota: 6043 Hudson Rd, Suite#399A Woodbury, Minnesota 55125

Mohan Singh MST
IRS Enrolled agent, Insurance Agent- Casualty & Property
Notary Public

Email: STS2021@SinghTaxServices.com;
www.SinghTaxServices.com










Balbir (Bill) Grewal
MORTGAGE LOAN OFFICER
NMLS# 353442

Corporate NMLS# 68434
AZ License# BK-0945946

Sistar Mortgage
A Nationwide Lender

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org



ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
847-359-0746
To Advertise in Punjab Times:
Please Contact: 847-359-0746

# ਪੰਥਕ ਪ੍ਰੰਪਰਾਵਾਂ ਦਾ ਘਾਣ ਹੁੰਦਾ ਦੇਖ ਕੇ ਹਰ ਸਿੱਖ ਚਿੰਤਤ: ਗਿਆਨੀ ਹਰਪ੍ਰੀਤ ਸਿੰਘ





**ਨਕੋਦਰ:** ਗੁਰਦੁਆਰਾ ਸਿੰਘ ਸਭਾ ਵਿਖੇ ਗੁਰਪ੍ਰਤਾਪ ਸਿੰਘ ਵਡਾਲਾ ਦੀ ਅਗਵਾਈ ਵਿੱਚ ਉਹਨਾਂ ਦੀ ਸਮੂਚੀ ਟੀਮ ਵੱਲੋਂ ਇੱਕ ਸਮਾਗਮ ਰੱਖਿਆ ਗਿਆ ਤੇ ਇਹ ਸਮਾਗਮ ਖਾਸ ਕਰਕੇ ਗਿਆਨੀ ਹਰਪ੍ਰੀਤ ਸਿੰਘ ਜੀ ਸਾਬਕਾ ਜਥੇਦਾਰ ਅਕਾਲ ਤਖਤ ਸਾਹਿਬ ਜੀ ਦੇ ਸਨਾਮਾਨ ਤੇ ਉਹਨਾਂ ਦਿ ਵਿਚਾਰ ਸੁਣਨ ਲਈ ਉਲੀਕਿਆ ਗਿਆ।ਇਸ ਸਮਾਗਮ ਵਿੱਚ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਜੀ,ਸਾਬਕਾ ਐੱਸ ਜੀ ਪੀ ਸੀ ਪ੍ਰਧਾਨ ਬੀਬੀ ਜਗੀਰ ਕੌਰ,ਸਾਬਕਾ ਮੰਤਰੀ ਪ੍ਰੇਮ ਸਿੰਘ ਚੰਦੂ ਮਾਜਰਾ,ਸਰਵਣ ਸਿੰਘ ਫਿਲੌਰ,ਪਾਲ ਸਿੰਘ ਫਰਾਂਸ ਤੇ ਹੋਰ ਸ਼ਖਸੀਅਤਾ ਵਿਸ਼ੇਸ਼ ਤੌਰ ਤੇ ਪਹੁੰਚੀਆਂ।

ਗਿਆਨੀ ਹਰਪ੍ਰੀਤ ਸਿੰਘ ਜੀ ਨੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਹਰ ਸਿੱਖ ਜੋ ਸ੍ਰੀ ਅਨੰਦਪੁਰ ਸਹਿਬ ਵਿਖੇ ਪ੍ਰੰਪਰਾ ਦਾ ਘਾਣ ਹੋਇਆ ਉਸ ਨੂੰ ਦੇਖ ਕੇ ਚਿੰਤਤ ਹੈ।ਉਹਨਾਂ ਕਿਹਾ ਕਿ ਸਾਡਾ ਕਿਸੇ ਵਿਅਕਤੀ ਨਾਲ ਕੋਈ ਵਿਰੋਧ ਨਹੀਂ ਸਿੱਖ ਦਾ ਸਿੱਖ ਨਾਲ ਕਾਹਦਾ ਵਿਰੋਧ ਪਰ ਵਿਰੋਧ ਉਸ ਤਰੀਕੇ ਨਾਲ ਹੈ ਜਿਸ ਨਾਲ ਪਰੰਪਰਾ ਦੀਆਂ ਧੱਜੀਆਂ ਉੱਡੀਆਂ। ਉਹਨਾਂ ਨੇ ਕਿਹਾ ਕਿ ਸ਼ਰੋਮਣੀ ਕਮੇਟੀ ਸਿੱਖਾਂ ਦੀ ਸਿਰਮੌਰ ਸੰਸਥਾ ਹੈ ਤੇ ਬਾਕੀ ਸਿੱਖ ਜਥੇਬੰਦੀਆਂ ਤੇ ਸਿੱਖ ਸਭਾਵਾਂ ਸ਼ਰੋਮਣੀ ਕਮੇਟੀ ਦੀਆਂ ਬਾਂਹਾਂ ਹਨ ਤੇ ਬਾਂਹਾਂ ਬਿਨਾਂ ਕਿਵੇਂ ਅੱਗੇ ਵਧਿਆ ਜਾ ਸਕਦਾ। ਸੋਨਾ ਪੁਰੇਵਾਲ ਦੀ ਰਿਪੋਰਟ ਅਨੁਸਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਪਹਿਲੇ ਸਮੇਂ ਵਿੱਚ ਅਕਾਲ ਤਖਤ ਸਾਹਿਬ ਜੀ ਦੇ ਜਥੇਦਾਰ ਦੀ ਤਾਜ਼ਪੋਸ਼ੀ ਹੁੰਦੀ ਸੀ ਤੇ ਪਹਿਲਾਂ ਬਾਕੀ ਸਿੱਖ ਸਭਾਵਾਂ ਨੂੰ ਚਿੱਠੀਆਂ ਲਿੱਖੀਆਂ ਜਾਂਦੀਆਂ ਸਨ, ਸੁਝਾਅ ਲਈ ਜਾਂਦੇ ਸਨ, ਤੇ ਪਿਛਲੇ ਤੀਹ ਸਾਲਾਂ ਤੋਂ ਜਥੇਦਾਰ ਥਾਪ ਕੇ ਉਹਨਾਂ ਦੀ ਤਾਜ਼ਪੋਸ਼ੀ ਵੇਲੇ ਹੀ ਬਾਕੀ ਸਿੱਖ ਜਾਥੇਬੰਦੀਆਂ ਨੂੰ ਸੱਦਿਆ ਜਾਣ ਲੱਗਾ।ਉਹਨਾਂ ਕਿਹਾ ਕਿ ਹੁਣ ਤਾਂ ਸ੍ਰੀ ਅਨੰਦਪੁਰ ਸਹਿਬ ਵਿਖੇ ਰਾਤ ਦੇ ਹਨੇਰੇ ਵਿੱਚ ਜਥੇਦਾਰ ਦੀ ਤਾਜ਼ਪੋਸ਼ੀ ਜਿਸ ਤਰਾਂ ਕੀਤੀ ਗਈ ਮਰਯਾਦਾ ਤੇ ਸਿੱਖੀ ਸਿਧਾਤਾਂ ਦਾ ਘਾਣ ਹੀ ਕਰ ਦਿੱਤਾ ਗਿਆ।ਉਹਨਾਂ ਕਿਹਾ ਕਿ ਜੋ ਕੁੱਝ ਵੀ ਮੌਜੂਦਾ ਸਮੇਂ ਵਾਪਰ ਰਿਹਾ ਹੈ, ਇਸਦਾ ਕਾਰਨ ਸਾਰਿਆਂ ਨੂੰ ਵੈਸੇ ਤਾਂ ਪਤਾ ਹੀ ਹੈ ਕਿ ਦੋ ਤਰੀਕ ਦੇ ਹੁਕਮਨਾਮਾ ਵਿੱਚੋਂ ਕੁੱਝ ਇਹਨਾਂ ਨੂੰ ਮਨਜੂਰ ਨਹੀ ਸੀ ਇਸੇ ਕਰਕੇ ਉਹਨਾਂ ਨੇ ਮੈਨੂੰ ਤੇ ਬਾਕੀ ਸਿੰਘ ਸਾਹਿਬਾਨਾਂ ਨੂੰ ਆਹੁਦੇ ਤੋਂ ਹਟਾਇਆ ।ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਦੋ ਦਸੰਬਰ ਤੋਂ ਪਹਿਲਾਂ ਮੈ ਹਰ ਪਾਸਿਓਂ ਚੰਗਾ ਸੀ ਤੇ ਜਦੋਂ ਇਹਨਾਂ ਦੀ ਸਿਧਾਤਾਂ ਦਾ ਘਾਣ ਕਰਨ ਵਾਲੀ ਗੱਲ ਨਹੀਂ ਮੰਨੀ ਤਾਂ ਇਹਨਾਂ ਨੇ ਕਿਰਦਾਰ ਕੁਸ਼ੀ ਕਰਕੇ ਮੈਨੂੰ ਬਦਾਨਾਮ ਕਰਨ ਦੀ ਕੋਸ਼ਿਸ਼ ਕੀਤੀ। ਹਰਪ੍ਰੀਤ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਕੰਮ ਗੋਲਕਾਂ ਗਿਣਨਾ ਤੇ ਬਿਜਲੀ ਦੇ ਬਿੱਲ ਭਰਨਾ ਹੀ ਨਹੀਂ, ਸਿੱਖੀ ਸਿਧਾਤਾਂ ਤੇ ਮਰਿਆਦਾ ਦੀ ਰਾਖੀ ਕਰਨਾ ਸ਼੍ਰੋਮਣੀ ਕਮੇਟੀ ਦੀ ਜ਼ੁੰਮੇਵਾਰੀ ਹੈ। ਬੀਬੀ ਜਗੀਰ ਕੌਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਜਦੋਂ ਉਹ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਸੀ ਤੇ ਉਸ ਨੂੰ ਵੀ ਬਹੁਤ ਔਕੜਾਂ ਦਾ ਸਾਹਮਣਾ ਕਰਨਾ ਪਿਆ।ਜਗੀਰ ਕੌਰ ਨੇ ਕਿਹਾ ਕਿ ਉਹਨਾਂ ਨੇ ਸ਼੍ਰੋਮਣੀ ਕਮੇਟੀ ਦੇ ਸਿਧਾਤਾਂ ਦੀ ਰਾਖੀ ਕੀਤੀ ।ਉਹਨਾਂ ਕਿਹਾ ਮੈ ਕਦੇ ਬਾਦਲਾਂ ਦੇ ਮੋਹਰੇ ਗੋਡੇ ਨਹੀਂ ਟੇਕੇ ।ਉਹਨਾਂ ਕਿਹਾ ਜਦੋਂ ਹਰਸਿਮਰਤ ਕੌਰ ਬਾਦਲ ਨੇ ਮੂਲ-ਮੰਤਰ ਮਰਿਆਦਾ ਦੇ ਉਲਟ ਗੱਲ ਕੀਤੀ ਸੀ ਤੇ ਉਸ ਨੂੰ ਵੀ ਬਾਹੋਂ ਫੜ ਕੇ ਬਾਹਰ ਦਾ ਰਸਤਾ ਦਿਖਾਇਆ ਸੀ।ਉਹਨਾਂ ਨੇ ਸੰਗਤਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਸਾਰੇ ਗਿਆਨੀ ਹਰਪ੍ਰੀਤ ਸਿੰਘ ਜੀ ਦੀ ਅਗਵਾਈ ਵਿੱਚ ਅੱਗੇ ਤੁਰੀਏ ਤੇ ਘਰ ਘਰ ਪ੍ਰਚਾਰ ਕਰੀਏ ਤੇ ਸ਼੍ਰੋਮਣੀ ਕਮੇਟੀ ਦੇ ਸਿਧਾਂਤ ਤੇ ਮਰਿਆਦਾ (ਪਰੰਪਰਾ)ਨੂੰ ਬਚਾਈਏ ।

ਪ੍ਰੇਮ ਸਿੰਘ ਚੰਦੂ ਮਾਜਰਾ ਨੇ ਕਿਹਾ ਕਿ ਪੰਜਾਬ ਵਿੱਚ ਜਿਹੜੀਆਂ ਤਾਕਤਾਂ ਪੰਥ ਨੂੰ ਢਾਹ ਲਾਉਣ ਦੀ ਕੋਸ਼ਿਸ਼ ਕਰ ਰਹੀਆਂ ਸਨ ਉਹਨਾਂ ਦਾ ਟਾਕਰਾ ਕਰਨ ਲਈ ਪੰਥ ਨੂੰ ਇੱਕ ਜੁੱਟ ਕਰਨ ਸੰਬੰਧੀ ਜੋ ਮੁਹਿੰਮ ਦੋ ਦਸੰਬਰ ਨੂੰ ਅਕਾਲ ਤਖਤ ਸਹਿਬ ਤੋਂ ਸ਼ੁਰੂ ਕੀਤੀ ਗਈ ਸੀ ਉਸ ਵਿੱਚ ਰੁਕਾਵਟਾਂ ਪੈਦਾ ਕੀਤੀਆਂ ਗਈਆਂ ਤੇ ਬਾਦਲ ਦੇ ਇੱਕ ਧੜੇ ਨੇ ਜਿਹਨਾਂ ਸਿੰਘ ਸਾਹਿਬਾਨਾਂ ਨੇ 2 ਤਰੀਕ ਨੂੰ ਫੈਸਲਾ ਸੁਣਾਇਆ ਸੀ ,ਉਹਨਾਂ ਦੀ ਕਿਰਦਾਰ ਕੁਸ਼ ਕਰਕੇ ਗਿਆਨੀ ਹਰਪ੍ਰੀਤ ਸਿੰਘ ਜੀ ਨੂੰ ਅਹੁਦੇ ਤੋਂ ਹਟਾਇਆ ਦੋ ਤਰੀਕ ਤੋਂ ਪਹਿਲਾਂ ਸਿੰਘ ਸਹਿਬ ਹਰ ਤਰਾਂ ਚੰਗੇ ਸੀ ਤੇ ਜਦੋਂ ਉਹ ਅਪਣੇ ਫੈਸਲੇ ਤੇ ਅਟੱਲ ਰਹੇ ਤਾਂ ਮਾੜੇ ਹੋ ਗਏ। ਉਹਨਾਂ ਕਿਹਾ ਕਿ ਜਥੇਦਾਰ ਦੀ ਦਸਤਾਰਬੰਦੀ ਅੱਜ ਤੱਕ ਕਦੇ ਵੀ ਗ੍ਰੰਥ ਤੇ ਪੰਥ ਦੀ ਗੈਰ ਹਾਜ਼ਰੀ ਵਿੱਚ ਨਹੀਂ ਹੋਈ। ਇਹ ਪਹਿਲੀ ਵਾਰ ਹੋਇਆ ਕਿ ਜਦੋਂ ਰਾਤ ਦੇ ਹਨੇਰੇ ਵਿੱਚ ਤਖਤ ਦੇ ਜਥੇਦਾਰ ਦੀ ਦਸਤਾਰਬੰਦੀ ਹੋਈ ਉਸ ਸਮੇਂ ਨਾ ਪੰਥ ਸੀ ਨਾ ਗ੍ਰੰਥ ਸੀ । ਪਾਲ ਸਿੰਘ ਫਰਾਂਸ ਨੇ ਗਰਜਵੀਂ ਅਵਾਜ਼ ਵਿੱਚ ਕਿਹਾ ਕਿ ਅਕਾਲੀ ਦਲ ਕੋਈ ਕੱਲੇ ਬਾਦਲਾਂ ਦੀ ਜਗੀਰ ਨਹੀਂ।ਉਹਨਾਂ ਕਿਹਾ ਕਿ ਇੱਕ ਇਸ ਤਰਾਂ ਦੀ ਲਹਿਰ ਚਲਾਈਏ, ਜਿਸ ਨਾਲ ਹਰ ਇਲਾਕੇ ਵਿੱਚ ਗੁਰੂ ਗ੍ਰੰਥ ਸਹਿਬ ਨੂੰ ਮੰਨਣ ਵਾਲੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਸਰਬ-ਸੰਮਤੀ ਨਾਲ ਚੁਣੇ ਜਾਣ ਫਿਰ ਸਾਰੇ ਮਸਲੇ ਆਪੇ ਹੱਲ ਹੋ ਜਾਣਗੇ।

ਗੁਰਪ੍ਰਤਾਪ ਸਿੰਘ ਵਡਾਲਾ ਨੇ ਇਸ ਮੌਕੇ ਆਈਆਂ ਸ਼ਖਸ਼ੀਅਤਾਂ ਤੇ ਹੋਰ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਆਓ ਸਾਰੇ ਰਲ ਕੇ ਇੱਕਜੁੱਟ ਹੋ ਕੇ ਅਵਾਜ਼ ਬੁਲੰਦ ਕਰੀਏ ਪੰਥ ਦੀ ਪਰੰਪਰਾਵਾਂ ਨੂੰ ਬਚਾਈਏ।ਇਸ ਮੌਕੇ ਸਰਵਣ ਸਿੰਘ ਫਿਲੋਰ ਤੇ ਹੋਰ ਆਗੂਆਂ ਨੇ ਵੀ ਸੰਬੋਧਨ ਕੀਤਾ। ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਜਥੇਦਾਰ ਹਰਪ੍ਰੀਤ ਸਿੰਘ ਜੀ, ਬੀਬੀ ਜਗੀਰ ਕੌਰ, ਪ੍ਰੋਫੈਸਰ ਪ੍ਰੇਮ ਸਿੰਘ ਚੰਦੂ ਮਾਜਰਾ,ਪਾਲ ਸਿੰਘ ਫਰਾਂਸ ,ਬਲਵਿੰਦਰ ਸਿੰਘ ਸਰਪੰਚ ਆਲੇਵਾਲੀ,ਐਡਵੋਕੇਟ ਅਵਤਾਰ ਸਿੰਘ ਕਲੇਰ, ਜਥੇਦਾਰ ਲਸ਼ਕਰ ਸਿੰਘ, ਦਲਵਿੰਦਰ ਸਿੰਘ ਗੋਹੀਰ, ਗੁਰਨਾਮ ਸਿੰਘ ਕੰਦੋਲਾ, ਅਮਰਜੀਤ ਸਿੰਘ ਸ਼ੇਰਪੁਰ, ਸਰਵਣ ਸਿੰਘ ਫਿਲੋਰ ,ਰਮੇਸ਼ ਸੋਧੀ ਐਮ.ਸੀ, ਜੁਗਿੰਦਰ ਸਿੰਘ ਗਿੱਲ, ਕਸ਼ਮੀਰ ਸਿੰਘ ਪੱਨੂੰ ,ਨੰਬਰਦਾਰ ਹਰਕਮਲ ਸਿੰਘ ਸੰਧੂ, ਜਥੇਦਾਰ ਤਰਸੇਮ ਸਿੰਘ ਲਿੱਤਰਾਂ ,ਇੰਦਰਪਾਲ ਸਿੰਘ ਸੰਧੂ, , ਅਮਰਪ੍ਰੀਤ ਸਿੰਘ ਖੁਰਾਣਾ,ਸਰਵਣ ਸਿੰਘ ਹੇਅਰ, ਨੰਬਰਦਾਰ ਕਸ਼ਮੀਰ ਸਿੰਘ,ਹਰਿਮੰਦਰ ਸਿੰਘ ਚਾਵਲਾ ,ਗੁਰਵਿੰਦਰ ਸਿੰਘ ਭਾਟੀਆ,ਸਨਦੀਪ ਸਿੰਘ ਸ਼ੰਕਰ ਤੇ ਹੋਰ ਲੋਕ ਹਾਜ਼ਰ ਸਨ।

> *'ਸ਼੍ਰੋਮਣੀ ਕਮੇਟੀ ਦਾ ਕੰਮ ਗੋਲਕਾਂ ਗਿਣਨਾ ਤੇ ਬਿਜਲੀ ਦੇ ਬਿੱਲ ਭਰਨਾ ਹੀ ਨਹੀਂ, ਸਿੱਖੀ ਸਿਧਾਂਤਾਂ ਤੇ ਮਰਿਆਦਾ ਦੀ ਰਾਖੀ ਕਰਨਾ ਵੀ ਹੈ'*

## ਅੰਮ੍ਰਿਤਪਾਲ ਸਿੰਘ ਦੇ ਸਾਥੀ ਪੰਜਾਬ ਦੀਆਂ ਜੇਲ੍ਹਾਂ 'ਚ ਭੇਜੇ ਜਾਣਗੇ

**ਚੰਡੀਗੜ੍ਹ:** ਖਡੂਰ ਸਾਹਿਬ ਤੋਂ ਐਮਪੀ ਅੰਮ੍ਰਿਤਪਾਲ ਸਿੰਘ ਦੇ ਸੱਤ ਸਾਥੀਆਂ ਨੂੰ ਛੇਤੀ ਪੰਜਾਬ ਲਿਆਂਦਾ। ਜਾ ਰਿਹਾ ਹੈ। ਸੂਬਾ ਸਰਕਾਰ ਨੇ ਇਨ੍ਹਾਂ ਸਾਰਿਆਂ 'ਤੇ ਰਾਸ਼ਟਰੀ ਸੁਰੱਖਿਆ ਕਾਨੂੰਨ (ਐੱਨਐੱਸਏ) ਜਾਰੀ ਰੱਖਣ ਤੋਂ ਇਨਕਾਰ ਕਰ ਦਿੱਤਾ ਹੈ। ਹਾਲਾਂਕਿ ਅੰਮ੍ਰਿਤਪਾਲ ਤੇ ਉਸ ਦਾ ਸਾਥੀ ਪੱਪਲਪ੍ਰੀਤ ਸਿੰਘ ਹਾਲੇ। ਡਿਬਰੂਗੜ੍ਹ ਜੇਲ੍ਹ ਵਿਚ ਹੀ ਰਹੇਗਾ ਕਿਉਂਕਿ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਐੱਨਐੱਸਏ ਨੂੰ ਲੈ ਕੇ ਸੁਣਵਾਈ ਚੱਲ ਰਹੀ ਹੈ। ਮਾਮਲੇ ਵਿਚ ਅਗਲੀ ਸੁਣਵਾਈ 22 ਮਾਰਚ ਨੂੰ ਹੋਣੀ ਹੈ।ਅੰਮ੍ਰਿਤਪਾਲ ਦੇ ਸੱਤ ਸਾਥੀਆਂ ਨੂੰ ਪੰਜਾਬ ਲਿਆਉਣ ਲਈ ਟੀਮਾਂ ਗਈਆਂ ਹਨ। ਇਨ੍ਹਾਂ ਸਾਰਿਆਂ ਨੂੰ ਪੰਜਾਬ ਦੇ ਥਾਣਿਆਂ ਵਿਚ ਲਿਆਂਦਾ ਜਾਵੇਗਾ, ਜਿਸ ਤੋਂ ਬਾਅਦ ਜੋ ਵੀ ਨਿਆਇਕ ਪ੍ਰਕਿਰਿਆ ਹੋਵੇਗੀ, ਉਸ ਤਹਿਤ ਅੱਗੋਂ ਦੀ ਕਾਰਵਾਈ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਅੰਮ੍ਰਿਤਪਾਲ ਦੀ ਗ੍ਰਿਫ਼ਤਾਰੀ ਤੋਂ ਪਹਿਲਾਂ ਉਸ ਦੇ ਅੱਠ ਸਾਥੀਆਂ ਨੂੰ ਗ੍ਰਿਫ਼ਤਾਰ ਕਰ ਕੇ ਡਿਬਰੂਗੜ੍ਹ ਜੇਲ੍ਹ ਭੇਜਿਆ ਗਿਆ ਸੀ, ਜਿਨ੍ਹਾਂ ਵਿਚ ਪਪਲਪ੍ਰੀਤ ਸਿੰਘ, ਭਗਵੰਤ ਸਿੰਘ ਉਰਫ਼ ਪ੍ਰਧਾਨਮੰਤਰੀ ਬਾਜੇਕੇ, ਦਲਜੀਤ ਸਿੰਘ ਕਲਸੀ, ਬਸੰਤ ਸਿੰਘ, ਗੁਰਮੀਤ ਸਿੰਘ, ਜੀਤ ਸਿੰਘ, ਹਰਜੀਤ ਸਿੰਘ, ਵਿਕਰਮਜੀਤ ਸਿੰਘ ਸ਼ਾਮਲ ਸਨ। ਇਸ ਮਾਮਲੇ 'ਚ ਜਦੋਂ ਅੰਮ੍ਰਿਤਪਾਲ ਸਿੰਘ ਦੇ ਵਕੀਲ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਇਸ ਗੱਲ ਦੀ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਹੈ।



## ਕਿਸਾਨ 26 ਮਾਰਚ ਨੂੰ ਵਿਧਾਨ ਸਭਾ ਵੱਲ ਕਰਨਗੇ ਮਾਰਚ

### ਮੁੱਖ ਮੰਤਰੀ ਉਤੇ ਲੋਕਾਂ ਨੂੰ ਗੁਮਰਾਹ ਕਰਨ ਦਾ ਦੋਸ਼

**ਚੰਡੀਗੜ੍ਹ:** ਸੰਯੁਕਤ ਕਿਸਾਨ ਮੋਰਚਾ (ਐੱਸ.ਕੇ.ਐੱਮ.) ਦੀ ਮੀਟਿੰਗ ਐਤਵਾਰ ਨੂੰ ਕਿਸਾਨ ਭਵਨ ਸੈਕਟਰ 35 ਵਿਚ ਹੋਈ। ਐੱਸ.ਕੇ.ਐੱਮ. ਨੇ ਆਪਣੀ ਅਗਲੀ ਰਣਨੀਤੀ ਦਾ ਐਲਾਨ ਕੀਤਾ। ਮੀਟਿੰਗ ਦੀ ਪ੍ਰਧਾਨਗੀ ਡਾ. ਦਰਸ਼ਨ ਪਾਲ, ਜੰਗਵੀਰ ਸਿੰਘ ਚੌਹਾਨ ਅਤੇ ਬਿੰਦਰ ਸਿੰਘ ਗੋਲੇਵਾਲਾ ਨੇ ਕੀਤੀ।

ਐੱਸ.ਕੇ.ਐੱਮ. ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਖੁੱਲ੍ਹੀ ਬਹਿਸ ਲਈ ਚੁਣੌਤੀ ਦਿੱਤੀ ਸੀ ਅਤੇ ਕਿਹਾ ਸੀ ਕਿ ਕਿਸਾਨ ਜਿਹੜੀਆਂ ਮੰਗਾਂ ਚੁੱਕ ਰਹੇ ਹਨ ਉਹ ਪੰਜਾਬ ਨਾਲ ਜੁੜੀਆਂ ਹੋਈਆਂ ਹਨ। ਐੱਸਕੇਐੱਮ ਦੀ ਮੀਟਿੰਗ ਵਿਚ ਮੁੱਖ ਮੰਤਰੀ ਅਤੇ ਕੈਬਨਿਟ ਮੰਤਰੀਆਂ ਲਈ ਤਿੰਨ ਕੁਰਸੀਆਂ ਖਾਲੀ ਰੱਖੀਆਂ ਗਈਆਂ ਸਨ ਪਰ ਦੁਪਹਿਰ ਤਿੰਨ ਵਜੇ ਤੱਕ ਇੰਤਜ਼ਾਰ ਕਰਨ ਦੇ ਬਾਵਜੂਦ ਜਦੋਂ ਮੁੱਖ ਮੰਤਰੀ ਜਾਂ ਕੋਈ ਹੋਰ ਅਧਿਕਾਰੀ ਮੀਟਿੰਗ ਵਿਚ ਨਹੀਂ ਪੁੱਜਾ ਤਾਂ ਸੰਯੁਕਤ ਕਿਸਾਨ ਮੋਰਚੇ ਨੇ ਐਲਾਨ ਕੀਤਾ ਕਿ ਪੰਜਾਬ ਦੇ ਲੋਕਾਂ ਨੂੰ ਗੁਮਰਾਹ ਕਰਨ ਲਈ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਬੋਲੇ ਗਏ ਝੂਠ ਦਾ ਪਰਦਾਫਾਸ਼ ਹੋ ਗਿਆ ਹੈ। '

ਐੱਸਕੇਐੱਮ ਨੇ ਐਲਾਨ ਕੀਤਾ ਕਿ 26 ਮਾਰਚ ਨੂੰ ਵਿਧਾਨ ਸਭਾ ਸੈਸ਼ਨ ਦੌਰਾਨ ਸੂਬੇ ਦੇ ਕਿਸਾਨ ਤੇ ਮਜ਼ਦੂਰ ਚੰਡੀਗੜ੍ਹ ਦੇ ਸੈਕਟਰ-34 ਸਥਿਤ ਮੈਦਾਨ ਵਿਚ ਇਕੱਠੇ ਹੋਣਗੇ ਅਤੇ ਉੱਥੋਂ ਆਪਣਾ ਵਿਰੋਧ ਪ੍ਰਗਟਾਉਣ ਲਈ ਵਿਧਾਨ ਸਭਾ ਵੱਲ ਮਾਰਚ ਕਰਨਗੇ। ਜ਼ਿਕਰਯੋਗ ਹੈ ਕਿ ਇਸੇ ਦਿਨ ਪੰਜਾਬ ਸਰਕਾਰ ਆਪਣਾ ਬਜਟ ਪੇਸ਼ ਕਰੇਗੀ। ਐੱਸਕੇਐੱਮ 4 ਮਈ ਨੂੰ ਜਲੰਧਰ ਦੇ ਦੇਸ਼ ਭਗਤ ਯਾਦਗਾਰ ਹਾਲ ਵਿਚ ਇਕ ਸੈਮੀਨਾਰ ਕਰਵਾਏਗੀ ਤਾਂ ਕਿ ਪੰਜਾਬ ਦੇ ਮਜ਼ਦੂਰਾਂ, ਮੁਲਾਜ਼ਮਾਂ, ਉਦਯੋਗਪਤੀਆਂ, ਵਪਾਰੀਆਂ, ਦਲਾਲਾਂ, ਟਰੱਕ ਤੇ ਟੈਕਸੀ. ਆਪ੍ਰੇਟਰਾਂ ਤੇ ਪੱਤਰਕਾਰਾਂ ਦੀਆਂ ਜਥੇਬੰਦੀਆਂ ਨਾਲ ਸੰਵਾਦ ਸਥਾਪਤ ਕੀਤਾ ਜਾ ਸਕੇ। ਇਸ ਦਾ ਮਕਸਦ ਕਿਸਾਨਾਂ ਦੇ ਸੰਘਰਸ਼ ਨੂੰ ਬਦਨਾਮ ਕਰਨ ਲਈ ਕੇਂਦਰ ਤੇ ਪੰਜਾਬ ਸਰਕਾਰਾਂ ਦੀ ਸਾਜ਼ਿਸ਼ ਤੋਂ ਪਰਦਾ ਚੁੱਕਣਾ ਹੈ। ਮਈ ਵਿਚ ਹੀ ਬਰਨਾਲਾ, ਜਲੰਧਰ ਤੇ ਅੰਮ੍ਰਿਤਸਰ ਵਿਚ ਵੱਡੇ ਪੱਧਰ 'ਤੇ ਕਿਸਾਨ ਮਹਾਂਪੰਚਾਇਤ ਕੀਤੀ ਜਾਵੇਗੀ। 23 ਮਾਰਚ ਨੂੰ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਵਸ ਨੂੰ ਸਮਰਾਜਵਾਦ ਵਿਰੋਧੀ ਦਿਵਸ ਦੇ ਰੂਪ ਵਿਚ ਮਨਾਇਆ ਜਾਵੇਗਾ।

ਮੀਟਿੰਗ ਵਿਚ ਜੋਗਿੰਦਰ ਸਿੰਘ ਉਗਰਾਹਾਂ, ਬਲਬੀਰ ਸਿੰਘ ਰਾਜੇਵਾਲ, ਬੂਟਾ ਸਿੰਘ ਬੁਰਜਗਿੱਲ, ਰਮਿੰਦਰ ਸਿੰਘ ਪਟਿਆਲਾ, ਹਰਿੰਦਰ ਸਿੰਘ ਲੱਖੋਵਾਲ, ਹਰਮੀਤ ਸਿੰਘ ਕਾਦੀਆਂ, ਸਤਨਾਮ ਸਿੰਘ ਅਜਨਾਲਾ, ਰੁਲਦੂ ਸਿੰਘ ਮਾਨਸਾ, ਪ੍ਰੇਮ ਸਿੰਘ ਭੰਗੂ ਆਦਿ ਹਾਜ਼ਰ ਸਨ।



# ਟਰੰਪ ਵੱਲੋਂ 'ਵਾਈਸ ਆਫ਼ ਅਮਰੀਕਾ' ਨੂੰ ਬੰਦ ਕਰਨ ਦਾ ਹੁਕਮ




**ਵਾਸ਼ਿੰਗਟਨ:** ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਰਕਾਰ ਵੱਲੋਂ ਵਿੱਤੀ ਸਹਾਇਤਾ ਪ੍ਰਾਪਤ ਖ਼ਬਰ ਏਜੰਸੀ ਵਾਈਸ ਆਫ ਅਮਰੀਕਾ (ਵੀਓਏ) ਨੂੰ ਬੰਦ ਕਰਨ ਦਾ ਹੁਕਮ ਦਿੱਤਾ ਹੈ। ਉਨ੍ਹਾਂ ਨੇ ਇਸ 'ਤੇ ਪੱਖਪਾਤੀ ਮੀਡੀਆ ਰਿਪੋਰਟ ਨੂੰ ਉਤਸ਼ਾਹਿਤ ਕਰਨ ਦਾ ਦੋਸ਼ ਲਗਾਇਆ ਹੈ। ਵਾਹੀਟ ਹਾਊਸ ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਵਾਈਸ ਆਫ ਅਮਰੀਕਾ ਕਈ ਸਾਲਾਂ ਤੋਂ ਅਮਰੀਕਾ ਨਾਲ ਤਾਲਮੇਲ ਬਿਠਾਉਣ 'ਚ ਅਸਫ਼ਲ ਰਿਹਾ ਹੈ। ਇਹ ਕੱਟੜਪੰਥੀ ਅਮਰੀਕਾ ਦੀ ਆਵਾਜ਼ ਦੇ ਰੂਪ 'ਚ ਕੰਮ ਕਰਦਾ ਹੈ ਅਤੇ ਕਈ ਸਾਲਾਂ ਤੋਂ ਫੁੱਟ ਪਾਉਣ ਵਾਲਾ ਪ੍ਰਚਾਰ ਕਰ ਰਿਹਾ ਹੈ।

ਟਰੰਪ ਨੇ ਸ਼ੁੱਕਰਵਾਰ ਨੂੰ ਸੱਤ ਸਰਕਾਰੀ ਦਫ਼ਤਰਾਂ ਨੂੰ ਬੰਦ ਕਰਨ ਲਈ ਇਕ ਕਾਰਜਕਾਰੀ ਹੁਕਮ 'ਤੇ ਦਸਤਖ਼ਤ ਕੀਤੇ, ਜਿਨ੍ਹਾਂ 'ਚ ਵਾਈਸ ਆਫ ਅਮਰੀਕਾ ਅਤੇ ਰੇਡੀਓ ਫ੍ਰੀ ਯੂਰਪ/ਰੇਡੀਓ ਲਿਬਰਟੀ ਦੀ ਮੂਲ ਕੰਪਨੀ ਯੂਨਾਈਟਡ ਸਟੇਟਸ ਏਜੰਸੀ ਫਾਰ ਗਲੋਬਲ ਮੀਡੀਆ ਵੀ ਸ਼ਾਮਲ ਹੈ। ਇਸ 'ਚ ਕਿਹਾ ਗਿਆ ਹੈ ਕਿ ਇਹ ਏਜੰਸੀ ਅਮਰੀਕਾ ਦੇ ਟੈਕਸ ਦੇਣ ਵਾਲੇ ਲੋਕਾਂ ਉਪਰ ਵੱਡਾ ਬੋਝ ਹੈ। ਇਹ ਦੇਸ਼ ਲਈ ਰਾਸ਼ਟਰੀ ਸੁਰੱਖਿਆ ਜੋਖਮ ਹੈ। ਯੂਐੱਸ ਏਜੰਸੀ ਫਾਰ ਗਲੋਬਲ ਮੀਡੀਆ ਅਤੇ ਇਸ ਦੇ ਸੀਨੀਅਰ ਸਲਾਹਕਾਰ ਕੈਰੀ ਲੇਕ ਨੇ ਕਿਹਾ ਕਿ ਏਜੰਸੀ ਨੂੰ ਬਚਾਇਆ ਨਹੀਂ ਜਾ ਸਕਦਾ। ਕਾਰਜਕਾਰੀ ਹੁਕਮ 'ਚ ਹੋਰ ਏਜੰਸੀਆਂ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਹੈ।

ਇਨ੍ਹਾਂ 'ਚ ਫੈਡਰਲ ਵਿਚੋਲਗੀ ਅਤੇ ਸੁਲ੍ਹਾ ਸੇਵਾ, ਯੂਐੱਸ ਏਜੰਸੀ ਫਾਰ ਗਲੋਬਲ ਮੀਡੀਆ, ਸਮਿਥਸੋਨੀਅਨ ਸੰਸਥਾ ਵਿਖੇ ਵੁੱਡਰੋ ਵਿਲਸਨ ਇੰਟਰਨੈਸ਼ਨਲ ਸੈਂਟਰ ਫਾਰ ਸਕਾਲਰਜ਼, ਇੰਸਟੀਚਿਊਟ ਆਫ਼ ਮਿਊਜ਼ੀਅਮ ਐਂਡ ਲਾਇਬ੍ਰੇਰੀ ਸਰਵਿਸਿਜ਼, ਬੇਘਰ ਹੋਣ ਬਾਰੇ ਅਮਰੀਕੀ ਅੰਤਰ-ਏਜੰਸੀ ਕੌਂਸਲ, ਕਮਿਊਨਿਟੀ ਡਿਵੈਲਪਮੈਂਟ ਫਾਈਨੈਂਸ਼ੀਅਲ ਇੰਸਟੀਚਿਊਸ਼ਨਜ਼ ਫੰਡ ਅਤੇ ਘੱਟ ਗਿਣਤੀ ਵਪਾਰ ਵਿਕਾਸ ਏਜੰਸੀ ਸ਼ਾਮਲ ਹਨ।

# ਪੰਜਾਬ ਲਈ ਨਵੀਂ ਸਨਅਤੀ ਨੀਤੀ ਬਣੇਗੀ: ਕੇਜਰੀਵਾਲ



**ਲੁਧਿਆਣਾ:** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਸੋਮਵਾਰ ਨੂੰ ਲੁਧਿਆਣਾ ਦੇ ਹੋਟਲ ਰੈਡੀਸਨ ਵਿਖੇ ਲੁਧਿਆਣਾ ਦੇ ਉਦਯੋਗਪਤੀਆਂ ਤੇ ਕਾਰੋਬਾਰੀਆਂ ਨਾਲ ਅਹਿਮ ਮੀਟਿੰਗ ਕੀਤੀ, ਜਿਸ ਵਿਚ ਪੰਜਾਬ ਸਰਕਾਰ ਦੇ ਮੁੱਖ ਸਕੱਤਰ ਕੇਪੀਐੱਸ ਸਿਨਹਾ, ਰਾਜ ਸਭਾ ਮੈਂਬਰ ਸੰਜੀਵ ਅਰੋੜਾ, ਕੈਬਨਿਟ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ, ਕੈਬਨਿਟ ਮੰਤਰੀ ਮਾਲ ਤੇ ਸ਼ਹਿਰੀ ਵਿਕਾਸ ਹਰਦੀਪ ਸਿੰਘ ਮੁੰਡੀਆਂ ਹਾਜ਼ਰ ਸਨ।

ਇਸ ਮੌਕੇ ਸੰਬੋਧਨ ਕਰਦਿਆਂ ਕੇਜਰੀਵਾਲ ਨੇ ਕਿਹਾ ਕਿ 3 ਸਾਲਾਂ ਵਿਚ ਤੀਸਰੀ ਵਾਰ ਉਹ ਉਦਯੋਗਪਤੀਆਂ ਨਾਲ ਮੀਟਿੰਗ ਕਰ ਰਹੇ ਹਨ। ਕੇਜਰੀਵਾਲ ਨੇ ਕਿਹਾ ਕਿ 3 ਸਾਲਾਂ ਵਿਚ ਪੰਜਾਬ ਦੀ 'ਆਪ' ਸਰਕਾਰ ਨੇ ਕਈ ਮੁਸ਼ਕਲਾਂ ਦਾ ਨਿਪਟਾਰਾ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਆਪ ਸਰਕਾਰ ਉਦਯੋਗਪਤੀਆਂ ਨੂੰ ਕੰਮ ਕਰਨ ਦਾ ਮਾਹੌਲ ਦੇ ਰਹੀ ਹੈ ਅਤੇ ਆਉਣ ਵਾਲੇ ਸਮੇਂ ਵਿਚ ਉਦਯੋਗਪਤੀਆਂ ਦੀ ਭਲਾਈ ਲਈ ਹਰ ਕਦਮ ਚੁੱਕਿਆ ਜਾਵੇਗਾ।

ਉਨ੍ਹਾਂ ਕਿਹਾ ਕਿ ਛੇਤੀ ਹੀ ਪੰਜਾਬ ਅੰਦਰ ਨਵੀਂ ਸਨਅਤੀ ਨੀਤੀ ਲਿਆਂਦੀ ਜਾਵੇਗੀ, ਜਿਸ ਲਈ ਹੋਰ ਰਾਜਾਂ ਦੀਆਂ ਨੀਤੀਆਂ ਨੂੰ ਵਾਚਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਉਦਯੋਗਪਤੀ ਆਪਣੇ ਲਈ ਆਪਣੀ ਉਦਯੋਗ ਨੀਤੀ ਬਣਾ ਕੇ ਦੇਣ, ਜਿਸ ਨੂੰ ਪੰਜਾਬ 'ਚ ਲਾਗੂ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅਜਿਹੀ ਉਦਯੋਗ ਨੀਤੀ ਬਣਾਈ ਜਾਵੇ, ਜਿਹੋ ਜਿਹੀ ਨੀਤੀ ਬਣਾਉਣੀ ਕਿਸੇ ਹੋਰ ਰਾਜ ਸਰਕਾਰ ਵਿਚ ਹਿੰਮਤ ਨਾ ਹੋਵੇ। ਕੇਜਰੀਵਾਲ ਨੇ ਕਿਹਾ ਕਿ 45 ਦਿਨਾਂ ਵਿਚ ਨਵਾਂ ਕਾਰਖ਼ਾਨਾ ਲਗਾਉਣ ਲਈ ਹਰ ਪ੍ਰਕਾਰ ਦੀ ਮਨਜ਼ੂਰੀ ਮਿਲੇਗੀ। ਉਨ੍ਹਾਂ ਕਿਹਾ ਕਿ ਪ੍ਰਦਰਸ਼ਨੀ ਕੇਂਦਰ ਬਣਾਉਣ ਵਾਲੇ ਪਾਸੇ ਵੀ ਧਿਆਨ ਕੇਂਦਰਿਤ ਕਰ ਰਹੇ ਹਾਂ। ਉਨ੍ਹਾਂ ਕਿਹਾ ਕਿ ਪੰਜਾਬ ਭਰ ਵਿਚ ਬਿਜਲੀ ਢਾਂਚਾ ਸੁਧਾਰਨ ਲਈ ਵੀ ਪੰਜਾਬ ਸਰਕਾਰ ਕੰਮ ਕਰ ਰਹੀ ਹੈ। ਆਉਣ ਵਾਲੇ ਸਮੇਂ ਵਿਚ ਪੰਜਾਬ ਦੇ ਹਰ ਸ਼ਹਿਰ ਤੇ ਪਿੰਡ ਦੀ ਸੜਕ ਨਵੀਂ ਬਣਾਈ ਜਾਵੇਗੀ ਜਾਂ ਪੁਰਾਣੀਆਂ ਸੜਕਾਂ ਦੀ ਮੁਰੰਮਤ ਕਰਵਾਈ ਜਾਵੇਗੀ। 166 ਸ਼ਹਿਰਾਂ ਵਿਚ ਪਾਣੀ, ਸੀਵਰੇਜ, ਸੜਕਾਂ, ਸਾਲਿਡ ਵੇਸਟ ਮੈਨੇਜਮੈਂਟ, ਸਟਰੀਟ ਲਾਈਟਾਂ ਤੇ ਕੂੜੇ ਦੀ ਸਮੱਸਿਆ ਦਾ ਹੱਲ ਕਰਨ ਦੇ ਯਤਨ ਕਰ ਰਹੇ ਹਾਂ।

## 2027 'ਚ ਸੌ ਸੀਟਾਂ ਲੈ ਕੇ ਬਣਾਵਾਂਗੇ 'ਆਪ' ਸਰਕਾਰ



ਇਸ ਮੌਕੇ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਉਹ 24 ਘੰਟੇ ਮਿਸ਼ਨ 'ਤੇ ਕੰਮ ਕਰ ਰਹੇ ਹਨ ਅਤੇ ਹਰ ਵਰਗ ਦੀ ਸੇਵਾ ਕਰਨ ਵਿਚ ਰੁੱਝੇ ਹੋਏ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ''ਆਪ' 2027 ਵਿਚ ਸੌ ਸੀਟਾਂ ਲੈ ਕੇ ਸਰਕਾਰ ਬਣਾਵੇਗੀ। ਉਨ੍ਹਾਂ ਸੁਖਬੀਰ ਸਿੰਘ ਬਾਦਲ 'ਤੇ ਸਿਆਸੀ ਹਮਲੇ ਕੀਤੇ। ਉਨ੍ਹਾਂ ਕਿਹਾ ਕਿ ਉਦਯੋਗਪਤੀਆਂ ਕਰਕੇ ਕਈ ਘਰਾਂ ਦੇ ਚੁੱਲ੍ਹੇ ਚੱਲਦੇ ਹਨ, ਇਸ ਲਈ ਹੋਰ ਵਰਗਾਂ ਵਾਂਗ ਉਦਯੋਗਪਤੀਆਂ ਦੀ ਭਲਾਈ ਲਈ ਸਰਕਾਰ ਵੱਲੋਂ ਪਹਿਲ ਦੇ ਆਧਾਰ 'ਤੇ ਹਰ ਯਤਨ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਮਜ਼ਾਕੀਆ ਲਹਿਜ਼ੇ ਵਿਚ ਕਿਹਾ ਕਿ ਰੇਲ ਮੰਤਰੀ ਲੁਧਿਆਣਾ ਦਾ, ਪਰ 'ਵੰਦੇ ਭਾਰਤ' ਮੇਰੇ ਤੋਂ ਮੰਗ ਰਹੇ ਹੋ। ਉਨਾਂ ਕਿਹਾ ਕਿ ਲੁਧਿਆਣਾ ਦੇ ਲੋਕਾਂ ਨੇ ਤਾਂ ਰਵਨੀਤ ਸਿੰਘ ਬਿੱਟੂ ਨੂੰ ਹਰਾ ਕੇ ਭੇਜਿਆ ਹੈ। ਉਨ੍ਹਾਂ ਕਿਹਾ ਕਿ ਉਹ ਛੇਤੀ ਹੀ ਕੇਂਦਰ ਨਾਲ ਗੱਲਬਾਤ ਕਰਕੇ ਨਵੀਂ 'ਵੰਦੇ ਭਾਰਤ' ਰੇਲ ਗੱਡੀ ਚਲਵਾਉਣ ਦਾ ਯਤਨ ਕਰਨਗੇ। ਮੁੱਖ ਮੰਤਰੀ ਨੇ ਕਿਹਾ ਕਿ ਉਦਯੋਗਪਤੀਆਂ ਲਈ ਉਨ੍ਹਾਂ ਦੇ ਘਰ ਤੇ ਦਫ਼ਤਰ ਦੇ ਦਰਵਾਜ਼ੇ ਹਮੇਸ਼ਾ ਖੁੱਲ੍ਹੇ ਹਨ। ਉਨ੍ਹਾਂ ਕਿਹਾ ਕਿ ਉਦਯੋਗਪਤੀਆਂ ਦੀਆਂ ਰਹਿੰਦੀਆਂ ਮੁਸ਼ਕਲਾਂ ਦਾ ਛੇਤੀ ਹੀ ਹੱਲ ਕਰ ਦਿੱਤਾ ਜਾਵੇਗਾ।

# ਟਰੰਪ ਨੇ ਸਾਂਝਾ ਕੀਤਾ ਮੋਦੀ ਦਾ ਪੌਡਕਾਸਟ



**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਮਵਾਰ ਨੂੰ ਇੰਟਰਨੈਟ ਮੀਡੀਆ ਪਲੇਟਫਾਰਮ ਟਰੁਥ ਸੋਸ਼ਲ 'ਤੇ ਪ੍ਰਸਿੱਧ ਪੌਡਕਾਸਟਰ ਤੇ ਕੰਪਿਊਟਰ ਵਿਗਿਆਨੀ ਲੈਕਸ ਫ੍ਰੀਡਮੈਨ ਦੇ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੰਵਾਦ ਦਾ ਵੀਡੀਓ ਲਿੰਕ ਸਾਂਝਾ ਕੀਤਾ। ਤਿੰਨ ਘੰਟੇ ਤੋਂ ਵੱਧ ਦੇ ਇਸ ਸੰਵਾਦ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ ਐਤਵਾਰ ਨੂੰ ਕਿਹਾ ਸੀ ਕਿ ਉਹ ਤੇ ਟਰੰਪ ਇਕ ਦੂਜੇ ਨੂੰ ਬਿਹਤਰ ਸਮਝਦੇ ਹਨ। ਕਿਉਂਕਿ ਦੋਵੇਂ ਆਪੋ-ਆਪਣੇ ਦੇਸ਼ਾਂ ਨੂੰ ਤਰਜੀਹ 'ਤੇ ਰੱਖਦੇ ਹਨ। ਜੋ ਬਾਇਡਨ ਦੇ ਰਾਸ਼ਟਰਪਤੀ ਕਾਲ ਦੌਰਾਨ ਜਦ ਟਰੰਪ ਸੱਤਾ ਤੋਂ ਬਾਹਰ ਸਨ ਤਾਂ ਵੀ ਉਨ੍ਹਾਂ ਦਾ ਆਪਸੀ ਵਿਸ਼ਵਾਸ ਘੱਟ ਨਹੀਂ ਹੋਇਆ। ਜਦ ਮੋਦੀ ਤੋਂ ਸਵਾਲ ਕੀਤਾ ਗਿਆ ਕਿ ਉਨ੍ਹਾਂ ਨੂੰ ਟਰੰਪ ਦੀ ਕਿਹੜੀ ਗੱਲ ਚੰਗੀ ਲਗਦੀ ਹੈ ਤਾਂ ਮੋਦੀ ਨੇ ਯਾਦ ਕੀਤਾ ਕਿ ਪਹਿਲੇ ਕਾਰਜਕਾਲ ਦੌਰਾਨ ਟਰੰਪ ਨੇ ਸੁਰੱਖਿਆ ਪ੍ਰੋਟੋਕਾਲ ਦੀ ਅਣਦੇਖੀ ਕਰ ਦਿੱਤੀ ਸੀ।

# ਡਿਪੋਰਟ ਮਾਮਲਿਆਂ ਵਿਚ ਟਰੰਪ ਨੇ ਕਿਸੇ ਦੀ ਨਾ ਸੁਣੀ

**ਵਾਸ਼ਿੰਗਟਨ:** ਅਮਰੀਕਾ ਦੇ ਟਰੰਪ ਪ੍ਰਸ਼ਾਸਨ ਨੇ ਦੇਸ਼ 'ਚ ਗ਼ੈਰ-ਕਾਨੂੰਨੀ ਢੰਗ ਨਾਲ ਰਹਿ ਰਹੇ ਲੋਕਾਂ ਖ਼ਿਲਾਫ਼ ਸਖ਼ਤ ਰਵੱਈਆ ਅਪਣਾ ਲਿਆ ਹੈ। ਇਸੇ ਕੜੀ 'ਚ ਉਸ ਨੇ ਇਕ ਜੱਜ ਵੱਲੋਂ ਲਗਾਈ ਗਈ ਰੋਕ ਦੇ ਬਾਵਜੂਦ ਪ੍ਰਵਾਸੀਆਂ ਨੂੰ ਅਲ ਸਾਲਵਾਡੋਰ ਭੇਜ ਦਿੱਤਾ ਹੈ। ਪ੍ਰਸ਼ਾਸਨ ਨੇ ਕਿਹਾ ਕਿ ਜੱਜ ਨੂੰ ਉਨ੍ਹਾਂ ਦੀ ਕਾਰਵਾਈ 'ਤੇ ਰੋਕ ਲਗਾਉਣ ਦਾ ਅਧਿਕਾਰ ਨਹੀਂ ਹੈ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸ਼ਨਿੱਚਰਵਾਰ ਨੂੰ ਦੇਸ਼ ਅੰਦਰ ਗ਼ੈਰ-ਕਾਨੂੰਨੀ ਢੰਗ ਨਾਲ ਰਹਿ ਰਹੇ ਲੋਕਾਂ ਨੂੰ ਡਿਪੋਰਟ ਕਰਨ ਦੇ ਕੰਮ 'ਚ ਤੇਜ਼ੀ ਲਿਆਉਣ ਲਈ 18ਵੀਂ ਸਦੀ ਦੇ ਕਾਨੂੰਨ ਦੀ ਵਰਤੋਂ ਦਾ ਐਲਾਨ ਕੀਤਾ। ਇਸ ਦੇ ਕੁੱਝ ਘੰਟੇ ਬਾਅਦ ਹੀ ਜ਼ਿਲ੍ਹਾ ਜੱਜ ਜੇਮਜ਼ ਬੋਸਬਰਗ ਨੇ ਇਸ 'ਤੇ ਅਸਥਾਈ ਰੋਕ ਲਗਾਉਣ ਦਾ ਹੁਕਮ ਜਾਰੀ ਕੀਤਾ।


ਵਕੀਲਾਂ ਨੇ ਜੱਜ ਨੂੰ ਦੱਸਿਆ ਕਿ ਦੋ ਜਹਾਜ਼ ਪ੍ਰਵਾਸੀਆਂ ਨੂੰ ਲੈ ਕੇ ਅਲ ਸਾਲਵਾਡੋਰ ਅਤੇ ਹੋਂਡਰਸ ਵੱਲ ਪਹਿਲਾਂ ਹੀ ਰਵਾਨਾ ਹੋ ਚੁੱਕੇ ਹਨ। ਜੱਜ ਬੋਸਬਰਗ ਨੇ ਜਹਾਜ਼ਾਂ ਨੂੰ ਵਾਪਸ ਬੁਲਾਉਣ ਦਾ ਮੌਖਿਕ ਹੁਕਮ ਦਿੱਤਾ ਪਰ ਅਜਿਹਾ ਨਹੀਂ ਕੀਤਾ ਗਿਆ ਤੇ ਜੱਜ ਨੇ ਆਪਣੇ ਲਿਖਤੀ ਹੁਕਮ 'ਚ ਇਹ ਸ਼ਾਮਲ ਨਹੀਂ ਕੀਤਾ ਸੀ।

ਇਧਰ, ਵਾਹੀਟ ਹਾਊਸ ਦੀ ਪ੍ਰੈਸ ਸਕੱਤਰ ਕੈਰੋਲਿਨ ਲੇਵਿਟ ਨੇ ਐਤਵਾਰ ਨੂੰ ਇਕ ਬਿਆਨ 'ਚ ਇਨ੍ਹਾਂ ਕਿਆਸ-ਅਰਾਈਆਂ ਦਾ ਜਵਾਬ ਦਿੱਤਾ ਕਿ ਕੀ ਪ੍ਰਸ਼ਾਸਨ ਅਦਾਲਤੀ ਹੁਕਮਾਂ ਦੀ ਉਲੰਘਣਾ ਕਰ ਰਿਹਾ ਹੈ। ਉਨ੍ਹਾਂ ਨੇ ਕਿਹਾ, 'ਪ੍ਰਸ਼ਾਸਨ ਨੇ ਅਦਾਲਤੀ ਹੁਕਮਾਂ ਦੀ ਪਾਲਣਾ ਕਰਨ ਤੋਂ ਇਨਕਾਰ ਨਹੀਂ ਕੀਤਾ। ਇਸ ਹੁਕਮ ਦਾ ਕੋਈ ਵਿਧਾਨਕ ਅਧਿਕਾਰ ਨਹੀਂ ਹੈ। ਇਹ ਵਿਦੇਸ਼ੀ ਅੱਤਵਾਦੀਆਂ ਨੂੰ ਅਮਰੀਕੀ ਖੇਤਰ 'ਚੋਂ ਪਹਿਲਾਂ ਹਟਾਏ ਜਾਣ ਤੋਂ ਬਾਅਦ ਜਾਰੀ ਕੀਤੀ ਗਿਆ ਸੀ।'

ਉਨ੍ਹਾਂ ਨੇ ਕਿਹਾ ਕਿ ਅਦਾਲਤ ਕੋਲ ਕੋਈ ਆਧਾਰ ਨਹੀਂ ਹੈ। ਸੰਘੀ ਅਦਾਲਤਾਂ ਨੂੰ ਆਮ ਤੌਰ 'ਤੇ ਇਹ ਅਧਿਕਾਰ ਨਹੀਂ ਹੈ ਕਿ ਰਾਸ਼ਟਰਪਤੀ ਵਿਦੇਸ਼ੀ ਮਾਮਲਿਆਂ ਦਾ ਕਿਸ ਤਰ੍ਹਾਂ ਨਿਪਟਾਰਾ ਕਰਦੇ ਹਨ। ਟਰੰਪ ਨੇ ਸ਼ਨਿੱਚਰਵਾਰ ਨੂੰ ਐਲਾਨ ਕੀਤਾ ਕਿ ਉਹ ਵੈਨੇਜ਼ੁਏਲਾ ਦੇ ਗੈਂਗ ਦੇ 200 ਤੋਂ ਵੱਧ ਕਥਿਤ ਮੈਂਬਰਾਂ ਨੂੰ ਡਿਪੋਰਟ ਕਰਨ ਲਈ 1798 ਦੇ ਏਲੀਅਨ ਐਨੀਮੀਜ਼ ਐਕਟ (ਵਿਦੇਸ਼ੀ ਦੁਸ਼ਮਣ ਐਕਟ) ਦੀ ਵਰਤੋਂ ਕਰਨਗੇ।

ਇਹ ਕਾਨੂੰਨ ਰਾਸ਼ਟਰਪਤੀ ਨੂੰ ਵੱਡੇ ਪੱਧਰ 'ਤੇ ਡਿਪੋਰਟ ਨੂੰ ਤੇਜ਼ ਕਰਨ ਲਈ ਮੁਕੰਮਲ ਅਧਿਕਾਰ ਦਿੰਦਾ ਹੈ।

# ਭਾਰਤ ਅਤੇ ਨਿਊਜ਼ੀਲੈਂਡ ਦਰਮਿਆਨ ਵਪਾਰਕ ਸਮਝੌਤੇ ਲਈ ਸਹਿਮਤੀ



**ਨਵੀਂ ਦਿੱਲੀ:** ਭਾਰਤ ਅਤੇ ਨਿਊਜ਼ੀਲੈਂਡ ਨੇ ਆਪਸੀ ਵਪਾਰ ਅਤੇ ਨਿਵੇਸ਼ ਉਤਸ਼ਾਹਿਤ ਕਰਨ ਲਈ ਮੁਕਤ ਵਪਾਰ ਸਮਝੌਤੇ 'ਤੇ ਗੱਲਬਾਤ ਕਰਨ ਦਾ ਫ਼ੈਸਲਾ ਕੀਤਾ ਹੈ। ਇਹ ਐਲਾਨ ਪ੍ਰਧਾਨ ਮੰਤਰੀ ਮੋਦੀ ਨਰਿੰਦਰ ਅਤੇ ਨਿਊਜ਼ੀਲੈਂਡ ਦੇ ਉਨ੍ਹਾਂ ਦੇ ਹਮ ਅਹੁਦਾ ਕ੍ਰਿਸਟੋਫਰ ਲਾਕਸਨ ਦਰਮਿਆਨ ਹੈਦਰਾਬਾਦ ਵਿਖੇ ਹੋਈ ਦੁਵੱਲੀ ਮੀਟਿੰਗ ਤੋਂ ਬਾਅਦ ਕੀਤਾ ਗਿਆ।

ਮੋਦੀ ਅਤੇ ਲਾਕਸਨ ਨੇ ਅੱਜ ਦੁਵੱਲੇ ਸੰਬੰਧਾਂ ਨੂੰ ਮਜ਼ਬੂਤ ਕਰਨ, ਵਪਾਰ ਵਧਾਉਣ, ਰੱਖਿਆ ਸਹਿਯੋਗ ਹੋਰ ਮਜ਼ਬੂਤ ਕਰਨ ਅਤੇ ਹਿੰਦ ਪ੍ਰਸ਼ਾਂਤ ਖਿੱਤੇ 'ਚ ਸ਼ਾਂਤੀ ਬਣਾਈ ਰੱਖਣ ਪ੍ਰਤੀ ਆਪਣੀ ਵਚਨਬੱਧਤਾ ਮੁੜ ਦੁਹਰਾਈ।

ਹੈਦਰਾਬਾਦ ਹਾਊਸ ਵਿਖੇ ਹੋਈ ਮੁਲਾਕਾਤ ਤੋਂ ਬਾਅਦ ਦੋਹਾਂ ਨੇਤਾਵਾਂ ਨੇ ਸਾਂਝੇ ਤੌਰ 'ਤੇ ਮੀਡੀਆ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦੋਵੇਂ ਦੇਸ਼ ਅੱਤਵਾਦ ਖਿਲਾਫ਼ ਇਕੋ ਜਿਹੇ ਵਿਚਾਰ ਰੱਖਦੇ ਹਨ ਅਤੇ ਲੋਕਾਂ ਤੋਂ ਲੋਕਾਂ ਦਰਮਿਆਨ ਸਬੰਧਾਂ ਨੂੰ ਵਧਾਉਣ 'ਤੇ ਵੀ ਰਾਜ਼ੀ ਹੋਏ।ਜ਼ਿਕਰਯੋਗ ਹੈ ਕਿ ਲਾਕਸਨ ਐਤਵਾਰ ਨੂੰ ਆਪਣੇ ਭਾਰਤ ਦੇ ਪਹਿਲੇ ਅਧਿਕਾਰਕ ਦੌਰੇ 'ਤੇ ਦਿੱਲੀ ਪਹੁੰਚੇ ਸਨ। ਉਹ 9 ਸਾਲਾਂ 'ਚ ਭਾਰਤ ਦਾ ਦੌਰਾ ਕਰਨ ਵਾਲੇ ਪਹਿਲੇ ਪ੍ਰਧਾਨ ਮੰਤਰੀ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨਿਊਜ਼ੀਲੈਂਡ ਦੇ ਆਪਣੇ ਹਮ ਅਹੁਦਾ ਦੀ ਸ਼ਲਾਘਾ ਕੀਤੀ।

**ਅੱਤਵਾਦ ਖ਼ਿਲਾਫ਼ ਦੋਵੇਂ ਦੇਸ਼ ਇਕਮਤ** -ਦੋਹਾਂ ਨੇਤਾਵਾਂ ਨੇ ਅੱਤਵਾਦ ਖ਼ਿਲਾਫ਼ ਇਕਮਤ ਹੁੰਦਿਆਂ ਕਿਹਾ ਕਿ ਭਾਵੇਂ 15 ਮਾਰਚ, 2019 ਦਾ ਕ੍ਰਾਈਸਟ ਚਰਚ ਦਾ ਹਮਲਾ ਹੋਵੇ ਜਾਂ 26 ਨਵੰਬਰ, 2008 ਦਾ ਮੁੰਬਈ ਹਮਲਾ, ਅੱਤਵਾਦ ਕਿਸੇ ਵੀ ਰੂਪ 'ਚ ਸਵੀਕਾਰਨਯੋਗ ਨਹੀਂ ਹੈ। ਅੱਤਵਾਦੀ ਹਮਲਿਆਂ ਦੇ ਦੋਸ਼ੀਆਂ ਦੇ ਖ਼ਿਲਾਫ਼ ਸਖ਼ਤ ਕਾਰਵਾਈ ਜ਼ਰੂਰੀ ਹੈ। ਦੋਵੇਂ ਦੇਸ਼ ਅੱਤਵਾਦੀ, ਵੱਖਵਾਦੀ ਅਤੇ ਕੱਟੜਪੰਥੀ ਲੋਕਾਂ ਦੇ ਖ਼ਿਲਾਫ਼ ਮਿਲ ਕੇ ਕੰਮ ਕਰ ਰਹੇ ਹਨ। ਭਾਰਤ ਨੇ ਨਿਊਜ਼ੀਲੈਂਡ 'ਚ ਕੁਝ ਗੈਰ-ਕਾਨੂੰਨੀ ਅਨਸਰਾਂ ਵਲੋਂ ਭਾਰਤ ਵਿਰੋਧੀ ਗਤੀਵਿਧੀਆਂ 'ਤੇ ਆਪਣੇ ਸਰੋਕਾਰ ਪ੍ਰਗਟਾਏ।

## ਗੁਰਦੁਆਰਾ ਰਕਾਬ ਗੰਜ ਸਾਹਿਬ ਨਤਮਸਤਕ ਹੋਏ ਲਕਸਨ ਤੇ ਮੋਦੀ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਕ੍ਰਿਸਟੋਫਰ ਲਕਸਨ ਅੱਜ ਸ਼ਾਮ ਇਤਿਹਾਸਕ ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਨਤਮਸਤਕ ਹੋਏ । ਇਸ ਮੌਕੇ ਗੁਰਦੁਆਰਾ ਸਾਹਿਬ ਅੰਦਰ ਮੱਥਾ ਟੇਕਣ ਉਪਰੰਤ ਦੋਵਾਂ ਪ੍ਰਧਾਨ ਮੰਤਰੀਆਂ ਵਲੋਂ ਰੁਮਾਲਾ ਵੀ ਭੇਟ ਕੀਤਾ ਗਿਆ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਵੱਲੋਂ ਮੋਦੀ ਤੇ ਲਕਸਨ ਨੂੰ ਸ਼ਾਲ ਤੇ ਸਿਰੋਪਾਓ ਭੇਟ ਕੀਤਾ ਗਿਆ ਅਤੇ ਨਾਲ ਹੀ ਲਕਸਨ ਨੂੰ ਸ੍ਰੀ ਦਰਬਾਰ ਸਾਹਿਬ ਦਾ ਮਾਡਲ ਵੀ ਭੇਟ ਕੀਤਾ ਗਿਆ । ਇਸ ਮੌਕੇ ਦਿੱਲੀ ਕਮੇਟੀ ਪ੍ਰਬੰਧਕਾਂ ਦੇ ਨਾਲ ਦਿੱਲੀ ਸਰਕਾਰ ਦੇ ਮੰਤਰੀ ਮਨਜਿੰਦਰ ਸਿੰਘ ਸਿਰਸਾ ਵੀ ਹਾਜ਼ਰ ਸਨ।

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਅਮਰੀਕਾ ਵਿਚ ਹਾਲਾਤ ਠੀਕ ਨਹੀਂ: ਰੰਜਨੀ ਸ੍ਰੀਨਿਵਾਸਨ

**ਨਿਊਯਾਰਕ:** ਅਮਰੀਕਾ 'ਚ ਖ਼ੁਦ ਨੂੰ ਡਿਪੋਰਟ ਕਰਨ ਵਾਲੀ ਭਾਰਤੀ ਵਿਦਿਆਰਥਣ ਰੰਜਨੀ ਸ੍ਰੀਨਿਵਾਸਨ ਨੇ ਉਸ ਭਿਆਨਕ ਪਲ ਨੂੰ ਬਿਆਨ ਕੀਤਾ ਹੈ ਜਦੋਂ ਪਹਿਲੀ ਵਾਰ ਸੰਘੀ ਏਜੰਟਾਂ ਨੇ ਕੋਲੰਬੀਆ ਯੂਨੀਵਰਸਿਟੀ 'ਚ ਉਸਦੇ ਅਪਾਰਟਮੈਂਟ ਦਾ ਦਰਵਾਜ਼ਾ ਖੜਕਾਇਆ। ਉਸਨੇ ਦੱਸਿਆ ਕਿ ਮਾਹੌਲ ਬੇਹੱਦ ਅਸਥਿਰ ਅਤੇ ਖ਼ਤਰਨਾਕ ਲੱਗ ਰਿਹਾ ਸੀ। ਉਨ੍ਹਾਂ ਨੇ ਦਰਵਾਜ਼ਾ ਨਹੀਂ ਖੋਲ੍ਹਿਆ ਸੀ। ਹਮਾਸ ਦਾ ਸਮਰਥਨ ਕਰਨ ਕਾਰਨ ਕੋਲੰਬੀਆ ਯੂਨੀਵਰਸਿਟੀ ਦੀ ਵਿਦਿਆਰਥਣ ਦਾ ਵੀਜ਼ਾ ਪੰਜ ਮਾਰਚ ਨੂੰ ਰੱਦ ਕਰ ਦਿੱਤਾ ਗਿਆ ਸੀ। ਉਸ ਤੋਂ ਬਾਅਦ ਉਨ੍ਹਾਂ ਨੇ ਖ਼ੁਦ ਨੂੰ ਅਮਰੀਕਾ ਤੋਂ ਡਿਪੋਰਟ ਕਰ ਲਿਆ ਸੀ।



ਰੰਜਨੀ ਦੀ ਖੋਜ 'ਚ ਅੱਠ ਦਿਨ ਪਹਿਲਾਂ ਤਿੰਨ ਇੰਮੀਗ੍ਰੇਸ਼ਨ ਏਜੰਟ ਪਹਿਲੀ ਵਾਰ ਉਨ੍ਹਾਂ ਦੇ ਅਪਾਰਟਮੈਂਟ ਪਹੁੰਚੇ ਸੀ। ਇਸ ਦੇ ਅਗਲੇ ਦਿਨ ਰਾਤ ਨੂੰ ਉਹ ਫਿਰ ਪਹੁੰਚੇ ਪਰ ਉਦੋਂ ਉਹ ਅਪਾਰਟਮੈਂਟ 'ਚ ਨਹੀਂ ਸੀ। ਇਸ ਤੋਂ ਬਾਅਦ ਉਨ੍ਹਾਂ ਨੇ ਆਪਣਾ ਸਾਮਾਨ ਇਕੱਠਾ ਕੀਤਾ ਅਤੇ ਆਪਣੀ ਪਾਲਤੂ ਬਿੱਲੀ ਨੂੰ ਇਕ ਦੋਸਤ ਦੇ ਕੋਲ ਛੱਡ ਕੈ ਲਾਗੁਆਰਡੀਆ ਹਵਾਈ ਅੱਡੇ ਤੋਂ ਕੈਨੇਡਾ ਲਈ ਉਡਾਣ ਭਰੀ। ਪਿਛਲੇ ਵੀਰਵਾਰ ਨੂੰ ਤੀਸਰੀ ਵਾਰ ਏਜੰਟ ਨਿਆਂਇਕ ਵਾਰੰਟ ਦੇ ਨਾਲ ਪਹੁੰਚੇ ਅਤੇ ਉਨ੍ਹਾਂ ਦੇ ਅਪਾਰਟਮੈਂਟ 'ਚ ਦਾਖ਼ਲ ਹੋਏ ਪਰ ਉਦੋਂ ਤੱਕ ਉਹ ਦੇਸ਼ ਛੱਡ ਚੁੱਕੀ ਸੀ। 37 ਸਾਲਾ ਰੰਜਨੀ ਨੇ ਕਿਹਾ 'ਮਾਹੌਲ ਬਹੁਤ ਅਸਥਿਰ ਅਤੇ ਖ਼ਤਰਨਾਕ ਲੱਗ ਰਿਹਾ ਸੀ। ਇਸ ਲਈ ਮੈਂ ਤੁਰੰਤ ਇਹ ਫ਼ੈਸਲਾ ਲਿਆ।'' ਰੰਜਨੀ ਨੇ ਵਿਦਿਆਰਥੀ ਵੀਜ਼ਾ 'ਤੇ ਕੋਲੰਬੀਆ ਯੂਨੀਵਰਸਿਟੀ 'ਚ ਸ਼ਹਿਰੀ ਯੋਜਨਾਬੰਦੀ ਵਿਚ ਡਾਕਟਰੇਟ ਦੀ ਵਿਦਿਆਰਥਣ ਵਜੋਂ ਦਾਖ਼ਲਾ ਲਿਆ ਸੀ। ਉਨ੍ਹਾਂ ਨੇ 11 ਮਾਰਚ ਨੂੰ ਕਸਟਮ ਐਂਡ ਬਾਰਡਰ ਪ੍ਰੋਟੈਕਸ਼ਨ (ਸੀਬੀਪੀ) ਦੇ ਹੋਮ ਐਪ ਦੀ ਵਰਤੋਂ ਕਰਕੇ ਖ਼ੁਦ ਨੂੰ ਡਿਪੋਰਟ ਕਰ ਲਿਆ ਸੀ। ਗ੍ਰਹਿ ਸੁਰੱਖਿਆ ਵਿਭਾਗ ਨੇ ਇਕ ਬਿਆਨ 'ਚ ਰੰਜਨੀ ਨੂੰ ਅੱਤਵਾਦੀਆਂ ਦਾ ਸਮਰਥਕ ਦੱਸਿਆ ਸੀ। ਉਸ 'ਤੇ ਹਿੰਸਾ ਦੀ ਵਕਾਲਤ ਕਰਨ ਅਤੇ ਅੱਤਵਾਦੀ ਸੰਗਠਨ ਹਮਾਸ ਦਾ ਸਮਰਥਨ ਕਰਨ ਵਾਲੀਆਂ ਗਤੀਵਿਧੀਆਂ 'ਚ ਸ਼ਾਮਲ ਹੋਣ ਦਾ ਦੋਸ਼ ਲਗਾਇਆ ਹੈ। ਹਾਲਾਂਕਿ ਵਿਭਾਗ ਨੇ ਆਪਣੇ ਦੋਸ਼ਾਂ ਦੇ ਸਮੱਰਥਨ 'ਚ ਕੋਈ । ਸਬੂਤ ਮੁਹੱਈਆ ਨਹੀਂ ਕਰਵਾਏ।

# ਸੰਧੂ ਨੇ ਪ੍ਰਵਾਸੀ ਭਾਰਤੀਆਂ ਦੀਆਂ ਜਾਇਦਾਦਾਂ 'ਤੇ ਕਬਜ਼ਿਆਂ ਦਾ ਚੁੱਕਿਆ ਮੁੱਦਾ



**ਜਲੰਧਰ:** ਪ੍ਰਵਾਸੀ ਭਾਰਤੀਆਂ (ਐਨ. ਆਰ. ਆਈ.) ਦੀਆਂ ਜਾਇਦਾਦਾਂ 'ਤੇ ਗੈਰ-ਕਾਨੂੰਨੀ ਜ਼ਮੀਨੀ ਕਬਜ਼ੇ ਦੇ ਵਧਦੇ ਮਾਮਲਿਆਂ ਦਾ ਮੁੱਦਾ ਉਠਾਉਂਦੇ ਹੋਏ ਸੰਸਦ ਮੈਂਬਰ (ਰਾਜ ਸਭਾ) ਸਤਨਾਮ ਸਿੰਘ ਸੰਧੂ ਨੇ ਕੇਂਦਰ ਸਰਕਾਰ ਨੂੰ ਬਜਟ ਇਜਲਾਸ ਦੌਰਾਨ ਪ੍ਰਵਾਸੀ ਭਾਰਤੀਆਂ ਦੇ ਹਿੱਤਾਂ ਦੀ ਰਾਖੀ ਲਈ ਇਕ ਮਜ਼ਬੂਤ ਨਿਆਂ ਪ੍ਰਣਾਲੀ ਲਾਗੂ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਪ੍ਰਵਾਸੀ ਭਾਰਤੀਆਂ ਦੀਆਂ ਜਾਇਦਾਦਾਂ ਸੰਬੰਧੀ ਗੈਰ-ਕਾਨੂੰਨੀ ਕਬਜ਼ੇ ਤੇ ਧੋਖਾਧੜੀ ਦੇ ਅਣਗਿਣਤ ਮਾਮਲੇ ਸਾਹਮਣੇ ਆ ਰਹੇ ਹਨ। ਇਸ ਕਾਰਨ ਪ੍ਰਵਾਸੀ ਭਾਰਤੀਆਂ 'ਚ ਜਾਇਦਾਦਾਂ ਪ੍ਰਤੀ ਡਰ ਦਾ ਮਾਹੌਲ ਪੈਦਾ ਹੋ ਰਿਹਾ ਹੈ ਤੇ ਉਹ ਭਾਰਤ ਤੋਂ ਆਪਣੀਆਂ ਜਾਇਦਾਦਾਂ ਵੇਚਣ ਨੂੰ ਤਰਜੀਹ ਦੇਣ ਲੱਗ ਪਏ ਹਨ। ਉਨ੍ਹਾਂ ਇਕ ਮਜ਼ਬੂਤ ਪ੍ਰਣਾਲੀ ਬਣਾਏ 1 ਜਾਣ ਦਾ ਸੁਝਾਅ ਦਿੱਤਾ, ਜੋ ਇਸ ਮੁੱਦੇ ਨਾਲ ਸੰਬੰਧਿਤ ਵਧ ਰਹੀ ਚੁਣੌਤੀਆਂ ਦਾ ਹੱਲ ਕਰ ਸਕੇ। ਭਾਰਤ ਦੇ ਵਿਕਾਸ 'ਚ ਐਨ.ਆਰ.ਆਈ. ਭਾਈਚਾਰੇ ਦੇ 'ਵਡਮੁੱਲੇ ਯੋਗਦਾਨ' 'ਤੇ ਜ਼ੋਰ ਦਿੰਦਿਆਂ ਸ. ਸੰਧੂ ਨੇ ਕਿਹਾ ਕਿ ਗੈਰ-ਕਾਨੂੰਨੀ ਕਬਜ਼ੇ ਦੇ ਮਾਮਲੇ 'ਚ ਸਰਕਾਰ ਨੂੰ ਪ੍ਰਵਾਸੀ ਭਾਰਤੀਆਂ ਨੂੰ ਇਕ-ਸਟਾਪ ਹੱਲ ਜਾਂ ਇੰਟਰਫੇਸ ਪ੍ਰਦਾਨ ਕਰਕੇ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ ।

# ਨਸ਼ਾ ਤਸਕਰੀ ਦੇ ਮਾਮਲੇ ਵਿਚ ਮਜੀਠੀਆ ਤੋਂ ਪੁੱਛਗਿੱਛ

**ਪਟਿਆਲਾ:** ਨਸ਼ੇ ਦੇ ਮਾਮਲੇ 'ਚ ਪੁਲਿਸ ਜਾਂਚ ਦਾ ਸਾਹਮਣਾ ਕਰ ਰਹੇ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਸੁਪਰੀਮ ਕੋਰਟ ਦੇ ਆਦੇਸ਼ਾਂ 'ਤੇ ਸਿਟ ਸਾਹਮਣੇ ਪੇਸ਼ ਹੋਏ, ਜਿੱਥੇ ਸਿਟ ਵੱਲੋਂ ਸਾਢੇ ਸੱਤ ਘੰਟੇ ਤੋਂ ਵੱਧ ਤੱਕ ਪੁੱਛਗਿੱਛ ਕੀਤੀ ਗਈ। ਇਸ ਦੌਰਾਨ ਸਿਟ ਦੇ ਮੈਂਬਰਾਂ ਵੱਲੋਂ ਮਜੀਠੀਆ ਦੀ ਵਿੱਤੀ ਜਾਂਚ ਵੀ ਸ਼ੁਰੂ ਕਰ ਦਿੱਤੀ ਹੈ। ਸਿਟ ਅਧਿਕਾਰੀਆਂ ਦਾ ਕਹਿਣਾ ਸੀ ਕਿ ਇਸ ਮਾਮਲੇ 'ਚ ਨਵੇ ਖੁਲਾਸੇ ਸਾਹਮਣੇ ਆਏ ਹਨ, ਜਿਸ ਕਾਰਨ ਜਾਂਚ ਦਾ ਘੇਰਾ ਵਧਾਇਆ ਗਿਆ ਹੈ। ਟੀਮ ਦੇ ਮੈਂਬਰ ਆਈ.ਪੀ.ਐੱਸ. ਵਰੁਣ ਸ਼ਰਮਾ ਨੇ ਦੱਸਿਆ ਕਿ ਇਸ ਮਾਮਲੇ ਸੰਬੰਧੀ ਸਰਕਾਰ ਵੱਲੋਂ ਸੁਪਰੀਮ ਕੋਰਟ ਵਿੱਚ ਪਟੀਸ਼ਨ ਪਾਈ ਗਈ ਸੀ ਜਿਸ 'ਤੇ 17 ਅਤੇ 18 ਮਾਰਚ ਦੋ ਦਿਨ ਮਜੀਠੀਆ ਤੋਂ ਪੁੱਛਗਿੱਛ ਲਈ ਮੁਕਰਰ ਕੀਤੇ ਗਏ ਸਨ। ਐਸਆਈਟੀ ਵੱਲੋਂ ਦਾਇਰਾ ਵਧਾ ਕੇ ਮਜੀਠੀਆ ਦੀ ਫਾਈਨੈਂਸ਼ੀਅਲ ਜਾਂਚ ਵੀ ਕੀਤੀ ਜਾ ਰਹੀ ਹੈ ਅਤੇ ਵਿਦੇਸ਼ਾ 'ਚ ਹੋਈਆਂ ਟ੍ਰਾਂਜੈਕਸ਼ਨਾਂ ਦੀ ਜਾਂਚ ਵੀ ਕੀਤੀ ਜਾ ਰਹੀ ਹੈ। ਮਜੀਠੀਆ ਨਾਲ ਸੰਬੰਧਿਤ ਫਰਮਾਂ ਵਿੱਚ ਵੱਡੀ ਮਾਤਰਾ ਵਿੱਚ ਫੰਡ ਟਰਾਂਸਫਰ ਹੋਏ ਹਨ।



## ਅਮਰੀਕਾ 'ਚ ਖ਼ਾਲਿਸਤਾਨੀਆਂ...

(ਪਹਿਲੇ ਸਫ਼ੇ ਦਾ ਬਾਕੀ)

ਐਕਸ 'ਤੇ ਲਿਖਿਆ ਕਿ ਅਮਰੀਕਾ ਦੀ ਰਾਸ਼ਟਰੀ ਖੁਫ਼ੀਆ ਡਾਇਰੈਕਟਰ ਤੁਲਸੀ ਗਬਾਰਡ ਨੂੰ ਮਿਲ ਕੇ ਕਾਫ਼ੀ ਖ਼ੁਸ਼ੀ ਹੋਈ। ਅਸੀਂ ਰੱਖਿਆ ਤੇ ਸੂਚਨਾ ਖੇਤਰ 'ਚ ਭਾਈਵਾਲੀ 'ਤੇ ਗੰਭੀਰ ਗੱਲਬਾਤ ਕੀਤੀ, ਤਾਂ ਜੋ ਭਾਰਤ ਤੇ ਅਮਰੀਕਾ ਦੇ ਸਬੰਧਾਂ ਨੂੰ ਹੋਰ ਮਜ਼ਬੂਤ ਬਣਾਇਆ ਜਾ ਸਕੇ। ਰੱਖਿਆ ਮੰਤਰਾਲੇ ਵੱਲੋਂ ਦੱਸਿਆ ਗਿਆ ਕਿ ਸੋਮਵਾਰ ਦੀ ਚਰਚਾ 'ਚ ਰੱਖਿਆ ਖੇਤਰ 'ਚ ਇਕ ਦੂਜੇ ਦੀ ਲੋੜ ਮੁਤਾਬਕ ਸਪਲਾਈ ਲਾਈਨ ਸਥਾਪਿਤ ਕਰਨ 'ਤੇ ਖਾਸ ਜ਼ੋਰ ਰਿਹਾ, ਤਾਂ ਜੋ ਸਬੰਧਤ ਖੇਤਰ 'ਚ ਸਮਰੱਥਾ ਦਾ ਵਿਸਥਾਰ ਹੋ ਸਕੇ। ਦੱਸਣਯੋਗ ਹੈ ਕਿ ਪਿਛਲੇ ਇਕ ਦਹਾਕੇ 'ਚ ਅਮਰੀਕਾ ਭਾਰਤ ਦੇ ਸਭ ਤੋਂ ਮਜ਼ਬੂਤ ਰੱਖਿਆ ਸਹਿਯੋਗੀ ਵਜੋਂ ਉਤਰਿਆ ਹੈ। ਦੋਵਾਂ ਦੇਸ਼ਾਂ ਵਿਚਾਲੇ ਫ਼ੌਜੀ ਸਹਿਯੋਗ ਨੂੰ ਲੈ ਕੇ ਕਈ ਪੱਧਰਾਂ 'ਤੇ ਕੰਮ ਹੋ ਰਿਹਾ ਹੈ। ਭਾਰਤ ਨੇ ਇਕ ਦਿਨ ਪਹਿਲਾਂ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਨਾਲ ਵੀ ਮੁਲਾਕਾਤ ਕੀਤੀ ਹੈ। ਇਸ ਬੈਠਕ 'ਚ ਦੋਵਾਂ ਦੇਸ਼ਾਂ ਵਿਚਾਲੇ ਖੁਫ਼ੀਆ ਸੂਚਨਾਵਾਂ ਨੂੰ ਸਾਂਝਾ ਕਰਨ ਦੇ ਵਿਸ਼ੇ 'ਤੇ ਗੱਲ ਹੋਈ। ਖਾਸ ਤੌਰ 'ਤੇ ਅੱਤਵਾਦ ਤੇ ਨਸ਼ੀਲੇ ਪਦਾਰਥਾਂ ਦੇ ਗ਼ੈਰ-ਕਾਨੂੰਨੀ ਕਾਰੋਬਾਰ ਨਾਲ ਜੁੜੀਆਂ ਸੂਚਨਾਵਾਂ ਦੀ ਅਦਲਾ-ਬਦਲੀ ਨੂੰ ਕਿਸ ਤਰ੍ਹਾਂ ਬਿਹਤਰ ਕੀਤਾ ਜਾਵੇ, ਇਹ ਚਰਚਾ ਦਾ ਵਿਸ਼ਾ ਰਿਹਾ ਹੈ। ਗਬਾਰਡ ਨੇ ਭਾਰਤ 'ਚ ਦੁਨੀਆ ਦੇ ਕਈ ਦੇਸ਼ਾ ਦੇ ਖੁਫ਼ੀਆ ਵਿਭਾਗ ਦੇ ਮੁਖੀਆਂ ਦੀ ਬੈਠਕ 'ਚ ਵੀ ਹਿੱਸਾ ਲਿਆ।



## ਅੰਤ੍ਰਿੰਗ ਕਮੇਟੀ ਵਲੋਂ...

(ਪਹਿਲੇ ਸਫ਼ੇ ਦਾ ਬਾਕੀ)

ਕਿ ਅੰਤ੍ਰਿੰਗ ਕਮੇਟੀ ਵਲੋਂ ਜਥੇਦਾਰ ਸਾਹਿਬ ਦੇ ਆਦੇਸ਼ ਅਨੁਸਾਰ ਇਕ ਪ੍ਰਚੰਡ ਧਰਮ ਪ੍ਰਚਾਰ ਲਹਿਰ ਆਰੰਭੀ ਜਾਵੇਗੀ, ਜੋ ਘਰ-ਘਰ ਤੱਕ ਪਹੁੰਚ ਕਰੇਗੀ। ਇਹ ਲਹਿਰ ਇਸੇ ਸਾਲ 13 ਅਪ੍ਰੈਲ ਨੂੰ ਖ਼ਾਲਸਾ ਸਾਜਨਾ ਦਿਵਸ ਵਿਸਾਖੀ ਮੌਕੇ ਸ਼ੁਰੂ ਕੀਤੀ ਜਾਵੇਗੀ। ਇਸ ਦੀ ਆਰੰਭਤਾ ਮੌਕੇ ਤਖ਼ਤ ਸਾਹਿਬਾਨ 'ਤੇ ਵੱਡੇ ਅੰਮ੍ਰਿਤ ਸੰਚਾਰ ਸਮਾਗਮ ਕੀਤੇ ਜਾਣਗੇ, ਜਿਨ੍ਹਾਂ 'ਚ ਹਜ਼ਾਰਾਂ ਦੀ ਗਿਣਤੀ ਅੰਦਰ ਸਿੱਖਾਂ ਨੂੰ ਅੰਮ੍ਰਿਤਪਾਣ ਕਰਵਾਇਆ। ਜਾਵੇਗਾ। ਉਨ੍ਹਾਂ ਕਿਹਾ ਕਿ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਤਿਹਾਸਕ ਖੰਡੇ ਨਾਲ ਅੰਮ੍ਰਿਤ ਸੰਚਾਰ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਸਾਲ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੇ 350ਵਾਂ ਸ਼ਹੀਦੀ ਦਿਹਾੜੇ ਅਤੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵਾਂ ਗੁਰਿਆਈ ਦਿਵਸ ਦੀ ਸ਼ਤਾਬਦੀ ਪੰਥਕ ਰਵਾਇਤਾਂ ਅਨੁਸਾਰ ਮਨਾਈ ਜਾ ਰਹੀ ਹੈ, ਇਸ ਲਈ ਇਹ ਧਰਮ ਪ੍ਰਚਾਰ ਲਹਿਰ ਇਨ੍ਹਾਂ ਦਿਹਾੜਿਆਂ ਨੂੰ ਸਮਰਪਿਤ ਹੋਵੇਗੀ। ਇਕੱਤਰਤਾ ਦੌਰਾਨ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਲਿਆਣ, ਜਨਰਲ ਸਕੱਤਰ ਸ਼ੇਰ ਸਿੰਘ ਮੰਡਵਾਲਾ, ਅਮਰੀਕ ਸਿੰਘ ਵਿਛੋਆ, ਸੁਰਜੀਤ ਸਿੰਘ ਤੁਗਲਵਾਲ, ਪਰਮਜੀਤ ਸਿੰਘ ਖ਼ਾਲਸਾ, ਸੁਰਜੀਤ ਸਿੰਘ ਗੜ੍ਹੀ, ਬਲਦੇਵ ਸਿੰਘ ਕਾਇਮਪੁਰ, ਦਲਜੀਤ ਸਿੰਘ ਭਿੰਡਰ, ਸੁਖਹਰਪ੍ਰੀਤ ਸਿੰਘ ਰੋਡੇ, ਰਵਿੰਦਰ ਸਿੰਘ ਖ਼ਾਲਸਾ, ਜਸਵੰਤ ਸਿੰਘ ਪੁੜੈਣ, ਪਰਮਜੀਤ ਸਿੰਘ ਰਾਏਪੁਰ, ਸਕੱਤਰ ਪ੍ਰਤਾਪ ਸਿੰਘ ਆਦਿ ਹਾਜ਼ਰ ਸਨ। ਬੀਬੀ ਹਰਜਿੰਦਰ ਕੌਰ ਅੱਜ ਦੀ ਮੀਟਿੰਗ 'ਚ ਹਾਜ਼ਰ ਨਹੀਂ ਸਨ। ਜ਼ਿਕਰਯੋਗ ਹੈ ਕਿ ਹਰਜਿੰਦਰ ਸਿੰਘ ਧਾਮੀ ਵਲੋਂ 17 ਫਰਵਰੀ ਨੂੰ ਪ੍ਰਧਾਨਗੀ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਉਪਰੰਤ ਅੰਤ੍ਰਿੰਗ ਕਮੇਟੀ ਦੀਆਂ ਦੋ ਮੀਟਿੰਗਾਂ 20 ਫਰਵਰੀ ਅਤੇ 7 ਮਾਰਚ ਨੂੰ ਹੋਈਆਂ ਸਨ, ਜਿਨ੍ਹਾਂ 'ਚ ਪ੍ਰਧਾਨ ਦੇ ਅਸਤੀਫ਼ੇ ਸੰਬੰਧੀ ਫ਼ੈਸਲਾ ਵਿਚਾਰ ਅਧੀਨ ਹੀ ਰਿਹਾ।

ਇਸ ਤੋਂ ਇਲਾਵਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਤਤਕਾਲੀ ਜਥੇਦਾਰ ਗਿਆਨੀ ਰਘਬੀਰ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਬਣਾਈ ਗਈ ਭਰਤੀ ਕਮੇਟੀ, ਅਕਾਲੀ ਦਲ ਦੀ ਸੀਨੀਅਰ ਲੀਡਰਸ਼ਿਪ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਵੱਖ-ਵੱਖ ਸ਼ਖ਼ਸੀਅਤਾਂ ਵਲੋਂ ਵੀ ਸ: ਹਰਜਿੰਦਰ ਸਿੰਘ ਧਾਮੀ ਨੂੰ ਅਸਤੀਫ਼ਾ ਵਾਪਸ ਲੈਣ ਦੀ ਅਪੀਲ ਕੀਤੀ ਜਾ ਚੁੱਕੀ ਹੈ। ਜੇਕਰ ਹੁਣ ਹਰਜਿੰਦਰ ਸਿੰਘ ਧਾਮੀ ਉਕਤ ਸਮੂਹ ਸ਼ਖ਼ਸੀਅਤਾਂ ਅਤੇ ਅੰਤ੍ਰਿੰਗ ਕਮੇਟੀ ਦੀ ਬੇਨਤੀ ਨੂੰ ਪ੍ਰਵਾਨ ਕਰਕੇ ਆਪਣਾ ਅਸਤੀਫ਼ਾ ਵਾਪਸ ਲੈ ਲੈਂਦੇ ਹਨ ਤਾਂ 28 ਮਾਰਚ ਨੂੰ ਸ਼੍ਰੋਮਣੀ ਕਮੇਟੀ ਦੇ ਹੋ ਰਹੇ ਜਨਰਲ ਇਜਲਾਸ ਦੀ ਪ੍ਰਧਾਨਗੀ ਸ: ਹਰਜਿੰਦਰ ਸਿੰਘ ਧਾਮੀ ਕਰਨਗੇ।


## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਸੁਰਿੰਦਰ ਸਿੰਘ ਸੁੰਨੜ

# ਪੁਲਿਸ ਮੁਕਾਬਲੇ 'ਚ ਜ਼ਖ਼ਮੀ ਹੋਏ ਗੈਂਗਸਟਰ ਦੀ ਮੌਤ



**ਅੰਮ੍ਰਿਤਸਰ:** ਬਿਆਸ ਦੇ ਸ਼ੇਰੋਂ ਬਾਘਾ ਪਿੰਡ ਨੇੜੇ ਐਨਕਾਊਂਟਰ 'ਚ ਪੁਲਿਸ ਮੁਲਾਜ਼ਮ ਤੇ ਗੈਂਗਸਟਰ ਗੋਲੀ ਲੱਗਣ ਨਾਲ ਜ਼ਖ਼ਮੀ ਹੋ ਗਏ। ਇਸ ਦੌਰਾਨ ਹਸਪਤਾਲ 'ਚ ਦਾਖ਼ਲ ਗੈਂਗਸਟਰ ਦੀ ਮੌਤ ਹੋ ਗਈ। ਹਿਮਾਚਲ ਪ੍ਰਦੇਸ਼ ਦੇ ਸੋਲਨ ਜ਼ਿਲ੍ਹੇ 'ਚੋਂ ਗ੍ਰਿਫ਼ਤਾਰ ਕੀਤੇ ਗਏ ਬਿਸ਼ੰਬਰਜੀਤ ਸਿੰਘ ਤੇ ਉਸ ਦੇ ਸਾਥੀ ਸ਼ਰਨਜੀਤ ਸਿੰਘ ਵੱਲੋਂ ਨਿਸ਼ਾਨਦੇਹੀ ਦੇ ਆਧਾਰ 'ਤੇ ਪੁਲਿਸ ਐਤਵਾਰ ਦੁਪਹਿਰ ਨੂੰ ਹਥਿਆਰ ਬਰਾਮਦ ਕਰਨ ਲਈ ਸ਼ੇਰੋ ਬਾਘਾ ਪਿੰਡ ਦੇ ਨੇੜੇ ਪਹੁੰਚੀ ਸੀ। ਡੀਆਈਜੀ ਸਤਿੰਦਰ ਸਿੰਘ ਨੇ ਕਿਹਾ ਕਿ ਗੈਂਗਸਟਰ ਬਿਸ਼ੰਬਰਜੀਤ ਨੇ ਝਾੜੀਆਂ 'ਚ ਲੁਕਾਏ ਹੋਏ 9 ਐੱਮਐੱਮ ਹਥਿਆਰ ਨਾਲ ਪੁਲਿਸ 'ਤੇ ਗੋਲੀਬਾਰੀ ਕੀਤੀ। ਜਵਾਬੀ ਕਾਰਵਾਈ ਕਰਦਿਆਂ ਪੁਲਿਸ ਨੇ ਗੋਲੀਬਾਰੀ ਕੀਤੀ ਤੇ ਬਿਸ਼ੰਬਰ ਨੂੰ ਜ਼ਖ਼ਮੀ ਕਰ ਦਿੱਤਾ। ਪੁਲਿਸ ਮੁਲਾਜ਼ਮ ਗੈਂਗਸਟਰ ਨੂੰ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਹੈ। ਡੀਆਈਜੀ ਨੇ ਕਿਹਾ ਕਿ 9 ਮਾਰਚ ਦੀ ਸ਼ਾਮ ਨੂੰ ਦੋ ਬਾਈਕਾਂ 'ਤੇ ਸਵਾਰ ਛੇ ਗੈਂਗਸਟਰਾਂ ਨੇ ਮਹਿਤਾ ਦੇ ਪਿੰਡ ਚੁਗੇ ਨੇੜੇ ਇਕ ਲੰਗਰ ਦੇ ਬਾਹਰ ਜੱਗੂ ਗੈਂਗ ਦੇ ਗੁਰਗੇ ਰਵਿੰਦਰ ਸਿੰਘ ਦੀ ਗੋਲ਼ੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਇਹ ਦੋਸ਼ ਲਗਾਇਆ ਗਿਆ ਸੀ ਕਿ ਰਵਿੰਦਰ ਸਿੰਘ ਨੇ ਜੱਗੂ ਦੇ ਇਸ਼ਾਰੇ 'ਤੇ ਰਾਣਾ ਕੰਦੋਵਾਲੀਆ ਦੇ ਕਤਲ 'ਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਜਦੋਂ ਵਿਦੇਸ਼ੀ ਗੈਂਗਸਟਰ ਡੋਨੀ ਬਲ ਤੇ ਮਾਨ ਘਣਸ਼ਾਮਪੁਰੀਆ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਰਵਿੰਦਰ ਸਿੰਘ ਨੂੰ ਮਾਰਨ ਲਈ ਆਪਣੇ ਗੁਰਗੇ ਭੇਜ ਦਿੱਤੇ। ਇਸ ਤੋਂ ਬਾਅਦ ਪੁਲਿਸ ਨੇ ਕਾਰਵਾਈ ਕਰਦਿਆਂ ਪ੍ਰਦੀਪ ਸਿੰਘ ਤੇ ਦਾਨਿਸ਼ ਨੂੰ ਮਹਿਤਾ ਚੌਕ ਇਲਾਕੇ ਤੋਂ ਗ੍ਰਿਫ਼ਤਾਰ ਕਰ ਲਿਆ। ਦੋਵਾਂ ਨੇ ਗੈਂਗਸਟਰਾਂ ਦੇ ਰਹਿਣ ਤੇ ਖਾਣ-ਪੀਣ ਦਾ ਪ੍ਰਬੰਧ ਕੀਤਾ ਸੀ। ਦੋਵਾਂ ਤੋਂ ਪੁੱਛਗਿੱਛ ਕਰਨ ਮਗਰੋਂ ਪੁਲਿਸ ਨੂੰ ਪਤਾ ਲੱਗਾ ਕਿ ਇਹ ਵਾਰਦਾਤ ਬਟਾਲਾ ਦੇ ਪਿੰਡ ਰਗੜ ਨੰਗਲ ਦੇ ਵਸਨੀਕ ਬਿਸ਼ੰਬਰਜੀਤ ਸਿੰਘ, ਸ਼ਰਨਜੀਤ ਸਿੰਘ ਤੇ ਵਿਕਰਮਜੀਤ ਸਿੰਘ ਨੇ ਕੀਤੀ ਸੀ। ਪੁਲਿਸ ਨੂੰ ਇਕ ਸੁਰਾਗ ਮਿਲਿਆ ਸੀ ਕਿ ਘਟਨਾ ਤੋਂ ਬਾਅਦ ਤਿੰਨੋਂ ਹਿਮਾਚਲ ਪ੍ਰਦੇਸ਼ ਦੇ ਸੋਲਨ ਜ਼ਿਲ੍ਹੇ 'ਚ ਲੁਕੇ ਹੋਏ ਸਨ। ਛਾਪੇਮਾਰੀ ਕਰਦੇ ਹੋਏ ਪੁਲਿਸ ਨੇ ਬਿਸ਼ੰਬਰਜੀਤ ਤੇ ਸ਼ਰਨਜੀਤ ਨੂੰ ਗ੍ਰਿਫਤਾਰ ਕਰ ਲਿਆ। ਜਦਕਿ ਤੀਜਾ ਵਿਕਰਮਜੀਤ ਸਿੰਘ ਪੁਲਿਸ ਨੂੰ ਚਕਮਾ ਦੇ ਕੇ ਫ਼ਰਾਰ ਹੋ ਗਿਆ। ਦੋਵਾਂ ਤੋਂ ਪੁੱਛਗਿੱਛ ਕਰਨ ਤੋਂ ਬਾਅਦ ਮਹਿਤਾ ਪੁਲਿਸ ਐਤਵਾਰ ਸਵੇਰੇ ਉਨ੍ਹਾਂ ਦੀ ਨਿਸ਼ਾਨਦੇਹੀ 'ਤੇ ਬਿਆਸ 'ਚ ਲੁਕਾਈ ਪਿਸਤੌਲ ਬਰਾਮਦ ਕਰਨ ਪਹੁੰਚੀ।

## ਬਿਸ਼ੰਬਰਜੀਤ ਨੂੰ ਝਾੜੀਆਂ 'ਚੋਂ ਪਿਸਤੌਲ ਕੱਢਣ ਲਈ ਆਜ਼ਾਦ ਛੱਡ ਦਿੱਤਾ ਗਿਆ

ਮੁਲਜ਼ਮ ਨੇ ਪਿਸਤੌਲ ਕੱਢੀ ਤੇ ਪੁਲਿਸ 'ਤੇ ਗੋਲੀਬਾਰੀ ਕੀਤੀ, ਜਿਸ ਨਾਲ ਇਕ ਪੁਲਿਸ ਮੁਲਾਜ਼ਮ ਜ਼ਖ਼ਮੀ ਹੋ ਗਿਆ। ਜਵਾਬੀ ਕਾਰਵਾਈ 'ਚ ਪੁਲਿਸ ਨੇ ਬਿਸ਼ੰਬਰ ਦੀ ਲੱਤ 'ਚ ਗੋਲੀ ਮਾਰ ਦਿੱਤੀ, ਜਿਸ ਨਾਲ ਉਹ ਜ਼ਖ਼ਮੀ ਹੋ ਗਿਆ ਤੇ ਬਾਅਦ 'ਚ ਉਸਦੀ ਮੌਤ ਹੋ ਗਈ।

# ਪੰਜਾਬ ਵਿਚ ਔਰਤਾਂ ਸੁਰੱਖਿਅਤ ਨਹੀਂ: ਇਸਤਰੀ ਜਾਗ੍ਰਿਤੀ ਮੰਚ

**ਜਲੰਧਰ:** ਸੂਬੇ 'ਚ ਔਰਤਾਂ ਪ੍ਰਤੀ ਵਧ ਰਹੇ ਅਪਰਾਧਾ ਲਈ ਇਸਤਰੀ ਜਾਗਰਤੀ ਮੰਚ ਨੇ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ ਤੇ ਸਵਾਲ ਖੜ੍ਹੇ ਕੀਤੇ ਹਨ। ਪ੍ਰੈਸ ਦੇ ਨਾਮ ਬਿਆਨ ਜਾਰੀ ਕਰਦਿਆਂ




ਇਸਤਰੀ ਜਾਗਰਿਤੀ ਮੰਚ ਦੇ ਆਗੂ ਅਮਨਦੀਪ ਕੌਰ ਅਤੇ ਪ੍ਰੈਸ ਸਕੱਤਰ ਜਸਵੀਰ ਕੌਰ ਨੇ ਕਿਹਾ ਕਿ ਸੂਬੇ ਅੰਦਰ ਲਗਾਤਾਰ ਤਿੰਨ ਲੜਕੀਆਂ ਨੂੰ ਬਲਾਤਕਾਰ ਕਰਨ ਤੋਂ ਬਾਅਦ ਉਹਨਾਂ ਦੇ ਕਤਲ ਕਰ ਦੇਣ ਦੀਆਂ ਘਟਨਾਵਾਂ ਲਗਾਤਾਰ ਪੰਜਾਬ ਅੰਦਰ ਔਰਤਾਂ ਦੀ ਸੁਰੱਖਿਆ ਉੱਪਰ ਸਵਾਲ-ਚਿੰਨ ਖੜ੍ਹੇ ਕਰ ਰਹੀ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਔਰਤਾਂ ਨੂੰ ਸੁਰੱਖਿਆ ਦੇਣ ਵਿੱਚ ਨਾਕਾਮ ਸਾਬਿਤ ਹੋ ਰਹੀ ਹੈ। ਮਾਨਸੇ ਦੇ ਅੰਦਰ ਇੱਕ ਛੋਟੀ ਬੱਚੀ ਦੇ ਨਾਲ ਰੇਪ ਦੀ ਘਟਨਾ ਸਾਹਮਣੇ ਆਈ ਹੈ, ਸੰਗਰੂਰ ਹਸਪਤਾਲ ਦੇ ਅੰਦਰ ਔਰਤਾਂ ਨੂੰ ਗਲਤ ਗੂਲਕੋਜ਼ ਲਗਾਇਆ ਗਿਆ ਹੈ ਜਿਨਾਂ ਨੇ ਬੱਚਿਆਂ ਨੂੰ ਜਨਮ ਦਿੱਤਾ ਸੀ। ਬਨੂੜ ਦੀ ਬੱਚੀ ਮਿਤਾਲੀ ਨੂੰ ਬਚਾਇਆ. ਜਾ ਸਕਦਾ ਸੀ ਜੇਕਰ ਪੁਲਸ ਇਸ ਮਸਲੇ ਨੂੰ 'ਸੰਜੀਦਗੀ ਨਾਲ ਲੈਂਦੀ। ਇੱਕ ਪਾਸੇ ਪੁਲਸ ਨੂੰ ਵਾਧੂ ਤਾਕਤਾਂ ਦੀਆਂ ਜਾ ਰਹੀਆਂ ਹਨ ਅਤੇ ਦੂਜੇ ਪਾਸੇ ਆਮ ਲੋਕਾਂ ਦੀ ਸੁਣਵਾਈ ਨਹੀਂ ਹੋ ਰਹੀ। ਸੂਬੇ ਦੀ ਸਰਕਾਰ ਦੀ ਔਰਤਾਂ ਦੇ ਪ੍ਰਤੀ ਪਹੁੰਚ ਸਾਫ ਨਜ਼ਰ ਆ ਰਹੀ ਆ ਕਿ ਕਿਸ ਤਰ੍ਹਾਂ ਉਹ ਬਿਲਕੁਲ ਹੀ ਔਰਤਾਂ ਪ੍ਰਤੀ ਗ਼ੈਰ ਸੰਜੀਦਗੀ ਦੇ ਨਾਲ ਚੱਲ ਰਹੀ ਹੈ। ਆਗੂਆਂ ਨੇ ਮੰਗ ਕੀਤੀ ਕਿ ਉੱਤਰਾਖੰਡ ਦੇ ਅੰਕਿਤਾ ਮਾਮਲੇ ਵਿੱਚ ਸੀ.ਬੀ.ਆਈ. ਦੀ ਜਾਂਚ ਕੀਤੀ ਜਾਵੇ।

# ਅਰਸ਼ ਡੱਲਾ ਦਾ ਸ਼ੂਟਰ ਸਾਥੀ ਕਾਬੂ

**ਜਗਰਾਓ:** ਜਗਰਾਓ ਨੇੜਲੇ ਪਿੰਡ ਸਦਰਪੁਰਾ 'ਚ ਅੱਜ ਤੜਕਸਾਰ ਜਗਰਾਓ ਪੁਲਿਸ ਤੇ ਏ.ਜੀ.ਟੀ.ਐੱਫ. ਦੀ ਸਾਂਝੀ ਟੀਮ ਨਾਲ ਹੋਏ ਪੁਲਿਸ ਮੁਕਾਬਲੇ 'ਚ ਅੱਤਵਾਦੀ ਅਰਸ਼ ਡੱਲਾ ਦਾ ਸ਼ੂਟਰ ਸਾਥੀ ਦਬੋਚ ਲਿਆ ਗਿਆ। ਇਸ ਸ਼ੂਟਰ ਵੱਲੋਂ ਆਪਣੇ ਇਕ ਹੋਰ ਸਾਥੀ ਨਾਲ ਮਿਲ ਕੇ 11 ਦਿਨ ਪਹਿਲਾਂ ਜਗਰਾਓ ਦੇ ਮੁੱਖ ਝਾਂਸੀ ਚੌਕ ਸਥਿਤ ਨਾਮੀ ਲੱਡੂ ਲੱਖੇ ਵਾਲੇ ਜਿਊਲਰਜ਼ ਦੇ ਬਾਹਰ ਫਾਇਰਿੰਗ ਕਰ ਕੇ ਭੱਜੇ ਸਨ, ਜਿਸ ਨੂੰ ਅੱਜ ਪੰਜਾਬ ਪੁਲਿਸ ਦੀ ਸਾਂਝੀ ਟੀਮ ਨੇ ਪਿੱਛਾ ਕੀਤਾ ਤਾਂ ਉਸ ਵੱਲੋਂ ਪੁਲਿਸ ਟੀਮ 'ਤੇ ਫਾਇਰਿੰਗ ਕੀਤੀ। ਜਵਾਬੀ ਫਾਇਰਿੰਗ 'ਚ ਸ਼ੂਟਰ ਦੀ ਸੱਜੀ ਲੱਤ 'ਚ ਗੋਲੀ ਲੱਗੀ ਅਤੇ ਪੁਲਿਸ ਟੀਮ ਨੇ ਕਾਬੂ ਕਰ ਲਿਆ। ਐਤਵਾਰ ਨੂੰ ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਅਨੁਸਾਰ ਪੁਲਿਸ ਮੁਕਾਬਲੇ 'ਚ ਜ਼ਖ਼ਮੀ ਹੋਇਆ ਫਿਰੋਜ਼ਪੁਰ ਦੇ ਜ਼ੀਰਾ ਦੀ ਬਸਤੀ ਮਨਸੀਆਂ ਵਾਲੀ ਵਾਸੀ ਕਰਿਸ਼ਨ ਉਰਫ ਕਾਕੀ ਪੁੱਤਰ ਰਾਜੂ ਹੈ, ਜੋ ਵਿਦੇਸ਼-ਆਧਾਰਤ ਗੈਂਗਸਟਰ




ਅਰਸ਼ਦੀਪ ਸਿੰਘ ਉਰਫ਼ ਅਰਸ਼ ਡੱਲਾ ਦਾ ਕਾਰਕੁੰਨ ਹੈ, ਜਿਸ ਨੇ ਗੈਂਗਸਟਰ ਅਰਸ਼ ਡੱਲਾ ਦੇ ਇਸ਼ਾਰੇ ਤੈਅ ਕਾਰਵਾਈਆਂ ਕੀਤੀਆਂ ਸਨ।

ਪੁਲਿਸ ਦੀਆਂ ਟੀਮਾਂ ਵੱਲੋਂ ਉਸ ਦੀ ਲੋਕੇਸ਼ਨ ਟਰੈਕ ਕਰਦਿਆਂ ਪਿੰਡ ਸਦਰਪੁਰਾ ਜਾ ਪੁੱਜੀਆਂ। ਕ੍ਰਿਸ਼ਨ ਨੇ ਪੁਲਿਸ ਟੀਮ 'ਤੇ ਲਗਾਤਾਰ ਤਿੰਨ ਫਾਇਰ ਕੀਤੇ। ਜਿਨ੍ਹਾਂ 'ਚੋਂ ਇਕ ਫਾਇਰ ਪੁਲਿਸ ਦੀ ਇਕ ਗੱਡੀ ਦੀ ਮੂਹਰਲੀ ਲਾਈਟ 'ਚ ਲੱਗੀ। ਇਸ 'ਤੇ ਪੁਲਿਸ ਨੇ ਫਾਇਰਿੰਗ ਕੀਤੀ ਤਾਂ ਇਕ ਗੋਲੀ ਕ੍ਰਿਸ਼ਨ ਦੀ ਸੱਜੀ ਲੱਤ 'ਚ ਲੱਗੀ ਅਤੇ ਉਹ ਡਿੱਗ ਪਿਆ, ਜਿਸ ਤੋਂ ਟੀਮ ਨੇ ਉਸ ਨੂੰ ਕਾਬੂ ਕੀਤਾ ਅਤੇ ਐਂਬੂਲੈਂਸ ਰਾਹੀਂ ਜਗਰਾਓਂ ਦੇ ਸਿਵਲ ਹਸਪਤਾਲ 'ਚ ਇਲਾਜ ਲਈ ਭਰਤੀ ਕਰਵਾਇਆ। ਇਸ ਮੌਕੇ ਐੱਸਐੱਸਪੀ ਡਾ. ਅੰਕੁਰ ਗੁਪਤਾ ਨੇ ਦੱਸਿਆ ਕਿ ਅੱਜ ਪੁਲਿਸ ਨੇ ਲੱਖੇ ਵਾਲੇ ਲੱਡੂ ਜਿਊਲਰਜ਼ ਦੇ ਸ਼ੋਅ ਰੂਮ 'ਤੇ ਫਾਇਰਿੰਗ ਕਰਨ ਵਾਲੇ ਮੁੱਖ ਮੁਜਰਮ ਕ੍ਰਿਸ਼ਨ ਨੂੰ ਗ੍ਰਿਫ਼ਤਾਰ ਕਰ ਲਿਆ, ਜਦਕਿ ਇਸ ਦਾ ਦੂਸਰਾ ਸਾਥੀ ਦੀਪੂ ਵਾਸੀ ਮੋਗਾ ਫਰਾਰ ਹੈ, ਜਿਸ ਨੂੰ ਵੀ ਜਲਦੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਐੱਸਐੱਸਪੀ ਡਾ. ਗੁਪਤਾ ਅਨੁਸਾਰ ਮੁਕਾਬਲੇ 'ਚ ਜ਼ਖ਼ਮੀ ਹੋਏ ਕ੍ਰਿਸ਼ਨ ਕੋਲੋਂ ਇਕ ਪਿਸਟਲ ਬਰਾਮਦ ਕੀਤਾ ਗਿਆ ਹੈ ਅਤੇ ਅੱਜ ਉਹ ਉਸੇ ਮੋਟਰਸਾਈਕਲ 'ਤੇ ਸੀ, ਜਿਸ 'ਤੇ ਉਨ੍ਹਾਂ ਜਗਰਾਓਂ ਦੀ ਜਿਊਲਰੀ ਸ਼ੋਅ ਰੂਮ 'ਤੇ ਫ਼ਾਇਰਿੰਗ ਦੀ ਵਾਰਦਾਤ 'ਚ ਵਰਤਿਆ ਸੀ।

# ਗਾਹਕਾਂ ਤੋਂ ਮੋਬਾਈਲ ਨੰਬਰ ਨਹੀਂ ਲੈ ਸਕਦੇ ਰਿਟੇਲ ਸਟੋਰ

**ਚੰਡੀਗੜ੍ਹ:** ਪੰਜਾਬ ਰਾਜ ਖਪਤਕਾਰ ਕਮਿਸ਼ਨ ਨੇ ਕਿਹਾ ਕਿ ਕੋਈ ਵੀ ਰਿਟੇਲ ਸਟੋਰ ਬਿੱਲ ਜਾਰੀ ਕਰਦੇ ਸਮੇਂ ਗਾਹਕ ਦਾ ਮੋਬਾਈਲ ਨੰਬਰ ਨਹੀਂ ਲੈ ਸਕਦਾ। ਜੇ ਕੋਈ ਅਜਿਹਾ ਕਰਦਾ ਹੈ ਤਾਂ ਇਹ ਨਿਯਮਾਂ ਦੀ ਉਲੰਘਣਾ ਹੈ। ਕਮਿਸ਼ਨ ਨੇ ਇਹ ਫ਼ੈਸਲਾ ਪੰਕਜ ਚਾਂਦਗੋਠੀਆ ਦੀ ਸ਼ਿਕਾਇਤ 'ਤੇ ਦਿੱਤਾ ਹੈ। ਕਮਿਸ਼ਨ ਨੇ ਐਲਾਂਤੇ ਮਾਲ ਦੇ ਇਕ ਸਟੋਰ ਨੂੰ ਇਸ ਮਾਮਲੇ 'ਚ ਦੋਸ਼ੀ ਠਹਿਰਾਇਆ ਤੇ ਚਾਂਦਗੋਠੀਆ ਦਾ ਮੋਬਾਈਲ ਨੰਬਰ ਤੁਰੰਤ ਆਪਣੇ ਡੈਟਾਬੇਸ ਤੋਂ ਹਟਾਉਣ ਦੇ ਨਿਰਦੇਸ਼ ਦਿੱਤੇ।

# ਭਗਵੰਤ ਮਾਨ ਬਣਿਆ ਰਹੇਗਾ ਮੁੱਖ ਮੰਤਰੀ: ਕੇਜਰੀਵਾਲ



**ਅੰਮ੍ਰਿਤਸਰ:** ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਸਪੱਸ਼ਟ ਕੀਤਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੂੰ ਹਟਾਉਣ ਦੀ ਗੱਲ ਸਿਰਫ਼ ਅਫਵਾਹ ਹੈ। ਭਗਵੰਤ ਮਾਨ ਆਪਣਾ ਪੰਜ ਸਾਲ ਦਾ ਕਾਰਜਕਾਲ ਪੂਰਾ ਕਰਨਗੇ।

ਪੰਜਾਬ ਵਿਚ 'ਆਪ' ਸਰਕਾਰ ਦੇ ਤਿੰਨ ਸਾਲ ਪੂਰੇ ਹੋਣ 'ਤੇ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਐਤਵਾਰ ਦੁਪਹਿਰ ਨੂੰ ਸ੍ਰੀ ਹਰਿਮੰਦਰ ਸਾਹਿਬ, ਭਗਵਾਨ ਵਾਲਮੀਕਿ ਤੀਰਥ ਸਥਲ ਅਤੇ ਸ੍ਰੀ ਦੁਰਗਿਆਣਾ ਮੰਦਰ ਵਿਖੇ ਮੱਥਾ ਟੇਕਿਆ। ਕੇਜਰੀਵਾਲ ਨੇ ਕਿਹਾ ਕਿ ਭਗਵੰਤ ਮਾਨ ਮੌਜੂਦਾ ਪੰਜ ਸਾਲ ਦਾ ਕਾਰਜਕਾਲ ਹੀ ਨਹੀਂ ਸਗੋਂ ਇਸ ਤੋਂ ਬਾਅਦ ਅਗਲੇ ਪੰਜ ਸਾਲ ਦਾ ਕਾਰਜਕਾਲ ਵੀ ਪੂਰਾ ਕਰਨਗੇ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਬਿਨਾਂ ਕਿਸੇ ਕਾਰਨ ਮਾਨ ਨੂੰ ਹਟਾਉਣ ਦੀਆਂ ਅਫਵਾਹਾਂ ਫੈਲਾ ਰਹੀ ਹੈ, ਕੋਈ ਬਦਲਾਅ ਨਹੀਂ ਕੀਤਾ ਜਾ ਰਿਹਾ।

ਕੇਜਰੀਵਾਲ ਨੇ ਕਿਹਾ ਕਿ 'ਆਪ' ਸਰਕਾਰ ਨਸ਼ਾ ਤਸਕਰਾਂ ਵਿਰੁੱਧ ਆਪਣੀ ਜੰਗ ਜਾਰੀ ਰੱਖੇਗੀ। ਇਸ ਵੇਲੇ ਨਸ਼ਾ ਸੂਬੇ ਦੀ ਸਭ ਤੋਂ ਵੱਡੀ ਸਮੱਸਿਆ ਹੈ ਅਤੇ ਸਰਕਾਰ ਇਸ ਨੂੰ ਹੱਲ ਕਰਨ ਲਈ ਦ੍ਰਿੜ ਹੈ। ਕਿਸੇ ਵੀ ਨਸ਼ਾ ਤਸਕਰ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਸਰਕਾਰ ਨਸ਼ਿਆਂ ਦੀ 'ਦੁਰਵਰਤੋਂ ਨੂੰ ਖ਼ਤਮ ਕਰਨ ਅਤੇ ਸੂਬੇ ਨੂੰ ਦੁਬਾਰਾ ਰੰਗਲਾ ਪੰਜਾਬ ਬਣਾਉਣ ਲਈ ਦ੍ਰਿੜ ਹੈ। ਉਨ੍ਹਾਂ ਕਿਹਾ ਕਿ ਅੰਮਿਝਤਪਾਲ ਅਤੇ ਹੋਰਾਂ ਵਿਰੁੱਧ ਐੱਨ.ਐੱਸ.ਏ. ਜਾਰੀ ਰਹੇਗਾ।

ਭਗਵੰਤ ਮਾਨ ਅਤੇ ਕੇਜਰੀਵਾਲ ਨੇ ਕਿਹਾ ਕਿ ਉਨ੍ਹਾਂ ਨੇ ਸਾਰਿਆਂ ਦੀ ਭਲਾਈ ਲਈ ਪ੍ਰਾਰਥਨਾ ਕੀਤੀ ਹੈ। ਉਨ੍ਹਾਂ ਨੇ 16 ਮਾਰਚ ਨੂੰ ਸਰਕਾਰ ਦੇ ਤਿੰਨ ਸਾਲ ਪੂਰੇ ਹੋਣ 'ਤੇ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ। ਉਨ੍ਹਾਂ ਨੇ ਆਪਣੇ ਸੇਵਾ ਕਾਰਜ ਨੂੰ ਜਾਰੀ ਰੱਖਣ ਦੇ ਨਾਲ-ਨਾਲ ਸੂਬੇ ਵਿੱਚੋਂ ਨਸ਼ਾ ਖਤਮ ਕਰਨ ਦੀ ਸਹੁੰ ਖਾਧੀ ਹੈ। ਕੇਜਰੀਵਾਲ ਨੇ ਕਿਹਾ ਕਿ ਇਹ ਬਹੁਤ ਮਾਣ ਅਤੇ ਸੰਤੁਸ਼ਟੀ ਵਾਲੀ ਗੱਲ ਹੈ ਕਿ ਸੂਬਾ ਸਰਕਾਰ ਨੇ ਪਿਛਲੇ ਤਿੰਨ ਸਾਲਾਂ ਵਿੱਚ ਲੋਕਾਂ ਦੀ ਸੇਵਾ ਲਈ ਇਤਿਹਾਸਕ ਫ਼ੈਸਲੇ ਲਏ ਹਨ। ਦੋਵਾਂ ਆਗੂਆਂ ਨੇ ਕਿਹਾ ਕਿ ਉਹ ਖ਼ੁਸ਼ਕਿਸਮਤ ਹਨ ਕਿ ਉਨ੍ਹਾਂ ਨੂੰ ਸੂਬੇ ਦੇ ਲੋਕਾਂ ਦੀ ਸੇਵਾ ਕਰਨ ਅਤੇ ਸੂਬੇ ਵਿਚ ਬੇਮਿਸਾਲ ਵਿਕਾਸ ਤੇ ਤਰੱਕੀ ਦੇ ਨਵੇਂ ਯੁੱਗ ਦੀ ਸ਼ੁਰੂਆਤ ਕਰਨ ਦਾ ਮੌਕਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਉਹ ਮਹਾਨ ਸਿੱਖ ਗੁਰੂਆਂ ਦੇ ਨਕਸ਼ੇ-ਕਦਮਾਂ 'ਤੇ ਚੱਲ ਕੇ ਲੋਕਾਂ ਦੀ ਸੇਵਾ ਕਰ ਰਹੇ ਹਨ। ਉਨ੍ਹਾਂ ਸੂਬੇ ਦੇ ਵਿਕਾਸ ਨੂੰ ਹੋਰ ਹੁਲਾਰਾ ਦੇਣ ਦਾ ਪ੍ਰਣ ਲਿਆ। ਉਨ੍ਹਾਂ ਕਿਹਾ ਕਿ ਪਿਛਲੇ ਤਿੰਨ ਸਾਲਾਂ ਵਿੱਚ ਪੰਜਾਬ ਵਿੱਚ ਵੱਡੀ ਤਬਦੀਲੀ ਦੇਖੀ ਗਈ ਹੈ ਅਤੇ ਅਗਲੇ ਦੋ ਸਾਲਾਂ ਵਿਚ ਸੂਬਾ ਹਰ ਖੇਤਰ ਵਿਚ ਦੇਸ਼ ਦੀ ਅਗਵਾਈ ਕਰੇਗਾ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦੋ ਸਾਲਾਂ ਵਿਚ ਵੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਦੇ ਸਖਤ ਯਤਨਾਂ ਸਦਕਾ ਸੂਬੇ ਵਿੱਚ ਕ੍ਰਾਂਤੀਕਾਰੀ ਤਬਦੀਲੀਆਂ ਆਉਣਗੀਆਂ। ਸੂਬਾ ਸਰਕਾਰ ਦਾ ਵਿਸ਼ੇਸ਼ ਧਿਆਨ ਸਮਾਜ ਦੇ ਕਮਜ਼ੋਰ ਅਤੇ ਪੱਛੜੇ ਵਰਗਾਂ ਦੀ ਸੇਵਾ 'ਤੇ ਹੋਵੇਗਾ। ਸਾਡਾ ਉਦੇਸ਼ ਪੰਜਾਬ ਨੂੰ ਸ਼ਾਂਤਮਈ, ਪ੍ਰਗਤੀਸ਼ੀਲ ਅਤੇ ਖ਼ੁਸ਼ਹਾਲ ਸੂਬਾ ਬਣਾਉਣ ਦੇ ਨਾਲ-ਨਾਲ ਨੌਜਵਾਨਾਂ ਨੂੰ ਇਸ ਨੇਕ ਕਾਰਜ ਵਿੱਚ ਸਰਗਰਮ ਭਾਈਵਾਲ ਬਣਾਉਣਾ ਹੈ।

ਇਸ ਮੌਕੇ ਕੈਬਨਿਟ ਮੰਤਰੀ ਕੁਲਦੀਪ ਸਿੰਘ, ਧਾਲੀਵਾਲ, ਹਰਭਜਨ ਸਿੰਘ ਈਟੀਓ, ਵਿਧਾਇਕ ਇੰਦਰਬੀਰ ਸਿੰਘ ਨਿੱਝਰ ਆਦਿ ਮੌਜੂਦ ਸਨ।

*ਪੰਜਾਬ ਵਿਚ 'ਆਪ' ਸਰਕਾਰ ਦੇ ਤਿੰਨ ਸਾਲ ਪੂਰੇ ਹੋਣ 'ਤੇ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਐਤਵਾਰ ਦੁਪਹਿਰ ਨੂੰ ਸ੍ਰੀ ਹਰਿਮੰਦਰ ਸਾਹਿਬ, ਭਗਵਾਨ ਵਾਲਮੀਕਿ ਤੀਰਥ ਸਥਲ ਅਤੇ ਸ੍ਰੀ ਦੁਰਗਿਆਣਾ ਮੰਦਰ ਵਿਖੇ ਮੱਥਾ ਟੇਕਿਆ।*

## ਸੰਗਤ ਨਾਲ ਪੁਲਿਸ ਦੀ ਧੱਕਾ-ਮੁੱਕੀ

ਜਦੋਂ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮੱਥਾ ਟੇਕਣ ਪਹੁੰਚੇ ਤਾਂ ਉੱਥੇ ਇਕੱਠੇ ਹੋਏ ਸ਼ਰਧਾਲੂਆਂ ਅਤੇ ਪੁਲਿਸ ਅਧਿਕਾਰੀਆਂ ਵਿਚਕਾਰ ਹੱਥੋਪਾਈ ਹੋ ਗਈ। ਝਬਾਲ ਦੇ ਵਸਨੀਕ ਗੁਰਮੀਤ ਸਿੰਘ ਨੇ ਅਕਾਲੀ ਸਰਕਾਰ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਵਿਚ ਹੁਣ ਤੱਕ ਇਨਸਾਫ਼ ਨਾ ਦੇਣ ਲਈ 'ਆਪ' ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ। ਉਨ੍ਹਾਂ ਆਪਣੇ ਗਲੇ ਵਿਚ ਤਖ਼ਤੀ ਬੰਨ੍ਹੀ ਹੋਈ ਸੀ ਜਿਸ 'ਤੇ ਲਿਖਿਆ ਸੀ, 'ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਪਮਾਨ ਕਰਨ ਵਾਲੇ ਸਿਆਸਤਦਾਨਾਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ।'

# ਬਲੋਚ ਬਾਗੀਆਂ ਵਲੋਂ ਪਾਕਿਸਤਾਨੀ ਫ਼ੌਜ 'ਤੇ ਹਮਲਾ

## 90 ਫ਼ੌਜੀ ਮਾਰਨ ਦਾ ਦਾਅਵਾ



**ਨਵੀਂ ਦਿੱਲੀ:** ਪਾਕਿਸਤਾਨ 'ਚ ਜਾਫਰ ਐਕਸਪ੍ਰੈੱਸ ਦੀ ਹਾਈਜੈਕਿੰਗ ਤੋਂ ਬਾਅਦ ਬਲੋਚਿਸਤਾਨ ਲਿਬਰੇਸ਼ਨ ਆਰਮੀ (ਬੀਐੱਲਏ) ਦੇ ਬਾਗੀਆਂ ਨੇ ਐਤਵਾਰ ਨੂੰ ਬਲੋਚਿਸਤਾਨ ਸੂਬੇ ਦੇ ਨੋਸ਼ਕੀ ਜ਼ਿਲ੍ਹੇ 'ਚ ਪਾਕਿਸਤਾਨੀ ਫ਼ੌਜ ਦੇ ਕਾਫਲੇ 'ਤੇ ਫਿਦਾਈਨ ਹਮਲਾ ਕਰਕੇ 90 ਫ਼ੌਜੀਆਂ ਨੂੰ ਮਾਰ ਦਿੱਤਾ। ਬੀਐੱਲਏ ਨੇ ਹਮਲੇ ਦੀ ਜ਼ਿੰਮੇਵਾਰੀ ਲੈਂਦੇ ਹੋਏ ਵੀਡੀਓ ਵੀ ਜਾਰੀ ਕੀਤਾ ਹੈ। ਹਾਲਾਂਕਿ ਪਾਕਿਸਤਾਨੀ ਪੁਲਿਸ ਨੇ ਹਮਲੇ 'ਚ ਤਿੰਨ ਫ਼ੌਜੀਆਂ ਤੇ ਦੋ ਨਾਗਰਿਕਾਂ ਦੇ ਮਾਰੇ ਜਾਣ ਦੀ ਪੁਸ਼ਟੀ ਕੀਤੀ ਹੈ। ਇਸ ਤੋਂ ਪਹਿਲਾਂ ਬੀਐੱਲਏ ਨੇ 11 ਮਾਰਚ ਨੂੰ 440 ਯਾਤਰੀਆਂ ਨੂੰ ਲਿਜਾ ਰਹੀ ਜਾਫਰ ਐਕਸਪ੍ਰੈੱਸ ਨੂੰ ਹਾਈਜੈਕ ਕਰ ਲਿਆ ਸੀ। ਉਸ ਨੇ ਇਸ ਦੀ ਜ਼ਿੰਮੇਵਾਰੀ ਲੈਂਦੇ ਹੋਏ 214 ਯਾਤਰੀਆਂ ਨੂੰ ਬੰਧਕ ਬਣਾਉਣ ਦਾ ਦਾਅਵਾ ਕੀਤਾ ਸੀ ਅਤੇ ਉਨ੍ਹਾਂ ਦੇ ਬਦਲੇ ਬਲੋਚ ਕੈਦੀਆਂ ਨੂੰ ਛੱਡਣ ਲਈ 48 ਘੰਟੇ ਦਾ ਅਲਟੀਮੇਟਮ ਦਿੱਤਾ ਸੀ। ਬਾਅਦ 'ਚ ਉਸ ਨੇ ਸਾਰੇ ਬੰਧਕਾਂ ਨੂੰ ਮਾਰ ਦਿੱਤਾ ਸੀ।

ਬੀਐੱਲਏ ਨੇ ਐਤਵਾਰ ਨੂੰ ਇਕ ਬਿਆਨ ਜਾਰੀ ਕਰਕੇ ਕਿਹਾ ਕਿ ਉਸ ਦੇ ਆਤਮਘਾਤੀ ਦਸਤੇ 'ਮਜੀਦ ਬ੍ਰਿਗੇਡ' ਨੇ ਨੋਸ਼ਕੀ 'ਚ ਰਖਸ਼ਨ ਮਿੱਲ ਕੋਲ ਪਾਕਿਸਤਾਨੀ ਫ਼ੌਜ ਦੇ ਕਾਫਲੇ ਨੂੰ ਨਿਸ਼ਾਨਾ ਬਣਾਇਆ। ਇਸ ਕਾਫਲੇ 'ਚ ਅੱਠ ਬੱਸਾਂ ਸਨ, ਜਿਨ੍ਹਾਂ 'ਚੋਂ ਇਕ ਬੱਸ ਧਮਾਕੇ 'ਚ ਪੂਰੀ ਤਰ੍ਹਾਂ ਨਸ਼ਟ ਹੋ ਗਈ। ਇਸ ਤੋਂ ਬਾਅਦ ਬੀਐੱਲਏ ਦੀ ਫਤਹਿ ਬ੍ਰਿਗੇਡ ਨੇ ਦੂਸਰੀ ਬੱਸ ਨੂੰ ਘੇਰ ਲਿਆ ਅਤੇ ਉਸ ਵਿਚ ਸਵਾਰ ਸਾਰੇ ਜਵਾਨਾਂ ਨੂੰ ਖ਼ਤਮ ਕਰ ਦਿੱਤਾ। ਉਥੇ ਇਕ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਇਕ ਆਤਮਘਾਤੀ ਹਮਲਾਵਰ ਨੇ ਨੋਸ਼ਕੀ-ਦਲਬੰਦਿਨ ਰਾਸ਼ਟਰੀ ਰਾਜ ਮਾਰਗ 'ਤੇ ਵਿਸਫੋਟਕਾਂ ਨਾਲ ਲੱਦੇ ਵਾਹਨ ਨਾਲ ਫਰੰਟੀਅਰ ਕੋਰ (ਐੱਫਸੀ) ਦੇ ਕਵੇਟਾ ਤੋਂ ਟਫਟਾਨ ਜਾ ਰਹੇ ਕਾਫਲੇ ਨੂੰ ਟੱਕਰ ਮਾਰ ਦਿੱਤੀ। ਧਮਾਕੇ ਤੋਂ ਬਾਅਦ ਕੁਝ ਹੋਰ ਹਮਲਾਵਰਾਂ ਨੇ ਐੱਫਸੀ ਦੇ ਜਵਾਨਾਂ 'ਤੇ ਫਾਇਰਿੰਗ ਸ਼ੁਰੂ ਕਰ ਦਿੱਤੀ ਪਰ ਜਵਾਬੀ ਫਾਇਰਿੰਗ 'ਚ ਉਨ੍ਹਾਂ ਵਿਚੋਂ ਦੋ ਮਾਰੇ ਗਏ।


ਇਸ ਤਰ੍ਹਾਂ ਆਤਮਘਾਤੀ ਹਮਲਾਵਰ ਸਮੇਤ ਤਿੰਨ ਮਾਰੇ ਗਏ। ਹਮਲੇ 'ਚ ਦੋ ਨਾਗਰਿਕਾਂ ਤੇ ਤਿੰਨ ਜਵਾਨਾਂ ਦੀ ਵੀ ਮੌਤ ਹੋ ਗਈ। ਇਕ ਅਧਿਕਾਰੀ ਨੇ ਕਾਫਲੇ 'ਚ ਬੱਸਾਂ ਦੀ ਗਿਣਤੀ ਸੱਤ ਦੱਸੀ ਅਤੇ ਉਸ ਅਨੁਸਾਰ ਉਨ੍ਹਾਂ ਵਿਚੋਂ ਦੋ ਨੂੰ ਨਿਸ਼ਾਨਾ ਬਣਾਇਆ ਗਿਆ।

ਇਕ ਬੱਸ ਨੂੰ ਆਈਈਡੀ ਨਾਲ ਲੱਦੇ ਵਾਹਨ ਨਾਲ ਟੱਕਰ ਮਾਰੀ ਗਈ ਜਦਕਿ ਹੋਰਨਾਂ ਨੂੰ ਰਾਕੇਟ ਪ੍ਰੋਪੈਲਡ ਗ੍ਰਨੇਡ (ਆਰਪੀਜੀ) ਨਾਲ ਨਿਸ਼ਾਨਾ ਬਣਾਇਆ ਗਿਆ। ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ, ਵਿਦੇਸ਼ ਮੰਤਰੀ ਮੋਹਸਿਨ ਨਕਵੀ ਅਤੇ ਬਲੋਚਿਸਤਾਨ ਦੇ ਮੁੱਖ ਮੰਤਰੀ ਸਰਫਰਾਜ਼ ਬੁਗਤੀ ਨੇ ਹਮਲੇ ਦੀ ਨਿੰਦਾ ਕੀਤੀ ਹੈ ਅਤੇ ਲੋਕਾਂ ਦੀ ਮੌਤ 'ਤੇ ਦੁੱਖ ਪ੍ਰਗਟ ਕੀਤਾ ਹੈ।

## ਬਲੋਚ ਬਾਗ਼ੀਆਂ ਨੇ ਵਧਾਈ ਪਾਕਿ ਸਰਕਾਰ ਦੀ ਪਰੇਸ਼ਾਨੀ

ਇਕ ਹਫਤੇ ਦੇ ਵਿਚ ਦੂਜਾ ਵੱਡਾ ਹਮਲਾ ਕਰ ਕੇ ਬਲੋਚਿਸਤਾਨ ਲਿਬਰੇਸ਼ਨ ਆਰਮੀ (ਬੀਐੱਲਏ) ਨੇ ਪਾਕਿਸਤਾਨੀ ਸਰਕਾਰ ਦੀ ਪਰੇਸ਼ਾਨੀ ਵਧਾ ਦਿੱਤੀ ਹੈ। ਬਲੋਚ ਬਾਗ਼ੀਆਂ ਨੇ ਇਨ੍ਹਾਂ ਦੋ ਵੱਡੀਆਂ ਕਾਰਵਾਈਆਂ ਨਾਲ ਕੌਮਾਂਤਰੀ ਭਾਈਚਾਰੇ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਪਾਕਿਸਤਾਨ ਸਰਕਾਰ ਦੇ ਬੁਲਾਰੇ ਬਲੋਚ ਬਾਗ਼ੀਆਂ ਦੀ ਮਦਦ ਪਿੱਛੇ ਕਦੀ ਭਾਰਤ ਦਾ ਹੱਥ ਅਤੇ ਕਦੀ ਅਫ਼ਗਾਨਿਸਤਾਨ ਦਾ ਹੱਥ ਦੱਸ ਕੇ ਆਪਣੀ ਕਿਰਕਿਰੀ ਕਰਵਾ ਰਹੇ ਹਨ। ਜ਼ਿਕਰਯੋਗ ਹੈ ਕਿ ਪਿਛਲੇ ਇਕ ਸਾਲ ਵਿਚ ਬਲੋਚਿਸਤਾਨ ਵਿਚ ਅਜਿਹੇ ਹਮਲੇ ਵਧੇ ਹਨ। ਈਰਾਨ ਤੇ ਅਫ਼ਗਾਨਿਸਤਾਨ ਦੀ ਸਰਹੱਦ ਨਾਲ ਲੱਗਦਾ ਬਲੋਚਿਸਤਾਨ ਲੰਬੇ ਸਮੇਂ ਤੋਂ ਹਿੰਸਕ ਵਿਦਰੋਹ ਦਾ ਗੜ੍ਹ ਰਿਹਾ ਹੈ। ਬਲੋਚ ਬਾਗੀ ਅਕਸਰ . ਇਸ ਤੇਲ ਤੇ ਖਣਿਜ ਪਦਾਰਥਾਂ ਨਾਲ ਭਰਪੂਰ ਸੂਬੇ ਵਿਚ ਸੁਰੱਖਿਆ ਕਰਮਚਾਰੀਆਂ, ਸਰਕਾਰੀ ਪ੍ਰੋਜੈਕਟਾਂ ਅਤੇ 60 ਬਿਲੀਅਨ ਡਾਲਰ ਦੇ ਚੀਨ-ਪਾਕਿਸਤਾਨ ਆਰਥਿਕ ਗਲਿਆਰੇ (ਸੀਪੀਈਸੀ) ਪ੍ਰੋਜੈਕਟ ਨੂੰ ਨਿਸ਼ਾਨਾ ਬਣਾਉਂਦੇ ਹਨ। ਜ਼ਿਆਦਾਤਰ ਹਮਲਿਆਂ ਦੀ ਜ਼ਿੰਮੇਵਾਰੀ ਬੀਐੱਲਏ ਨੇ ਹੀ ਲਈ ਹੈ। ਬੀਐੱਲਏ ਦੀ ਫ਼ਿਦਾਈਨ ਮਜੀਦ ਬ੍ਰਿਗੇਡ ਦੀਆਂ ਇਹ ਕਾਰਵਾਈਆਂ ਪਾਕਿਸਤਾਨੀ ਫ਼ੌਜ ਲਈ ਵੀ ਵੱਡੀ ਚੁਣੌਤੀ ਹੈ ਕਿਉਂਕਿ ਇਸ ਦੇ ਜ਼ਿਆਦਾਤਰ ਹਮਲੇ ਫ਼ੌਜ 'ਤੇ ਹੀ ਹੋ ਰਹੇ ਹਨ। ਜਾਫਰ ਐਕਸਪ੍ਰੈੱਸ 'ਚ ਵੀ ਫ਼ੌਜੀਆਂ ਨੂੰ ਹੀ ਨਿਸ਼ਾਨਾ ਬਣਾਇਆ ਗਿਆ ਸੀ।

# ਨੌਜੁਆਨ ਪੀੜ੍ਹੀ ਨੂੰ ਜੋੜਾਂਗੇ ਸਾਰਥਿਕ ਕਦਰਾਂ ਕੀਮਤਾਂ ਨਾਲ: ਦੀਪਕ ਬਾਲੀ



**ਲੁਧਿਆਣਾ:** ਪੰਜਾਬ ਸਰਕਾਰ ਵੱਲੋਂ ਕੁਝ ਦਿਨ ਪਹਿਲਾਂ ਸੱਭਿਆਚਾਰਕ ਮਾਮਲਿਆਂ ਸਬੰਧੀ ਵਿਭਾਗ ਦੇ ਸਲਾਹਕਾਰ ਨਿਯੁਕਤ ਕੀਤੇ ਸੱਭਿਆਚਾਰ ਨਾਲ ਸਬੰਧਤ ਪ੍ਰਮੁੱਖ ਸ਼ਖ਼ਸੀਅਤ ਦੀਪਕ ਬਾਲੀ ਨੇ ਲੁਧਿਆਣਾ ਵਿਚ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਸਾਬਕਾ ਪ੍ਰਧਾਨ ਪ੍ਰੋ. ਗੁਰਭਜਨ ਸਿੰਘ ਗਿੱਲ ਨਾਲ ਸਦਭਾਵਨਾ ਮਿਲਣੀ ਦੌਰਾਨ ਕਿਹਾ ਹੈ ਕਿ ਪੰਜਾਬ ਦੀ ਸੱਭਿਆਚਾਰਕ ਵਿਰਾਸਤ, ਸੈਰ ਸਪਾਟਾ ਅਤੇ ਅਜਾਇਬਘਰਾਂ ਦੀ ਸਾਰਥਿਕਤਾ ਵਧਾਉਣ ਲਈ ਪੂਰੇ ਪੰਜਾਬ ਦੀ ਸੱਭਿਆਚਾਰਕ ਐਟਲਸ ਤਿਆਰ ਕੀਤੀ ਜਾਵੇਗੀ ਤਾਂ ਜੋ ਨੌਜਵਾਨ ਪੀੜ੍ਹੀ ਨੂੰ ਆਪਣੇ ਵਿਰਸੇ ਦੀਆਂ ਸਾਰਥਕ ਕਦਰਾਂ ਕੀਮਤਾਂ ਤੇ ਇਤਿਹਾਸਕ ਥਾਵਾਂ ਤੋਂ ਜਾਣੂੰ ਕਰਵਾਇਆ ਜਾ ਸਕੇ।


ਉਨ੍ਹਾਂ ਕਿਹਾ ਕਿ ਸੀਨੀਅਰ ਲੇਖਕਾਂ, ਕਲਾਕਾਰਾਂ, ਸੰਸਥਾਵਾਂ ਤੇ ਅਦਾਰਿਆਂ ਨਾਲ ਸੰਪਰਕ ਕਰਕੇ ਸਮਾਂ ਬੱਧ ਯੋਜਨਾਕਾਰੀ ਕੀਤੀ ਜਾਵੇਗੀ। ਦੀਪਕ ਬਾਲੀ ਨੇ ਕਿਹਾ ਕਿ ਸੱਭਿਆਚਾਰਕ ਮਾਮਲੇ ਵਿਭਾਗ ਅਧੀਨ ਵੱਖ ਵੱਖ ਜ਼ਿਲ੍ਹਿਆਂ ਵਿੱਚ ਕਾਰਜਸ਼ੀਲ ਅਦਾਰਿਆਂ ਤੇ ਸੰਸਥਾਵਾਂ ਨੂੰ ਵੀ ਸਮਾਜ ਲਈ ਹੋਰ ਸਾਰਥਕ ਬਣਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ।

ਪ੍ਰੋ. ਗੁਰਭਜਨ ਸਿੰਘ ਨੇ ਦੀਪਕ ਬਾਲੀ ਨੂੰ ਇਹ ਉਚੇਰੀ ਜ਼ਿੰਮੇਵਾਰੀ ਮਿਲਣ ਦੀ ਮੁਬਾਰਕ ਦਿੱਤੀ ਅਤੇ ਹਰ ਤਰ੍ਹਾਂ ਦੇ ਸਹਿਯੋਗ ਦਾ ਭਰੋਸਾ ਦਿਵਾਇਆ। ਉਨ੍ਹਾਂ ਕਿਹਾ ਕਿ ਪੰਜਾਬ ਦੇ ਪੁਰਾਤਨ ਸੱਭਿਆਚਾਰਕ ਮਹੱਤਵ ਵਾਲੇ ਮੇਲਿਆਂ, ਸੰਗੀਤ ਕੇਂਦਰਾਂ, ਸੰਗੀਤ ਘਰਾਣਿਆਂ ਦਾ ਸਰਵੇਖਣ ਕਰਵਾ ਕੇ ਉਨ੍ਹਾਂ ਨੂੰ ਸਰਕਾਰੀ ਮਦਦ ਨਾਲ ਪੁਨਰ ਸੁਰਜੀਤ ਕੀਤਾ ਜਾਵੇ।

ਪ੍ਰੋ. ਗਿੱਲ ਨੇ ਕਿਹਾ ਕਿ 75 ਸਾਲ ਤੋਂ ਵਡੇਰੀ ਉਮਰ ਦੇ ਲੋੜਵੰਦ ਕਲਾਕਾਰਾਂ, ਸਾਜ਼ਿੰਦਿਆਂ, ਅਦਾਕਾਰਾਂ ਤੇ ਲੇਖਕਾਂ ਨੂੰ ਗੁਜ਼ਾਰਾ ਪੈਨਸ਼ਨ ਤੇ ਸਿਹਤ ਸੁਰੱਖਿਆ ਯੋਜਨਾ ਅਧੀਨ ਲਿਆਂਦਾ ਜਾਵੇ। ਦੀਪਕ ਬਾਲੀ ਨੂੰ ਉਨ੍ਹਾਂ ਪਿਛਲੇ ਪੰਜਾਹ ਸਾਲ ਦੌਰਾਨ ਲਿਖੇ ਅੱਠ ਗ਼ਜ਼ਲ ਸੰਗ੍ਰਹਿਆਂ ਦਾ ਇੱਕ ਜਿਲਦ ਵਿਚ ਪ੍ਰਕਾਸ਼ਨ "ਅੱਖਰ ਅੱਖਰ" ਭੇਟ ਕੀਤਾ।

# 'ਚੜ੍ਹਿਆ ਚੇਤਰ-ਸਾਹਿਤਕ ਮਿਲਣੀ' ਨੇ ਪਾਈਆਂ ਨਵੀਂਆਂ ਪੈੜਾਂ

**ਫਗਵਾੜਾ:** ਸੁਰਜੀਤ ਪਾਤਰ ਦੇ ਸ਼ਿਅਰ 'ਮੈਂ ਰਾਹਾਂ ਤੇ ਨਹੀਂ ਤੁਰਦਾ, ਮੈਂ ਤੁਰਦਾ ਹਾਂ ਤਾਂ ਰਾਹ ਬਣਦੇ' ਦੀ ਸ਼ਬਦੀ ਰੂਹ ਵਾਂਗਰ ਹੀ ਚੇਤਰ ਮਹੀਨੇ ਦੇ ਅਗਾਜ਼ ਤੇ ਪੱਦੀ ਖ਼ਾਲਸਾ (ਫਗਵਾੜਾ) ਵਿਖੇ ਇੱਕ ਨਿਵੇਕਲੇ ਪੈਰਾਡਾਈਜ਼ ਫਾਰਮ ਹਾਊਸ ਵਿਖੇ ਹੋਏ ਪੰਜਾਬੀ ਸਾਹਿਤਕਾਰਾਂ ਦੇ ਇਕੱਠ ਨੇ ਨਵੀਆਂ ਪੈੜਾਂ ਅਤੇ ਨਵੇਂ ਰਸਤੇ ਖੋਲ੍ਹੇ। ਵੱਡੇ ਸਾਹਿਤਕਾਰਾਂ ਦੇ ਵੱਡੇ ਇਕੱਠ ਨੇ ਕਈ ਲੀਹਾਂ ਪਾਈਆਂ।






ਚੜ੍ਹਿਆ ਚੇਤਰ-ਸਾਹਿਤਕ ਮਿਲਣੀ ਪੱਦੀ ਖ਼ਾਲਸਾ (ਫਗਵਾੜਾ) 'ਚ ਸ਼ਾਮਲ ਹੋਏ ਲੇਖਕ, ਪੰਜਾਬੀ ਸਾਹਿਤ ਦੇ ਸਿਰਮੌਰ ਲੇਖਕਾਂ ਵਰਿਆਮ ਸਿੰਘ ਸੰਧੂ, ਅਤੇ ਗੁਰਭਜਨ ਗਿੱਲ ਨਾਲ



ਸਾਹਿਤਕ ਮਿੱਤਰ ਮਿਲਣੀ ਦੌਰਾਨ ਸੁਸ਼ੀਲ ਦੁਸਾਂਝ ਦੀ ਪੁਸਤਕ 'ਪੀਲੀ ਧਰਤੀ, ਕਾਲਾ ਅੰਬਰ' ਲੋਕ ਅਰਪਣ ਕਰਦੇ ਹੋਏ ਵਰਿਆਮ ਸਿੰਘ ਸੰਧੂ, ਗੁਰਭਜਨ ਗਿੱਲ, ਲਖਵਿੰਦਰ ਜੌਹਲ ਅਤੇ ਹੋਰ ਲੇਖਕ।

ਸਭ ਤੋਂ ਵੱਡੀ ਗੱਲ ਇਸ ਸਮਾਗਮ ਵਿਚ ਰਵਾਇਤੀ ਤੌਰ 'ਤੇ ਕੋਈ ਪ੍ਰਧਾਨਗੀ ਮੰਡਲ ਨਹੀਂ ਬੈਠਾਇਆ ਗਿਆ, ਭਾਵੇਂ ਇਹ ਮਾਣ ਵਰਿਆਮ ਸਿੰਘ ਸੰਧੂ ਅਤੇ ਗੁਰਭਜਨ ਗਿੱਲ ਨੂੰ ਸਤਿਕਾਰ ਵੱਜੋਂ ਆਪੇ ਮਿਲ ਗਿਆ।


ਇਸ ਸਮਾਗਮ ਵਿਚ ਬਾ-ਕਾਇਦਾ ਕਵੀ-ਦਰਬਾਰ ਵੀ ਨਹੀਂ ਕੀਤਾ ਗਿਆ ਪਰ ਸਾਰੇ ਹਾਜ਼ਰ ਸਾਹਿਤਕਾਰਾਂ ਵਲੋਂ ਸਾਹਿਤ ਦੇ ਸਮਾਜਿਕ, ਸਭਿਆਚਾਰਕ ਤੇ ਆਰਥਕ ਸਰੋਕਾਰਾਂ ਤੇ ਆਪਣੇ-ਆਪਣੇ ਵਿਚਾਰ ਪੇਸ਼ ਕੀਤੇ।

ਅਮਰੀਕਾ ਤੋਂ ਆਏ ਉਘੇ ਗਾਇਕ ਸੁਖਦੇਵ ਸਾਹਿਲ ਨੇ ਸੂਫ਼ੀ ਕਲਾਮ, ਜਸਵਿੰਦਰ ਸਿੰਘ ਅਤੇ ਸ਼ਿਵ ਕੁਮਾਰ ਦੀਆਂ ਰਚਨਾਵਾਂ ਨਾਲ ਸੰਜੀਦਾ ਮਹੌਲ ਸਿਰਜ ਦਿੱਤਾ। ਇਸ ਤੋਂ ਇਲਾਵਾ ਤਰਲੋਚਨ ਲੋਚੀ ਅਤੇ ਡਾ. ਬਲਵਿੰਦਰ ਸਿੰਘ ਸੰਧੂ ਨੇ ਭਾਵ ਪੂਰਤ ਕਵਿਤਾਵਾਂ/ਗਜ਼ਲਾਂ ਪੇਸ਼ ਕੀਤੀਆਂ।

ਇਹ ਸਾਹਿਤਕ ਮਿੱਤਰ ਮਿਲਣੀ ਫਗਵਾੜੇ ਦੇ ਸਾਹਿਤਕਾਰਾਂ ਵਿੱਚ ਖਾਸ ਤੌਰ 'ਤੇ ਗੁਰਮੀਤ ਸਿੰਘ ਪਲਾਹੀ ਅਤੇ ਡਾ: ਲਖਵਿੰਦਰ ਸਿੰਘ ਜੌਹਲ ਦੀ ਨਿਵੇਕਲੀ ਸੋਚ ਦਾ ਨਤੀਜਾ ਸੀ। ਪੰਜਾਬ ਦੇ ਵੱਖੋ-ਵੱਖਰੇ ਹਿੱਸਿਆਂ ਤੋਂ ਆਏ ਸਾਹਿਤਕਾਰਾਂ ਵਿੱਚ ਗੁਰਭਜਨ ਗਿੱਲ, ਵਰਿਆਮ ਸਿੰਘ ਸੰਧੂ, ਲਖਵਿੰਦਰ ਸਿੰਘ, ਜੌਹਲ, ਗੁਰਮੀਤ ਸਿੰਘ ਪਲਾਹੀ, ਐਸ.ਐਲ. ਵਿਰਦੀ, ਮੋਤਾ ਸਿੰਘ ਸਰਾਏ, ਬਲਵਿੰਦਰ ਸੰਧੂ, ਹਰਵਿੰਦਰ ਸਿੰਘ ਚੰਡੀਗੜ੍ਹ, ਸਹਿਜਪ੍ਰੀਤ ਸਿੰਘ ਮਾਂਗਟ, ਗੁਰਮੀਤ ਰੱਤੂ, ਜਸਵਿੰਦਰ ਫਗਵਾੜਾ, ਰਵਿੰਦਰ ਚੋਟ, ਪਰਵਿੰਦਰਜੀਤ ਸਿੰਘ, ਕਮਲੇਸ਼ ਸੰਧੂ, ਦਵਿੰਦਰ ਜੱਸਲ, ਹਰਜਿੰਦਰ ਨਿਆਣਾ, ਸੰਤੋਸ਼ ਕੁਮਾਰੀ, ਸੁਸ਼ੀਲ ਦੋਸਾਂਝ, ਪਰਮਜੀਤ ਕੌਰ ਜੌਹਲ, ਬੰਸੋ ਦੇਵੀ, ਬਲਦੇਵ ਰਾਜ ਕੋਮਲ, ਸੋਹਣ ਸਹਿਜਲ, ਜਨਕ ਪਲਾਹੀ, ਸੁਲੱਖਣ ਸਿੰਘ ਜੌਹਲ, ਕਮਲ ਭੱਲਾ ਹਰਵਿੰਦਰ ਸਿੰਘ ਭੱਲਾ, ਮਨਜਿੰਦਰ ਧਨੋਆ, ਰਜਵੰਤ ਕੌਰ ਸੰਧੂ,ਮਨਦੀਪ ਸਿੰਘ ਆਦਿ ਸਾਹਿਤਕਾਰ ਸ਼ਾਮਿਲ ਹੋਏ।

ਤਾਜ਼ੇ ਗੰਨਿਆਂ ਦੀ ਤਾਜ਼ੀ ਰਸ, ਚਾਹ, ਫਲ ਅਤੇ ਦੁਪਿਹਰ ਦਾ ਖਾਣਾ ਸੁਲੱਖਣ ਸਿੰਘ ਜੌਹਲ ਵਲੋਂ ਅਟੁੱਟ ਵਰਤਾਇਆ ਗਿਆ। ਇਸ ਸਮੇਂ ਸੁਸ਼ੀਲ ਦੁਸਾਂਝ ਦਾ ਕਾਵਿ-ਸੰਗ੍ਰਹਿ 'ਪੀਲੀ ਧਰਤੀ, ਕਾਲਾ ਅੰਬਰ' ਲੋਕ ਅਰਪਣ ਕੀਤਾ ਗਿਆ।

## ਵੈਸ਼ਨੋ ਦੇਵੀ ਮੰਦਰ 'ਚ ਤਿੰਨ ਗੁਣਾ ਵਧਿਆ ਚੜ੍ਹਾਵਾ



**ਜੰਮੂ:** ਮਾਤਾ ਵੈਸ਼ਨੋ ਦੇਵੀ ਦੇ ਅਸਥਾਨ 'ਤੇ ਪ੍ਰਾਪਤ ਦਾਨ ਤੇ ਭੇਟਾ ਵਿਚ ਬੇਮਿਸਾਲ ਵਾਧਾ ਹੋਇਆ ਹੈ। ਪਿਛਲੇ ਪੰਜ ਸਾਲਾਂ ਵਿਚ ਨਕਦ ਦਾਨ ਤਿੰਨ ਗੁਣਾ ਤੋਂ ਵੱਧ ਹੋ ਗਿਆ। । ਹੈ। ਇਸ ਦੇ ਨਾਲ ਹੀ ਸੋਨੇ ਦੀ ਭੇਟਾ ਵਿਚ ਤਿੰਨ ਗੁਣਾ ਵਾਧਾ ਹੋਇਆ ਹੈ ਜਦੋਂਕਿ ਚਾਂਦੀ ਦੀ ਭੇਟਾ ਵਿਚ ਚਾਰ ਗੁਣਾ ਵਾਧਾ ਹੋਇਆ ਹੈ। ਇਸ ਵਿੱਤੀ ਸਾਲ ਜਨਵਰੀ ਤੱਕ ਪਿਛਲੇ ਪੰਜ ਸਾਲਾਂ 'ਚ ਨਕਦ ਚੜ੍ਹਾਵਾ ਵਧ ਕੇ 171.90 ਕਰੋੜ ਰੁਪਏ ਹੋ ਗਿਆ ਹੈ। ਇਹ ਜਾਣਕਾਰੀ ਮਾਤਾ ਵੈਸ਼ਨੋ ਦੇਵੀ ਸ਼ਰਾਈਨ ਬੋਰਡ ਨੇ ਸੂਚਨਾ ਦੇ ਅਧਿਕਾਰ ਕਾਨੂੰਨ ਤਹਿਤ ਦਿੱਤੀ ਹੈ। 2024 'ਚ ਸ਼ਰਧਾਲੂਆਂ ਦੀ ਗਿਣਤੀ 94 ਲੱਖ ਨੂੰ ਪਾਰ ਕਰ ਗਈ।

# ਜਥੇਦਾਰ ਗੜਗੱਜ ਨੇ ਲਿਫਾਫਾ ਕਲਚਰ ਕੀਤਾ ਬੰਦ

**ਸ੍ਰੀ ਅਨੰਦਪੁਰ ਸਾਹਿਬ:** ਤਖਤ ਸ੍ਰੀ ਕੇਸਗੜ ਸਾਹਿਬ ਦੇ ਨਵ ਨਿਯੁਕਤ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਲਿਫਾਫਾ ਕਲਚਰ ਤੇ ਪੂਰੀ ਤਰ੍ਹਾਂ ਰੋਕ ਲਗਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਮੈਂ ਕਈ ਥਾਵਾਂ ਤੇ ਗਿਆ, ਕਈਆਂ ਨੇ ਬੜੇ ਸਤਿਕਾਰ ਨਾਲ ਲਿਫਾਫੇ ਦੇਣ ਦੀ ਗੱਲ ਕੀਤੀ ਤੇ ਮੈਂ ਸ਼ਹੀਦ ਪਰਿਵਾਰਾਂ ਨੂੰ ਕਿਹਾ ਕਿ ਇਹ ਕਿਉਂ ਦੇ ਰਹੇ ਹੋ? ਤਾਂ ਉਹ ਕਹਿੰਦੇ ਜੀ ਤੁਹਾਡਾ ਮਾਣ ਤਾਣ ਹੁੰਦਾ। ਮੈਂ ਕਿਹਾ ਤੁਸੀਂ ਕੌਮ ਦੀ ਪੱਗ ਸਿਰ ਤੇ ਰੱਖੀ, ਜਿਹਨੇ ਸਾਡਾ ਤਖਤ ਢਾਇਆ ਸੀ ਤੁਸੀਂ ਉਹਨੂੰ ਸੋਧਾ ਲਾਇਆ। ਜਥੇਦਾਰਾਂ ਦਾ ਫਰਜ ਹੈ ਕਿ ਉਹ ਤੁਹਾਨੂੰ ਆਣ ਕੇ ਪੁੱਛਣ ਕਿ ਕੋਈ ਮੁਸ਼ਕਿਲ ਤੇ ਨਹੀਂ? ਉਲਟਾ ਜਥੇਦਾਰਾਂ ਨੂੰ ਤੁਸੀਂ ਲਿਫਾਫੇ ਦੇ ਰਹੇ ਹੋ ? ਇਨ੍ਹਾਂ ਲਿਫਾਫਿਆਂ ਨੇ ਅੱਗੇ ਹੀ ਕੌਮ ਦਾ ਭਾਰੀ ਨੁਕਸਾਨ ਕੀਤਾ ਹੈ। ਜੇ ਅਸੀਂ ਕੋਈ ਲਿਫਾਫੇ ਰੱਖਾਂਗੇ ਨਹੀਂ ਤਾਂ ਫਿਰ ਆਪਾਂ ਕਿਸੇ ਗੱਲੋਂ ਕਾਣੇ ਵੀ ਨਹੀਂ ਹੋਵਾਂਗੇ। ਅਸੀਂ ਪਿਆਰ ਲੈਣਾ ਹੁੰਦਾ ਤੇ ਪੰਥ ਦਾ ਪਿਆਰ ਚਾਹੀਦਾ ਹੈ ਨਾ ਕਿ ਲਿਫਾਫਾ। ਜਥੇਦਾਰ ਪੰਥ ਦਾ ਹੁੰਦਾ ਹੈ, ਜੇ ਪੰਥ ਨਹੀਂ ਤੇ ਉਹ ਜਥੇਦਾਰ ਕਿਸੇ ਕੰਮ ਦਾ ਨਹੀਂ ਹੈ।



# 'ਆਪ' ਸਰਕਾਰ ਹੋਈ ਬੁਰੀ ਤਰ੍ਹਾਂ ਫ਼ੇਲ੍ਹ: ਰਾਜਾ ਵੜਿੰਗ

**ਬਲਾਚੌਰ:** 'ਜੁੜੇਗਾ ਬਲਾਕ ਤੇ ਜਿੱਤੇਗੀ ਕਾਂਗਰਸ' ਦੇ ਸਲੋਗਨ ਤਹਿਤ ਬਲਾਚੌਰ ਵਿਖੇ ਪਾਰਟੀ ਦੇ ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਬਲਾਕ ਬਲਾਚੌਰ ਤੇ ਬਲਾਕ ਸੜੋਆ ਦੇ ਕਾਂਗਰਸੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਜਿਸ ਤਰ੍ਹਾਂ ਕਾਂਗਰਸ ਪਾਰਟੀ ਦੇ ਸੰਗਠਨ ਦੀ ਮਜ਼ਬੂਤੀ ਹੋਣੀ ਚਾਹੀਦੀ ਹੈ। ਉਸ ਵਿਚਲੀਆਂ ਕਮੀਆਂ ਨੂੰ ਦੂਰ ਕਰਦਿਆਂ ਹੁਣ ਪਾਰਟੀ ਦਾ ਸੰਗਠਨ ਹੋਰ ਵੀ ਜ਼ਿਆਦਾ ਮਜ਼ਬੂਤੀ ਨਾਲ ਅੱਗੇ ਵੱਧਦਾ ਜਾ ਰਿਹਾ ਹੈ।

ਉਨ੍ਹਾਂ ਆਖਿਆ ਕਿ ਪਾਰਟੀ 'ਚ ਸਾਰਿਆਂ ਨੂੰ ਬਣਦਾ ਸਨਮਾਨ ਮਿਲਦਾ ਰਹੇਗਾ ਤੇ ਫਿਰ ਵੀ ਜੇਕਰ ਸਾਡਾ ਵਰਕਰ ਜਾਂ ਆਗੂ ਕਿਸੇ ਵੀ ਕਾਰਨ ਨਾਰਾਜ਼ ਘਰ ਬੈਠਾ ਹੈ। ਉਨ੍ਹਾਂ ਰੁੱਸਿਆ ਨੂੰ ਘਰ-ਘਰ ਜਾ ਕੇ ਮਨਾਇਆ ਜਾਵੇਗਾ। ਪੰਚਾਇਤੀ ਚੋਣਾਂ, ਨਗਰ ਕੌਂਸਲ ਤੇ ਨਗਰ ਨਿਗਮਾਂ ਦੀਆਂ ਚੋਣਾਂ 'ਚ ਕਾਂਗਰਸੀ ਉਮੀਦਵਾਰਾਂ ਦੀ ਜਿੱਤ ਨੇ ਪਾਰਟੀ ਦੀ ਨੀਂਹ ਨੂੰ ਜਿਹੜੀ ਹੋਰ ਮਜ਼ਬੂਤੀ ਮਿਲੀ ਹੈ। ਉਹ ਸਾਡੇ ਸੰਗਠਨ ਦੀ ਮਜ਼ਬੂਤੀ ਕਾਰਨ ਹੀ ਸੰਭਵ ਹੋਇਆ ਹੈ।

ਉਨ੍ਹਾਂ ਆਖਿਆ ਕਿ ਸੂਬੇ ਦੀ ਸਰਕਾਰ ਹਰ ਫਰੰਟ 'ਤੇ ਬੁਰੀ ਤਰ੍ਹਾਂ ਫੇਲ੍ਹ ਹੋਈ ਹੈ। ਪੰਜਾਬ 'ਚ ਭ੍ਰਿਸ਼ਟਾਚਾਰ ਤੇ ਗੈਂਗਸਟਰਾਂ ਦਾ ਬੋਲਬਾਲਾ ਹੈ, ਕੋਈ ਵੀ ਅਧਿਕਾਰੀ ਬਿਨਾਂ ਪੈਸਿਆਂ ਤੋਂ ਕੰਮ ਨਹੀਂ ਕਰ ਰਿਹਾ। ਆਏ ਦਿਨ ਪੰਜਾਬ ਅੰਦਰ ਦਿਨ-ਦਿਹਾੜੇ ਚੱਲਦੀਆਂ ਗੋਲੀਆਂ ਨਾਲ ਕਤਲ ਹੋ ਰਹੇ ਹਨ, ਜਿਸ ਕਾਰਨ ਪੰਜਾਬ ਦੀ 'ਆਪ' ਸਰਕਾਰ ਤੋਂ ਲੋਕਾਂ ਦਾ ਮੋਹ ਹੁਣ ਭੰਗ ਹੋ ਗਿਆ ਹੈ। ਹੁਣ ਸੂਬੇ ਦੀ ਜਨਤਾ 'ਆਪ' ਦਾ ਬਦਲ ਕਾਂਗਰਸ ਨੂੰ ਦੇਖ ਰਹੀ ਹੈ, ਜਿਸ ਲਈ ਵਿਧਾਨ ਸਭਾ ਚੋਣਾਂ ਲੜੇਗੀ ਤੇ ਜਿੱਤ ਪ੍ਰਾਪਤ ਕਰੇਗੀ।

ਪੰਜਾਬ ਕਾਂਗਰਸ ਦੇ ਸਹਿ ਇੰਚਾਰਜ ਰਵਿੰਦਰ ਉੱਤਮ ਰਾਓ ਡਾਲਵੀ, ਕੇ ਪੀ ਰਾਣਾ ਸਾਬਕਾ ਸਪੀਕਰ, ਡਾ. ਅਮਰ ਸਿੰਘ ਸਾਂਸਦ ਫਤਿਹਗੜ੍ਹ ਸਾਹਿਬ, ਸਾਬਕਾ ਮੰਤਰੀ ਵਿਜੈ ਇੰਦਰ ਸਿੰਗਲਾ, ਗਗਨਦੀਪ ਸਿੰਘ ਬੋਬੀ ਚੇਅਰਮੈਨ ਰਾਜੀਵ ਗਾਂਧੀ ਪੰਚਾਇਤੀ ਰਾਜ ਪੰਜਾਬ, ਅਸ਼ਵਨੀ ਸ਼ਰਮਾ ਜ਼ਿਲ੍ਹਾ ਪ੍ਰਧਾਨ ਰੋਪੜ ਤੇ ਸਾਬਕਾ ਵਿਧਾਇਕ ਬਲਾਚੌਰ ਚੌਧਰੀ ਦਰਸ਼ਨ ਲਾਲ ਮੰਗੂਪੁਰ ਵੀ ਮੌਜੂਦ ਸਨ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ, ਮੋਹਨ ਲਾਲ ਸੰਧੂ ਬਲਾਕ ਪ੍ਰਧਾਨ, ਤਿਲਕ ਰਾਜ ਸੂਦ ਬਲਾਕ ਪ੍ਰਧਾਨ ਸੜੋਆ ਸਮੇਤ ਵੱਡੀ ਗਿਣਤੀ 'ਚ ਪਾਰਟੀ ਵਰਕਰ ਮੌਜੂਦ ਸਨ।



# ਪੰਜਾਬ ਸਰਕਾਰ ਦੇ ਤਿੰਨ ਸਾਲ ਪੂਰੇ: ਮੁੱਖ ਮੰਤਰੀ ਨੇ ਗਿਣਾਈਆਂ ਪ੍ਰਾਪਤੀਆਂ

**ਅੰਮ੍ਰਿਤਸਰ:** ਪੰਜਾਬ 'ਚ ਆਮ ਆਦਮੀ ਪਾਰਟੀ ਦੇ ਤਿੰਨ ਸਾਲ ਪੂਰੇ ਹੋਣ 'ਤੇ 'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਮਾਨ ਗੁਰੂ ਨਗਰੀ ਪਹੁੰਚੇ। ਮੁੱਖ ਮੰਤਰੀ ਨੇ ਕਿਹਾ ਕਿ 2022 'ਚ ਅੱਜ ਦੇ ਦਿਨ ਉਨ੍ਹਾਂ ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਵਿਖੇ ਅਹੁਦਾ ਸੰਭਾਲਿਆ ਸੀ।


ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਦੋਂ ਤੋਂ ਉਨ੍ਹਾਂ ਦੀ ਸਰਕਾਰ ਨੇ ਪੰਜਾਬ ਨੂੰ ਹਰ ਖੇਤਰ 'ਚ ਮੋਹਰੀ ਸੂਬਾ ਬਣਾਉਣ ਲਈ ਸਖ਼ਤ ਯਤਨ ਕੀਤੇ ਹਨ। ਸੂਬਾ ਸਰਕਾਰ ਨੇ 2022 'ਚ ਲੋਕਾਂ ਨੂੰ ਮੁਫ਼ਤ ਬਿਜਲੀ ਦੇਣ ਦੀ ਗਾਰੰਟੀ ਸ਼ੁਰੂ ਕੀਤੀ ਸੀ ਅਤੇ 90 ਫ਼ੀਸਦੀ ਘਰਾਂ ਨੂੰ ਮੁਫ਼ਤ ਬਿਜਲੀ ਮਿਲ ਰਹੀ ਹੈ। ਘਰੇਲੂ ਖਪਤਕਾਰਾਂ ਦੇ ਨਾਲ-ਨਾਲ ਅੰਨਦਾਤਿਆਂ ਨੂੰ ਵੀ ਸੂਬੇ 'ਚ ਮੁਫ਼ਤ ਤੇ ਨਿਰਵਿਘਨ ਬਿਜਲੀ ਮਿਲ ਰਹੀ ਹੈ। ਕੁਝ ਮਹੀਨਿਆਂ ਬਾਅਦ ਪੰਜਾਬ ਨੂੰ ਪਛਵਾੜਾ ਕੋਲਾ ਖਾਨ ਤੋਂ ਕੋਲੇ ਦੀ ਸਪਲਾਈ ਮੁੜ ਸ਼ੁਰੂ ਹੋ ਗਈ। ਸੂਬੇ ਨੇ ਨਿੱਜੀ ਕੰਪਨੀ ਜੀਵੀਕੇ ਪਾਵਰ ਦੀ ਮਲਕੀਅਤ ਵਾਲਾ ਗੋਇੰਦਵਾਲ ਪਾਵਰ ਪਲਾਂਟ ਖਰੀਦ ਕੇ ਇਤਿਹਾਸ ਰਚਿਆ ਹੈ। 36 ਮਹੀਨਿਆਂ 'ਚ ਨੌਜਵਾਨਾਂ ਨੂੰ ਰਿਕਾਰਡ 51,000 ਤੋਂ ਵੱਧ ਨੌਕਰੀਆਂ ਦਿੱਤੀਆਂ ਹਨ। ਪੰਜਾਬ ਭਰ 'ਚ 881 ਆਮ ਆਦਮੀ ਕਲੀਨਿਕ ਸਥਾਪਤ ਕੀਤੇ ਹਨ। ਹੁਣ ਤੱਕ ਸੂਬੇ 'ਚ 2.70 ਕਰੋੜ ਤੋਂ ਵੱਧ ਲੋਕ ਇਨ੍ਹਾਂ ਕਲੀਨਿਕਾਂ ਦਾ ਲਾਭ ਲੈ ਚੁੱਕੇ ਹਨ। ਸਰਕਾਰ 118 ਸਰਕਾਰੀ ਸੀਨੀਅਰ ਬਣਾਉਣ ਲਈ ਵਚਨਬੱਧ ਹੈ, ਜੋ ਸਮਾਰਟ ਕਲਾਸ ਰੂਮਾਂ, ਅਤਿ-ਆਧੁਨਿਕ ਲੈਬਾਟਰੀਆਂ ਤੇ ਵਿਗਿਆਨਕ ਸਿੱਖਿਆ 'ਤੇ ਆਧਾਰਤ ਖੇਡ ਮੈਦਾਨਾਂ ਨਾਲ ਲੈਸ ਹਨ। ਸੂਬੇ 'ਚ ਸਿੰਜਾਈ ਲਈ ਸਿਰਫ਼ 21 ਫ਼ੀਸਦ ਨਹਿਰੀ ਪਾਣੀ ਵਰਤਿਆ ਜਾ ਰਿਹਾ ਸੀ। ਜਦਕਿ ਅੱਜ 75 ਫ਼ੀਸਦ ਨਹਿਰੀ ਪਾਣੀ ਸਿੰਜਾਈ ਲਈ ਵਰਤਿਆ ਜਾ ਰਿਹਾ ਹੈ।ਸੂਬਾ ਸਰਕਾਰ ਨੇ ਨਾਗਰਿਕਾਂ ਨੂੰ ਦਰ 'ਤੇ ਸੇਵਾਵਾਂ ਪ੍ਰਦਾਨ ਕਰਨ ਲਈ ''ਭਗਵੰਤ ਮਾਨ ਸਰਕਾਰ ਤੁਹਾਡੇ ਦੁਆਰ'' ਯੋਜਨਾ ਤਹਿਤ 43 ਨਾਗਰਿਕ ਸੇਵਾਵਾਂ ਸ਼ਾਮਲ ਕੀਤੀਆਂ ਗਈਆਂ ਹਨ, ਜੋ ਲੋਕਾਂ ਦੇ ਰੋਜ਼ਾਨਾ ਪ੍ਰਸ਼ਾਸਕੀ ਕੰਮਾਂ ਦਾ 99 ਫੀਸਦ ਤੋਂ ਵੱਧ ਬਣਦੀਆਂ ਹਨ, ਸੇਵਾਵਾਂ ਮਿਲਣ ਨਾਲ ਵੱਡੀ ਰਾਹਤ ਮਿਲੀ ਹੈ। ਸੂਬੇ ਵਿੱਚ ਲਗਪਗ 94,000 ਕਰੋੜ ਰੁਪਏ ਦੇ ਨਿਵੇਸ਼ ਲਈ ਰਾਹ ਪੱਧਰਾ ਹੋਇਆ ਹੈ। ਉਨ੍ਹਾਂ ਕਿਹਾ ਕਿ ਟਾਟਾ ਸਟੀਲ, ਸਨਾਤਨ ਟੈਕਸਟਾਈਲ ਅਤੇ ਹੋਰ ਪ੍ਰਮੁੱਖ ਕੰਪਨੀਆਂ ਸੂਬੇ ਵਿੱਚ ਨਿਵੇਸ਼ ਲਈ ਅੱਗੇ ਆ ਰਹੀਆਂ ਹਨ। ਤੀਰਥ ਸਥਾਨ ਦੀ ਯਾਤਰਾ ਦੀ ਸਹੂਲਤ ਦੇਣ ਲਈ ਸੂਬਾ ਸਰਕਾਰ ਨੇ 'ਮੁੱਖ ਮੰਤਰੀ ਤੀਰਥ ਯਾਤਰਾ' ਯੋਜਨਾ ਸ਼ੁਰੂ ਕੀਤੀ ਹੈ। ਦੇਸ਼ ਵਿੱਚ ਪਹਿਲੀ ਵਾਰ ਕਿਸੇ ਵੀ ਸੂਬਾ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਇਹ ਇਕ ਬੇਮਿਸਾਲ ਯੋਜਨਾ ਹੈ ਅਤੇ 35,000 ਤੋਂ ਵੱਧ ਸ਼ਰਧਾਲੂਆਂ ਨੇ ਇਸ ਦਾ ਲਾਭ ਲਿਆ ਹੈ। ਪਹਿਲੀ ਸੜਕ ਸੁਰੱਖਿਆ। ਫੋਰਸ ਰਾਜ ਅਤੇ ਰਾਸ਼ਟਰੀ ਰਾਜਮਾਰਗਾਂ 'ਤੇ ਸੁਰੱਖਿਆ ਯਕੀਨੀ ਬਣਾਉਂਣ ਅਤੇ ਕੀਮਤੀ ਜਾਨਾਂ ਬਚਾਉਂਣ 'ਤੇ ਕੇਂਦਰਤ ਹੈ। ਵਿਸ਼ੇਸ਼ ਤੌਰ 'ਤੇ ਸਿਖਲਾਈ ਪ੍ਰਾਪਤ 1597 ਕਰਮਚਾਰੀ ਨਵੇਂ ਭਰਤੀ ਕੀਤੇ ਗਏ ਜਿਨ੍ਹਾਂ ਵਿੱਚ ਕੁੜੀਆਂ ਵੀ ਸ਼ਾਮਲ ਹਨ, ਜਿਨ੍ਹਾਂ ਨੂੰ ਨਵੀਨਤਮ ਸਹੂਲਤਾਂ ਨਾਲ ਲੈਸ 144 ਵਾਹਨ ਦਿੱਤੇ ਗਏ ਹਨ ਅਤੇ ਪਿਛਲੇ ਸਾਲ ਫਰਵਰੀ ਵਿੱਚ ਇਸ ਦੀ ਸ਼ੁਰੂਆਤ ਤੋਂ ਬਾਅਦ ਪੰਜਾਬ ਵਿਚ ਹਾਦਸਿਆਂ ਕਾਰਨ ਹੋਣ ਵਾਲੀਆਂ ਮੌਤਾਂ ਵਿਚ 48.10 ਫੀਸਦ ਦੀ ਕਮੀ ਆਈ ਹੈ।

ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕਈ ਹੋਰ ਰਾਜਾਂ ਅਤੇ ਇੱਥੋਂ ਤੱਕ ਕਿ ਭਾਰਤ ਸਰਕਾਰ ਨੇ ਵੀ ਸੂਬਾ ਸਰਕਾਰ ਦੇ ਇਸ ਵਿਲੱਖਣ ਉਪਰਾਲੇ ਦੀ ਸ਼ਲਾਘਾ ਕੀਤੀ ਹੈ।



## ਕੰਗ ਸਾਹਬੂ 'ਚੋਂ ਟਰੈਕਟਰ ਚੋਰੀ

**ਮੱਲ੍ਹੀਆਂਕਲਾਂ:** ਜਲੰਧਰ-ਨਕੋਦਰ ਰੋਡ 'ਤੇ ਸਥਿਤ ਪਿੰਡ ਕੰਗ ਸਾਹਬੂ ਵਿਖੇ ਦਿਨ ਦਿਹਾੜੇ ਮੰਗਾ ਸਿੰਘ ਪੁੱਤਰ ਗੁਰਦਿਆਲ ਸਿੰਘ ਦਾ ਮੈਸੀ 245 ਟਰੈਕਟਰ ਅਣਜਾਣ ਵਿਅਕਤੀ ਘਰ ਦੇ ਬਾਹਰੋਂ ਚੋਰੀ ਕਰ ਕੇ ਲੈ ਗਏ ਹਨ। ਇਸ ਸੰਬਧੀ



ਪੁਲਿਸ ਹੈਲਪਲਾਈਨ ਨੰਬਰ 112 'ਤੇ ਸੂਚਨਾ ਦਿੱਤੀ ਗਈ ਤੇ ਪੁਲਿਸ ਸਟੇਸ਼ਨ ਨਕੋਦਰ ਵਿਖੇ ਲਿਖਤੀ ਦਰਖ਼ਾਸਤ ਵੀ ਦਰਜ ਕਾਰਵਾਈ ਗਈ ਹੈ। ਮੌਕੇ 'ਤੇ ਪੁਲਿਸ ਅਧਿਕਾਰੀ ਆਪਣੀ ਟੀਮ ਨਾਲ ਪੁਹੰਚੇ ਤੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪਿੰਡ ਦੇ ਸੀਸੀਟੀਵੀ ਕੈਮਰਿਆਂ ਤੋਂ ਪਤਾ ਲਗਾ ਹੈ ਕਿ ਇਕ ਨੌਜਵਾਨ ਟਰੈਕਟਰ ਲੈ ਕੇ ਖ਼ੂਣ -ਖ਼ੁਣ ਪਿੰਡ ਵੱਲ ਤੇਜ਼ ਰਫਤਾਰ ਨਾਲ ਟਰੈਕਟਰ ਭਜਾਈ ਜਾਂਦਾ ਦਿਖਾਈ ਦਿੰਦਾ ਹੈ।

# 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਲੋਕ ਲਹਿਰ ਬਣਾਇਆ ਜਾਵੇ: ਸਿਹਤ ਮੰਤਰੀ

**ਜਲੰਧਰ:** ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਲੋਕਾਂ ਨੂੰ ਸੂਬਾ ਸਰਕਾਰ ਵੱਲੋਂ ਵਿੱਢੀ ਨਸ਼ਾ ਵਿਰੋਧੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' 'ਚ ਸ਼ਾਮਲ ਹੋ ਕੇ ਵਿਆਪਕ ਜਨ ਭਾਗੀਦਾਰੀ ਰਾਹੀਂ ਇਸ ਨੂੰ ਲੋਕ ਲਹਿਰ ਬਣਾਉਣ ਦੀ ਅਪੀਲ ਕੀਤੀ। ਸਥਾਨਕ ਸ਼ਹੀਦ ਬਾਬੂ ਲਾਭ ਸਿੰਘ ਸਿਵਲ ਹਸਪਤਾਲ ਵਿਖੇ ਨਸ਼ਾ ਛੁਡਾਊ ਕੇਂਦਰ ਦੇ ਨਿਰੀਖਣ ਦੌਰਾਨ ਉਨ੍ਹਾਂ ਨੇ ਸਮਾਜ 'ਚੋਂ ਨਸ਼ਿਆਂ ਦੇ ਖਾਤਮੇ ਲਈ ਸਿਹਤ, ਪੁਲਿਸ ਤੇ ਸਿਵਲ ਪ੍ਰਸ਼ਾਸਨ ਨੂੰ ਸ਼ਾਮਲ ਕਰਦਿਆਂ ਬਹੁ-ਪੱਖੀ ਪਹੁੰਚ ਅਪਨਾਉਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਮੀਡੀਆ ਨੂੰ ਸੰਬੋਧਨ ਕਰਦਿਆਂ ਡਾ. ਬਲਬੀਰ ਸਿੰਘ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਨਸ਼ਿਆਂ ਵਿਰੁੱਧ ਫੈਸਲਾਕੁੰਨ ਜੰਗ ਵਿੱਢਣ ਦੀ ਵਚਨਬੱਧਤਾ ਦੁਹਰਾਈ।

ਸਿਹਤ ਮੰਤਰੀ, ਜਿਨ੍ਹਾਂ ਨਾਲ ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਤੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੀ ਮੌਜੂਦ ਸਨ, ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿੰਡ ਤੇ ਮੁਹੱਲਾ ਪੱਧਰ 'ਤੇ ਸਿਹਤ ਕਮੇਟੀਆਂ ਕਾਇਮ ਕਰਨ ਤੋਂ ਇਲਾਵਾ ਹਰੇਕ ਨਸ਼ਾ ਛੁਡਾਊ ਤੇ ਮੁੜ ਵਸੇਬਾ ਕੇਂਦਰ ਵਿਖੇ ਨਾਰਕੋਟਿਕਸ ਅਨੌਨੀਮਸ ਸਹਾਇਤਾ ਸਮੂਹ ਸਥਾਪਤ ਕੀਤੇ ਜਾਣਗੇ। ਇਹ ਸਮੂਹ ਨਸ਼ਾ ਛੱਡਣ ਵਾਲੇ ਵਿਅਕਤੀਆਂ ਦੀ ਸਹਾਇਤਾ ਕਰਨਗੇ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਦੁਬਾਰਾ ਨਸ਼ੇ ਦੀ ਲਤ 'ਚ ਨਾ ਫਸਣ। ਇਸ ਪਹਿਲਕਦਮੀ 'ਚ ਕਾਊਂਸਿੰਗ, ਹੁਨਰ ਵਿਕਾਸ ਸਿਖ਼ਲਾਈ ਤੇ ਰੋਜ਼ਗਾਰ ਸਹਾਇਤਾ ਸ਼ਾਮਲ ਹੋਵੇਗੀ। ਮੰਤਰੀ ਨੇ ਜੇਲ੍ਹਾਂ 'ਚ ਬੰਦ ਪਹਿਲੀ ਵਾਰ ਨਸ਼ੀਲੇ ਪਦਾਰਥਾਂ ਦੇ ਮਾਮਲਿਆਂ ਨਾਲ ਸਬੰਧਤ ਵਿਅਕਤੀਆਂ ਨੂੰ ਨਸ਼ਾ ਛੁਡਾਊ ਪ੍ਰੋਗਰਾਮਾਂ 'ਚ ਸ਼ਾਮਲ ਕਰਕੇ ਸਮਾਜ 'ਚ ਮੁੜ ਜੋੜਨ 'ਚ ਮਦਦ ਕਰਕੇ ਉਨ੍ਹਾਂ ਦੇ ਮੁੜ ਵਸੇਬੇ ਦੀਆਂ ਯੋਜਨਾਵਾਂ ਦੀ ਰੂਪਰੇਖਾ 'ਤੇ ਵੀ ਚਾਨਣਾ ਪਾਇਆ। ਇਸ ਤੋਂ ਇਲਾਵਾ ਉਨ੍ਹਾਂ ਨੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਸਕੂਲਾਂ ਤੇ ਕਾਲਜਾਂ 'ਚ ਨਸ਼ੀਲੇ ਪਦਾਰਥਾਂ ਬਾਰੇ ਜਾਗਰੂਕਤਾ ਪ੍ਰੋਗਰਾਮਾਂ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ।



ਪੰਜਾਬ 'ਚ 'ਆਪ' ਸਰਕਾਰ ਦੇ ਤਿੰਨ ਸਾਲਾਂ 'ਤੇ ਚਾਨਣਾ ਪਾਉਂਦਿਆਂ ਕੈਬਨਿਟ ਮੰਤਰੀ ਨੇ ਆਮ ਆਦਮੀ ਕਲੀਨਿਕਾਂ ਦੀ ਸਫ਼ਲਤਾ ਤੇ ਬਿਹਤਰ ਜਨਤਕ ਸਿਹਤ ਸੰਭਾਲ ਬੁਨਿਆਦੀ ਚਾਨਣਾ ਪਾਇਆ। ਇਸ ਤੋਂ ਇਲਾਵਾ ਉਨ੍ਹਾਂ ਨੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਸਕੂਲਾਂ ਤੇ ਕਾਲਜਾਂ 'ਚ ਨਸ਼ੀਲੇ ਪਦਾਰਥਾਂ ਬਾਰੇ ਜਾਗਰੂਕਤਾ ਪ੍ਰੋਗਰਾਮਾਂ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ।

ਪੰਜਾਬ 'ਚ 'ਆਪ' ਸਰਕਾਰ ਦੇ ਤਿੰਨ ਸਾਲਾਂ 'ਤੇ ਚਾਨਣਾ ਪਾਉਂਦਿਆਂ ਕੈਬਨਿਟ ਮੰਤਰੀ ਨੇ ਆਮ ਆਦਮੀ ਕਲੀਨਿਕਾਂ ਦੀ ਸਫ਼ਲਤਾ ਤੇ ਬਿਹਤਰ ਜਨਤਕ ਸਿਹਤ ਸੰਭਾਲ ਬੁਨਿਆਦੀ ਹਸਪਤਾਲਾਂ ਨੂੰ ਵੀ ਐਕਸ-ਰੇ, ਅਲਟਰਾਸਾਊਂਡ, ਮੁਫ਼ਤ ਦਵਾਈਆਂ ਵਰਗੀਆਂ ਸਹੂਲਤਾਂ ਦੇ ਕੇ ਮਜ਼ਬੂਤ ਕੀਤਾ ਗਿਆ ਹੈ। ਜਨਤਕ ਸਿਹਤ ਸੰਭਾਲ ਪ੍ਰਣਾਲੀ 'ਚ ਵੱਡੇ ਪੱਧਰ 'ਤੇ ਭਰਤੀ ਨੇ ਰਾਜ 'ਚ ਸਿਹਤ ਸੇਵਾਵਾਂ ਨੂੰ ਹੋਰ ਮਜ਼ਬੂਤ ਕੀਤਾ ਹੈ ਤੇ ਸਰਕਾਰੀ ਹਸਪਤਾਲਾਂ 'ਚ ਆਉਣ ਵਾਲੇ ਲਗਭਗ 95 ਫੀਸਦੀ ਲੋਕਾਂ ਨੇ ਸਿਹਤ ਸੰਭਾਲ ਸੇਵਾਵਾਂ 'ਤੇ ਸੰਤੁਸ਼ਟੀ ਪ੍ਰਗਟ ਕੀਤੀ ਹੈ। ਡਾ. ਬਲਬੀਰ ਸਿੰਘ ਨੇ ਕੇਂਦਰ ਨੂੰ ਸਰਹੱਦ ਪਾਰੋਂ ਪਾਕਿਸਤਾਨ ਤੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਨੂੰ ਰੋਕਣ ਲਈ ਆਧੁਨਿਕ ਐਂਟੀ-ਡਰੋਨ ਤਕਨੀਕ ਲਾਗੂ ਕਰਕੇ ਨਸ਼ਾ ਵਿਰੋਧੀ ਯਤਨਾਂ ਨੂੰ ਮਜ਼ਬੂਤ ਕਰਨ ਦੀ ਅਪੀਲ ਕੀਤੀ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਪੰਜਾਬ ਦੀ ਨਾਰਕੋ-ਅੱਤਵਾਦ ਵਿਰੁੱਧ ਲੜਾਈ 'ਚ ਸੰਘੀ ਸਹਾਇਤਾ ਬਹੁਤ ਮਹੱਤਵਪੂਰਣ ਹੈ।

### ਨਸ਼ਾ ਛੁਡਾਊ ਕੇਂਦਰ ਦਾ ਕੀਤਾ ਦੌਰਾ-ਮਰੀਜ਼ਾਂ ਨਾਲ ਕੀਤੀ ਗੱਲਬਾਤ

ਆਪਣੀ ਫੇਰੀ ਦੌਰਾਨ ਡਾ. ਬਲਬੀਰ ਸਿੰਘ ਨੇ ਨਸ਼ਾ ਛਡਾਊ ਕੇਂਦਰ 'ਚ ਮਰੀਜ਼ਾ ਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਗੱਲਬਾਤ ਕੀਤੀ ਤੇ ਉਨ੍ਹਾਂ ਨੂੰ ਇਸ ਪ੍ਰੋਗਰਾਮ 'ਚ ਸ਼ਾਮਲ ਹੋਣ ਲਈ ਦੂਜਿਆ ਨੂੰ ਪ੍ਰੇਰਿਤ ਕਰਨ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਨੇ ਪੰਜਾਬ 'ਚੋਂ ਨਸ਼ਿਆਂ ਦੇ ਖਾਤਮੇ ਲਈ ਪੂਰੀ ਸਰਕਾਰੀ ਸਹਾਇਤਾ ਦਾ ਭਰੋਸਾ ਦਿੱਤਾ ਤੇ ਐਲਾਨ ਕੀਤਾ ਕਿ ਠੀਕ ਹੋਏ ਵਿਅਕਤੀਆਂ ਨੂੰ ਕਰੀਅਰ ਦੇ ਮੌਕੇ ਪ੍ਰਦਾਨ ਕਰਨ ਲਈ ਉਦਯੋਗਿਕ ਸਿਖਲਾਈ ਸੰਸਥਾਵਾਂ (ਆਈ.ਟੀ.ਆਈ) ਤੇ ਪੋਲੀਟੈਕਨਿਕ ਸੰਸਥਾਵਾਂ ਨੂੰ ਸ਼ਾਮਲ ਕੀਤਾ ਜਾਵੇਗਾ।

ਪੰਜਾਬ ਟਾਈਮਜ਼

22 ਮਾਰਚ, ਸ਼ਨਿਚਰਵਾਰ

# ਪੰਜਾਬ ਗਹਿਰੇ ਸੰਕਟ ਵੱਲ...

*ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਆਪਣੇ ਕਾਰਜਕਾਲ ਦੇ ਤਿੰਨ ਸਾਲ ਪੂਰੇ ਕਰ ਲਏ ਹਨ। ਸਰਕਾਰ ਵਲੋਂ ਆਪਣੀਆਂ ਪ੍ਰਾਪਤੀਆਂ ਦੇ ਦਾਅਵੇ ਤਾਂ ਬਹੁਤ ਕੀਤੇ ਜਾ ਰਹੇ ਹਨ, ਪਰ ਜ਼ਮੀਨੀ ਹਕੀਕਤ ਕੁਝ ਹੋਰ ਦਿਸ ਰਹੀ ਹੈ। ਹਿੰਦੀ ਦੇ ਇਕ ਅਖਬਾਰ ਵਲੋਂ ਸਰਕਾਰ ਦੀ ਕਾਰਗੁਜ਼ਾਰੀ ਬਾਰੇ ਕੀਤਾ ਗਿਆ ਸਰਵੇਖਣ ਸਰਕਾਰ ਲਈ ਚਿੰਤਾ ਦਾ ਵਿਸ਼ਾ ਹੈ। ਪੰਜਾਬ ਦੇ ਸਭ ਤੋਂ ਚਿੰਤਾਜਨਕ ਮਸਲੇ ਨਸ਼ੇ, ਭ੍ਰਿਸ਼ਟਾਚਾਰ, ਬੇਰੁਜ਼ਗਾਰੀ ਅਤੇ ਕਾਨੂੰਨ ਵਿਵਸਥਾ ਹਨ। ਇਨ੍ਹਾਂ ਸਾਰੇ ਖੇਤਰਾਂ ਵਿਚ ਹੀ ਸਰਕਾਰ ਕੋਲ ਸਫ਼ਲਤਾ ਦੇ ਨਾਮ ਹੇਠ ਦਿਖਾਉਣ ਲਈ ਬਹੁਤਾ ਕੁਝ ਨਹੀਂ ਹੈ। ਕੇਂਦਰ ਸਰਕਾਰ ਪੰਜਾਬ ਸਰਕਾਰ ਨੂੰ ਆਪਣੀਆਂ ਚਾਲਾਂ ਵਿਚ ਫਸਾਉਣ ਲਈ ਨਿੱਤ ਨਵੇਂ ਪਰ ਤੋਲ ਰਹੀ ਹੈ। ਪੰਜਾਬ ਸਰਕਾਰ 26 ਮਾਰਚ ਨੂੰ ਵਿਧਾਨ ਸਭਾ ਵਿਚ ਬਜਟ ਪੇਸ਼ ਕਰੇਗੀ, ਉਸੇ ਦਿਨ ਕਿਸਾਨ ਵਿਧਾਨ ਸਭਾ ਵੱਲ ਮਾਰਚ ਕਰਨਗੇ। ਅੰਮ੍ਰਿਤਪਾਲ ਸਿੰਘ ਤੇ ਸਾਥੀ ਦਿਬੜੂਗੜ੍ਹ ਤੋਂ ਪੰਜਾਬ ਪਹੁੰਚਣ ਦੀਆਂ ਵੱਡੀਆਂ ਸੁਰਖੀਆਂ ਬਟੋਰ ਰਹੇ ਹਨ। ਇਸ ਸਾਰੇ ਘਟਨਾਕ੍ਰਮ ਵਿਚ ਵੱਡੀ ਚਿੰਤਾ ਕਾਨੂੰਨ ਵਿਵਸਥਾ ਦੀ ਹੈ।*

*ਪੰਜਾਬ ਦੇ ਸਰਹੱਦੀ ਇਲਾਕਿਆਂ ਵਿਚ ਗ੍ਰਨੇਡ ਤੇ ਹੋਰ ਕਈ ਤਰ੍ਹਾਂ ਦੇ ਦਹਿਸ਼ਤੀ ਹਮਲੇ ਹੋ ਰਹੇ ਹਨ। ਸਭ ਤੋਂ ਵੱਡੀ ਹੈਰਾਨ ਕਰਨ ਵਾਲੀ ਗੱਲ ਹੈ ਕਿ ਥਾਣਿਆਂ 'ਤੇ ਗ੍ਰਨੇਡ ਹਮਲੇ ਕਰ ਕੇ ਸੂਬੇ ਦੇ ਸੁਰੱਖਿਆ ਪ੍ਰਬੰਧਾਂ ਨੂੰ ਚੁਣੌਤੀ ਦਿੱਤੀ ਜਾ ਰਹੀ ਹੈ। ਅੰਮ੍ਰਿਤਸਰ ਦੇ ਖੰਡਵਾਲਾ ਸਥਿਤ ਠਾਕੁਰਦੁਵਾਰਾ ਮੰਦਰ 'ਚ ਦੋ ਮੋਟਰਸਾਈਕਲ ਸਵਾਰਾਂ ਵੱਲੋਂ ਗ੍ਰਨੇਡ ਹਮਲੇ ਕਰਨਾ ਵੀ ਇਸੇ ਕੜੀ ਦਾ ਹਿੱਸਾ ਜਾਪਦਾ ਹੈ। ਹਾਲਾਂਕਿ ਇਸ ਵਾਰਦਾਤ 'ਚ ਕਿਸੇ ਵੀ ਤਰ੍ਹਾਂ ਦਾ ਜਾਨੀ ਨੁਕਸਾਨ ਨਹੀਂ ਹੋਇਆ। ਇਹ ਘਟਨਾਵਾਂ ਲੋਕਾਂ 'ਚ ਦਹਿਸ਼ਤ ਫੈਲਾਅ ਰਹੀਆਂ ਹਨ ਤੇ ਸੂਬੇ ਦੇ ਸੁਰੱਖਿਆ ਪ੍ਰਬੰਧਾਂ 'ਚ ਲੱਗੀ ਪੁਲਿਸ ਲਈ ਵੀ ਸਿਰਦਰਦੀ ਬਣ ਰਹੀਆਂ ਹਨ। ਇਸ ਤਾਜ਼ਾ ਘਟਨਾ ਤੋਂ ਇਲਾਵਾ ਪਿਛਲੇ ਸਾਲ 2024 'ਚ ਵੀ ਲਗਾਤਾਰ ਹਮਲੇ ਹੋਏ ਹਨ। 24 ਨਵੰਬਰ ਨੂੰ ਅਜਨਾਲਾ ਥਾਣੇ ਦੇ ਬਾਹਰ ਆਰਡੀਐਕਸ ਮਿਲਿਆ ਸੀ ਤੇ ਇਸ ਮਾਮਲੇ 'ਚ ਜੋ ਮੁਲਜ਼ਮ ਗ੍ਰਿਫ਼ਤਾਰ ਕੀਤੇ ਗਏ ਸਨ, ਉਨ੍ਹਾਂ ਕੋਲੋਂ ਹੈਂਡ ਗ੍ਰਨੇਡ ਬਰਾਮਦ ਹੋਏ ਸਨ। ਇਸ ਤੋਂ ਬਾਅਦ 27 ਨਵੰਬਰ ਨੂੰ ਗੁਰਬਖ਼ਸ਼ ਨਗਰ 'ਚ ਬੰਦ ਪਈ ਪੁਲਿਸ ਚੌਕੀ 'ਤੇ ਗ੍ਰਨੇਡ ਨਾਲ ਧਮਾਕਾ ਕੀਤਾ ਗਿਆ ਤੇ 2 ਦਸੰਬਰ ਨੂੰ ਸ਼ਹੀਦ ਭਗਤ ਸਿੰਘ ਨਗਰ ਦੇ ਕਾਠਗੜ੍ਹ ਥਾਣੇ 'ਚ ਗ੍ਰਨੇਡ ਧਮਾਕਾ ਹੋਇਆ। 4 ਦਸੰਬਰ ਨੂੰ ਮਜੀਠਾ ਥਾਣੇ 'ਚ ਗ੍ਰਨੇਡ ਫਟਿਆ ਪਰ ਪੁਲਿਸ ਨੇ ਇਸ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। 13 ਦਸੰਬਰ ਨੂੰ ਥਾਣਾ ਅਲੀਵਾਲ ਬਟਾਲਾ ਤੇ 17 ਦਸੰਬਰ ਨੂੰ ਇਸਲਾਮਾਬਾਦ ਦੇ ਥਾਣੇ 'ਚ ਗ੍ਰਨੇਡ ਧਮਾਕਾ ਹੋਇਆ। ਦੂਜੇ ਪਾਸੇ ਇਨ੍ਹਾਂ ਹਮਲਿਆਂ 'ਤੇ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਵੀ ਤਿੱਖੀ ਪ੍ਰਤੀਕਿਰਿਆ ਆਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਪੰਜਾਬ ਨੂੰ ਅਸ਼ਾਂਤ ਸੂਬਾ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਮਾਨ ਨੇ ਪਾਕਿਸਤਾਨ ਦੇ ਅੱਤਵਾਦੀ ਸੰਗਠਨ ਆਈ.ਐਸ.ਆਈ. 'ਤੇ ਵੀ ਨਿਸ਼ਾਨਾ ਸਾਧਿਆ ਹੈ। ਦਰਅਸਲ, ਸਰਹੱਦੀ ਇਲਾਕਿਆਂ 'ਚ ਲਗਾਤਾਰ ਡਰੋਨਾਂ ਰਾਹੀਂ ਹਥਿਆਰ ਅਤੇ ਨਸ਼ਾ ਤਸਕਰੀ ਦੀਆਂ ਘਟਨਾਵਾਂ ਸਾਹਮਣੇ ਆ ਰਹੀਆਂ ਹਨ।*

*ਇਨ੍ਹਾਂ ਘਟਨਾਵਾਂ ਦੀ ਕਈ ਅੱਤਵਾਦੀ ਸੰਗਠਨਾਂ ਦੇ ਮੈਂਬਰਾਂ ਵੱਲੋਂ ਜ਼ਿੰਮੇਵਾਰੀ ਵੀ ਲਈ ਗਈ ਹੈ। ਸੂਬੇ ਵਿਚ ਵਾਪਰੀਆਂ ਕਈ ਘਟਨਾਵਾਂ ਦੇ ਤਾਰ ਗੁਆਂਢੀ ਮੁਲਕਾਂ ਨਾਲ ਵੀ ਜੁੜੇ ਮਿਲੇ ਹਨ। ਕਈ ਦਹਾਕੇ ਪਹਿਲਾਂ ਵੀ ਪੰਜਾਬ ਕਾਲੇ ਦੌਰ ਦਾ ਗਵਾਹ ਰਿਹਾ ਹੈ। ਉਨ੍ਹਾਂ ਕਾਲੇ ਦਿਨਾਂ ਨੂੰ ਹਾਲੇ ਵੀ ਲੋਕ ਪੂਰੀ ਦਹਿਸ਼ਤ ਨਾਲ ਚੇਤੇ ਕਰਦੇ ਹਨ। ਹੁਣ ਫਿਰ ਤੋਂ ਵਾਪਰ ਰਹੀਆਂ ਇਹ ਦਹਿਸ਼ਤੀ ਘਟਨਾਵਾਂ ਸੂਬੇ ਦੇ ਸੁਰੱਖਿਆ ਪ੍ਰਬੰਧਾਂ ਨੂੰ ਨਿਸ਼ਾਨੇ 'ਤੇ ਲੈ ਰਹੀਆਂ ਹਨ। ਲੋਕਾਂ ਦਾ ਸਰਕਾਰ 'ਤੇ ਭਰੋਸਾ ਵੀ ਹਿੱਲ ਰਿਹਾ ਹੈ। ਪੰਜਾਬ ਹਮੇਸ਼ਾ ਹੀ ਖ਼ੁਸ਼ਹਾਲੀ ਤੇ ਭਾਈਚਾਰੇ ਨੂੰ ਵਧਾਉਣ ਦਾ ਹਮਾਇਤੀ ਰਿਹਾ ਹੈ ਪਰ ਇਹ ਘਟਨਾਵਾਂ ਦੂਜੇ ਸੂਬਿਆਂ ਵਿਚ ਪੰਜਾਬ ਦੀ ਸਾਖ਼ ਨੂੰ ਖ਼ਰਾਬ ਕਰ ਰਹੀਆਂ ਹਨ। ਇਨ੍ਹਾਂ ਪਿੱਛੇ ਜੋ ਵੀ ਲੋਕ ਹਨ, ਉਨ੍ਹਾਂ ਦੇ ਚਿਹਰੇ ਤੇ ਮਨਸੂਬੇ ਨਸ਼ਰ ਹੋਣੇ ਚਾਹੀਦੇ ਹਨ। ਇਸ ਲਈ ਸੂਬੇ ਦੀ ਸੁਰੱਖਿਆ ਲਈ ਜ਼ਿੰਮੇਵਾਰ ਪ੍ਰਬੰਧਕਾਂ ਨੂੰ ਲਗਾਤਾਰ ਕੋਸ਼ਿਸ਼ਾਂ ਕਰਨੀਆਂ ਚਾਹੀਦੀਆਂ ਹਨ। ਦੂਜੇ ਪਾਸੇ ਸਾਰੀਆਂ ਵਿਰੋਧੀ ਧਿਰਾਂ ਨੂੰ ਵੀ ਇਨ੍ਹਾਂ ਘਟਨਾਵਾਂ 'ਤੇ ਸਿਆਸਤ ਕਰਨ ਦੀ ਥਾਂ ਸਰਕਾਰ ਦਾ ਸਾਥ ਦੇਣਾ ਚਾਹੀਦਾ ਹੈ।*

*ਕੇਂਦਰ ਸਰਕਾਰ ਦੇ ਵਿਦੇਸ਼ ਮੰਤਰਾਲੇ ਨੂੰ ਚਾਹੀਦਾ ਹੈ ਕਿ ਗੁਆਂਢੀ ਦੇਸ਼ਾਂ ਵਿਚ ਬੈਠ ਕੇ ਸੂਬਿਆਂ ਦੀ ਸ਼ਾਂਤੀ ਭੰਗ ਕਰਨ ਵਾਲੇ ਲੋਕਾਂ ਵਿਰੁੱਧ ਕਾਰਵਾਈ ਵਿੱਢੀ ਜਾਵੇ ਕਿਉਂਕਿ ਇਹ ਹਮਲੇ ਪੰਜਾਬ ਦੇ ਅਰਥਚਾਰੇ ਤੇ ਬਾਹਰੀ ਨਿਵੇਸ਼ ਨੂੰ ਵੀ ਵੱਡਾ ਖੋਰਾ ਲਾਉਂਦੇ ਹਨ। ਸੂਬੇ 'ਤੇ ਹਮਲਾ ਕਰਨ ਵਾਲਿਆਂ ਖ਼ਿਲਾਫ਼ ਸਾਰਿਆਂ ਨੂੰ ਰਲ ਕੇ ਕਾਰਵਾਈ ਕਰਨੀ ਚਾਹੀਦੀ ਹੈ।*

*ਇਹੋ ਜਿਹੀ ਨਾਜ਼ੁਕ ਸਥਿਤੀ ਵਿਚ ਪੰਜਾਬ ਦਾ ਮੁੱਖ ਮੰਤਰੀ ਬਦਲਣ ਦੀਆਂ ਅਟਕਲਾਂ ਦਾ ਬਾਜ਼ਾਰ ਵੀ ਲਗਾਤਾਰ ਗਰਮ-ਗਰਮ ਰਹਿੰਦਾ ਹੈ। ਦਸ ਦਿਨਾਂ ਦੀ ਵਿਪਾਸਨਾ ਤੋਂ ਬਾਹਰ ਆਏ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਭਾਵੇਂ ਸਪੱਸ਼ਟ ਕਿਹਾ ਹੈ ਕਿ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਦੇ ਅਹੁਦੇ ਉੱਤੇ ਨਾ ਸਿਰਫ਼ ਇਹੀ ਦੋ ਸਾਲ ਪੂਰੇ ਕਰਨਗੇ, ਸਗੋਂ ਅਗਲੇ ਪੰਜ ਸਾਲਾਂ ਲਈ ਵੀ ਇਹੀ ਮੁੱਖ ਮੰਤਰੀ ਹੋਣਗੇ। ਪਰ ਅੰਦਰੂਨੀ ਖ਼ਬਰਾਂ ਕੁਝ ਹੋਰ ਕਹਿੰਦੀਆਂ ਹਨ। ਇਨ੍ਹਾਂ ਖ਼ਬਰਾਂ ਅਨੁਸਾਰ ਅਰਵਿੰਦ ਕੇਜਰੀਵਾਲ ਨੇ ਸਾਬਕਾ ਮੰਤਰੀ ਡਾਕਟਰ ਇੰਦਰਬੀਰ ਸਿੰਘ ਨਿੱਝਰ ਨਾਲ ਗੁਪਤ ਗੱਲਬਾਤ ਕਰ ਕੇ ਮੁੱਖ ਮੰਤਰੀ ਬਣਨ ਦੀ ਪੇਸ਼ਕਸ਼ ਕੀਤੀ ਹੈ, ਪਰ ਡਾਕਟਰ ਨਿੱਝਰ ਨੇ ਇਹ ਫੈਸਲਾ ਕਰਨ ਲਈ ਥੋੜ੍ਹੀ ਦੇਰ ਸੋਚਣ ਲਈ ਸਮਾਂ ਮੰਗਿਆ ਹੈ।*

*ਇਸ ਤਰ੍ਹਾਂ ਪੰਥਕ ਸਿਆਸਤ ਦੇ ਸੰਕਟ ਸਮੇਤ ਬਹੁਪੱਖੀ ਸੰਕਟਾਂ ਵਿਚੀਂ ਗੁਜ਼ਰ ਰਿਹਾ ਪੰਜਾਬ, ਕਿਸ ਤਰ੍ਹਾਂ ਦੀ ਕਰਵਟ ਲਵੇਗਾ ਇਹ ਸਮਾਂ ਹੀ ਦੱਸੇਗਾ।*

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਧਰਮ ਪ੍ਰਚਾਰ ਕਿ ਵਿਓਪਾਰ?

*ਸੱਚੀ ਮੰਨੀਏ ਉਨ੍ਹਾਂ ਦੀ ਗੱਲ ਕਿਹੜੀ? ਜਿਹੜੇ ਦੋਗਲਾ ਜਿਹਾ ਵਿਵਹਾਰ ਕਰਦੇ।*
*ਸ਼ਬਦ-ਗੁਰੂ ਨੂੰ ਆਪਣਾ ਇਸ਼ਟ ਕਹਿ ਕੇ, ਗੁਰੂ ਡੰਮ ਦਾ ਨਾਲੇ ਪ੍ਰਚਾਰ ਕਰਦੇ।*
*ਕਦੇ 'ਪੂਜਾ ਅਕਾਲ ਕੀ' ਗਾਈ ਜਾਂਦੇ, ਨਾਲੇ ਡੇਰਿਆਂ ਦੀ ਜੈ-ਜੈਕਾਰ ਕਰਦੇ।*
*ਭਗਵੇਂ, ਚਿੱਟੇ ਤੇ ਨੀਲੇ ਰਲ-ਗਡ ਕਰਕੇ, ਧੁੰਦਲਾ ਪੰਥ ਦਾ ਸਭਿਆਚਾਰ ਕਰਦੇ।*
*ਦੇਖ ਦੇਖ ਕੇ ਕਾਰੇ ਬਹਿਰੂਪੀਆਂ ਦੇ, ਸਿਦਕੀ ਸਿੱਖ ਨੇ ਤਾਹੀਂ ਧ੍ਰਿਗਕਾਰ ਕਰਦੇ।*
*ਲੇਬਲ 'ਧਰਮ ਪ੍ਰਚਾਰ' ਦੇ ਨਾਮ ਵਾਲਾ, ਲੋਕੀਂ ਸੱਚ ਕਹਿੰਦੇ ਇਹ ਵਿਓਪਾਰ ਕਰਦੇ!*

# ਪੰਜਾਬ ਵਿਚ ਨਸ਼ਿਆਂ ਦਾ ਮਾਮਲਾ; ਸਰਕਾਰ ਦੀ 'ਬੁਲਡੋਜ਼ਰ ਮੁਹਿੰਮ' ਅਤੇ ਨਸ਼ਿਆਂ ਦਾ ਹੱਲ

ਪੰਜਾਬ ਸਰਕਾਰ ਵੱਲੋਂ ਸੂਬੇ ਵਿਚ ਨਸ਼ਿਆਂ ਖ਼ਿਲਾਫ ਮੁਹਿੰਮ ਦੇ ਨਾਮ ਹੇਠ ਕਥਿਤ ਨਸ਼ਾ ਤਸਕਰਾਂ ਦੇ ਘਰ ਢਾਹੇ ਜਾ ਰਹੇ ਹਨ। ਸੂਬਾ ਸਰਕਾਰ ਵੱਲੋਂ 'ਡਰੱਗ ਮਾਫ਼ੀਆ' ਖ਼ਿਲਾਫ਼ ਕਾਰਵਾਈ ਦੇ ਨਾਮ ਹੇਠ ਵਿੱਢੀ ਇਸ ਮੁਹਿੰਮ ਤਹਿਤ ਦਾਅਵਾ ਕੀਤਾ ਜਾ ਰਿਹਾ ਹੈ ਕਿ ਨਸ਼ਾ ਤਸਕਰਾਂ ਵੱਲੋਂ ਨਸ਼ਾ ਤਸਕਰੀ ਜ਼ਰੀਏ ਬਣਾਈ ਜਾਇਦਾਦ ਜਾਂ ਨਸ਼ਾ ਤਸਕਰਾਂ ਦੀਆਂ ਅਣ-ਅਧਿਕਾਰਤ ਜਾਇਦਾਦਾਂ ਨੂੰ ਢਾਹਿਆ ਜਾ ਰਿਹਾ ਹੈ। ਸਭ ਤੋਂ ਮੰਦਭਾਗਾ ਵਰਤਾਰਾ ਇਹ ਹੈ ਕਿ ਸਾਡੇ 'ਸੱਭਿਅਕ ਸਮਾਜ' ਦਾ ਇਕ ਹਿੱਸਾ ਬਗੈਰ ਕਿਸੇ ਪੜਤਾਲ ਦੇ ਸਰਕਾਰ ਦੀ ਇਸ ਕਾਰਵਾਈ ਤੋਂ ਖੁਸ਼ ਹੋ ਰਿਹਾ ਹੈ।



ਇਹ ਸੱਚ ਹੈ ਕਿ ਪੰਜਾਬ ਵਿਚ ਨਸ਼ਾ ਇਕ ਵੱਡੀ ਸਮੱਸਿਆ ਬਣਿਆ ਹੋਇਆ ਹੈ, ਇਸ ਦੇ ਕਾਰਨਾਂ ਨੂੰ ਲੱਭਦੇ ਹੋਏ ਇਸ ਸਮੱਸਿਆ ਦਾ ਹੱਲ

**ਨਵਕਿਰਨ ਸਿੰਘ ਪੱਤੀ**
**ਫੋਨ:** 98885-44001
**ਈਮੇਲ:** n4navkiran@gmail.com

ਕੀਤਾ ਜਾਣਾ ਚਾਹੀਦਾ ਹੈ। ਇਸ ਵਿਚ ਵੀ ਕੋਈ ਦੋ ਰਾਵਾਂ ਨਹੀਂ ਹਨ ਕਿ ਵੱਡੇ ਨਸ਼ਾਂ ਤਸਕਰਾਂ ਖ਼ਿਲਾਫ ਸਖਤ ਕਾਰਵਾਈ ਹੋਣੀ ਚਾਹੀਦੀ ਹੈ। ਪਰ ਬਗੈਰ ਕਿਸੇ ਕਾਨੂੰਨੀ ਜਾਂ ਅਦਾਲਤੀ ਪ੍ਰਕਿਰਿਆ ਨੂੰ ਅਪਣਾਏ ਕਿਸੇ ਵੀ ਮੁਲਜ਼ਮ ਦੇ ਘਰ ਢਾਹੁਣ ਦੀ ਕਾਰਵਾਈ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਘਰ ਕਿਸੇ ਇਕ ਵਿਅਕਤੀ ਦੀ ਬਜਾਏ ਉਸਦੇ ਪੂਰੇ ਪਰਿਵਾਰ ਜਾਂ ਘੱਟੋ-ਘੱਟ ਤਿੰਨ ਪੀੜ੍ਹੀਆਂ ਦਾ ਹੁੰਦਾ ਹੈ, ਜੇਕਰ ਉਨ੍ਹਾਂ ਵਿਚੋਂ ਕੋਈ ਇਕ ਜਾਂ ਦੋ ਪਰਿਵਾਰਕ ਮੈਂਬਰ ਗ਼ਲਤ ਕੰਮ ਕਰਦੇ ਵੀ ਹਨ ਤਾਂ ਪੂਰੇ ਪਰਿਵਾਰ ਨੂੰ ਬੇਘਰ ਕਰਨਾ ਕਿੱਥੋਂ ਤੱਕ ਠੀਕ ਹੈ। ਅਗਲਾ ਖਦਸ਼ਾ ਇਹ ਹੈ ਕਿ ਨਸ਼ਿਆਂ ਦਾ ਕਾਰੋਬਾਰ ਕਰਨ ਵਾਲੇ ਵੱਡੇ ਮਗਰਮੱਛਾਂ ਨੂੰ ਕਾਬੂ ਕਰਨ ਦੀ ਬਜਾਏ ਕਿਤੇ ਸਰਕਾਰ ਹੇਠਲੇ ਪੱਧਰ ਦੇ ਤਸਕਰਾਂ ਤੱਕ ਹੀ ਮਾਮਲੇ ਨੂੰ ਸੀਮਤ ਕਰਨ ਦੀ ਕਵਾਇਦ ਤਾਂ ਨਹੀਂ ਕਰ ਰਹੀ ਹੈ।

ਪੰਜਾਬ ਤੋਂ ਪਹਿਲਾਂ ਬੁਲਡੋਜ਼ਰ ਚਲਾਉਣ ਦੀ ਕਾਰਵਾਈ ਉੱਤਰ ਪ੍ਰਦੇਸ਼ ਵਿਚ ਨਜ਼ਰ ਆ ਰਹੀ ਸੀ ਜਿੱਥੇ ਯੋਗੀ ਅਦਿੱਤਿਆ ਨਾਥ ਦੀ ਅਗਵਾਈ ਹੇਠਲੀ ਸੂਬਾ ਸਰਕਾਰ ਵੱਲੋਂ ਉੱਤਰ ਪ੍ਰਦੇਸ਼ ਸਣੇ ਕਈ ਸੂਬਿਆਂ ਵਿਚ ਕਥਿਤ ਮੁਲਜ਼ਮਾਂ ਦੇ ਘਰ ਜਾਂ ਦੁਕਾਨਾਂ ਢਾਹੀਆਂ ਗਈਆਂ ਸਨ। ਉੱਤਰ ਪ੍ਰਦੇਸ਼ ਦੀ ਇਸ 'ਬੁਲਡੋਜ਼ਰ ਮੁਹਿੰਮ' ਤਹਿਤ ਜ਼ਿਆਦਾਤਰ ਬੁਲਡੋਜ਼ਰ ਘੱਟ-ਗਿਣਤੀ ਭਾਈਚਾਰੇ ਨਾਲ ਸਬੰਧਤ ਲੋਕਾਂ ਦੇ ਘਰਾਂ ਉੱਪਰ ਚੱਲਿਆ। ਉੱਤਰ ਪ੍ਰਦੇਸ਼ ਦੀ ਬੁਲਡੋਜ਼ਰ ਮੁਹਿੰਮ 'ਸੱਤਾ' ਵਿਰੋਧੀ ਵਿਚਾਰ ਰੱਖਣ ਵਾਲੇ ਲੋਕਾਂ ਦੇ ਘਰ ਢਾਹੁਣ ਤੱਕ ਜਾ ਪਹੁੰਚੀ ਸੀ ਜਿਸਦੀ ਉਦਾਹਰਨ ਜਾਵੇਦ ਅਤੇ ਉਸਦੀ ਧੀ ਵਿਦਿਆਰਥੀ ਕਾਰਕੁਨ ਆਫਰੀਨ ਫਾਤਿਮਾ ਦਾ ਘਰ ਢਾਹੁਣ ਦੀ ਹੈ। ਜਿਵੇਂ ਉੱਤਰ ਪ੍ਰਦੇਸ਼ ਦੀ ਭਾਜਪਾ ਸਰਕਾਰ ਨੇ 'ਬੁਲਡੋਜ਼ਰ ਮੁਹਿੰਮ' ਰਾਹੀਂ ਮੁੱਖ ਮੰਤਰੀ ਯੋਗੀ ਅਦਿੱਤਿਆ ਨਾਥ ਨੂੰ ਇਕ 'ਦਬੰਗ' ਮੁੱਖ ਮੰਤਰੀ ਵਜੋਂ ਉਭਾਰਨ ਦੀ ਕੋਸ਼ਿਸ਼ ਕੀਤੀ ਸੀ ਉਸੇ ਤਰ੍ਹਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਬਕਾਇਦਾ ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਅਫਸਰਾਂ ਨਾਲ ਮੀਟਿੰਗ ਕਰ ਕੇ ਕਥਿਤ ਨਸ਼ਾ ਤਸਕਰਾਂ ਦੇ ਘਰ ਢਾਹੁਣ ਵਾਲੀ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਹੈ। ਜ਼ਿਲ੍ਹਾ ਲੁਧਿਆਣਾ ਦੇ ਤਲਵੰਡੀ ਪਿੰਡ ਤੋਂ 24 ਫ਼ਰਵਰੀ ਨੂੰ 'ਬੁਲਡੋਜ਼ਰ ਨਾਲ ਇਮਾਰਤਾਂ ਢਾਹੁਣ' ਦੀ ਸ਼ੁਰੂ ਕੀਤੀ ਇਹ ਮੁਹਿੰਮ ਅਗਲੇ ਦਿਨ ਲੁਧਿਆਣਾ ਦੇ ਹਿੰਮਤ ਨਗਰ ਵਿਚੋਂ ਹੁੰਦੀ ਹੋਈ ਸਮੁੱਚੇ ਪੰਜਾਬ ਵਿਚ ਜਾਰੀ ਹੈ।

ਸਰਕਾਰ ਦਾ ਇਹ ਦਾਅਵਾ ਕਿ ਨਸ਼ਾ ਤਸਕਰੀ ਦੇ ਮੁਲਜ਼ਮ ਦੀਆਂ ਉਹ ਸਾਰੀਆਂ ਜਾਇਦਾਦਾਂ ਜੋ ਜਾਂ ਤਾਂ ਗੈਰ-ਕਾਨੂੰਨੀ ਹਨ ਜਾਂ ਨਸ਼ੀਲੇ ਪਦਾਰਥਾਂ ਦੇ ਪੈਸੇ ਦੀ ਵਰਤੋਂ ਕਰ ਕੇ ਬਣਾਈਆਂ ਗਈਆਂ ਹਨ, ਆਉਣ ਵਾਲੇ ਦਿਨਾਂ ਵਿਚ ਢਾਹ ਦਿੱਤੀਆਂ ਜਾਣਗੀਆਂ। ਹਾਲਾਂਕਿ ਪੰਜਾਬ ਸਰਕਾਰ ਵੱਲੋਂ ਵਿੱਢੀ ਇਹ ਬੁਲਡੋਜ਼ਰ ਮੁਹਿੰਮ ਸੁਪਰੀਮ ਕੋਰਟ ਦੇ ਉਸ ਫੈਸਲੇ ਦੀ ਸਿੱਧੀ ਉਲੰਘਣਾ ਹੈ ਜਿਸ ਵਿਚ ਜਸਟਿਸ ਬੀਆਰ ਗਵਈ ਅਤੇ ਜਸਟਿਸ ਕੇ.ਵੀ. ਵਿਸ਼ਵਨਾਥਨ ਦੇ ਦੋ ਮੈਂਬਰੀ ਬੈਂਚ ਨੇ ਨਵੰਬਰ 2024 ਨੂੰ ਦੇਸ਼ ਵਿਚ ਬੁਲਡੋਜ਼ਰਾਂ ਨਾਲ ਜਾਇਦਾਦਾਂ ਨੂੰ ਢਾਹੁਣ ਸੰਬੰਧੀ ਦਿਸ਼ਾ-ਨਿਰਦੇਸ਼ ਜਾਰੀ ਕਰਦਿਆਂ ਕਿਹਾ ਸੀ ਕਿ ਕਿਸੇ ਵਿਅਕਤੀ ਦੇ ਘਰ ਜਾਂ ਜਾਇਦਾਦ ਨੂੰ ਸਿਰਫ਼ ਇਸ ਲਈ ਢਾਹ ਦੇਣਾ ਕਿਉਂਕਿ ਉਸ 'ਤੇ ਅਪਰਾਧ ਦੇ ਇਲਜ਼ਾਮ ਹਨ, ਕਾਨੂੰਨ ਦੇ ਰਾਜ ਦੇ ਖ਼ਿਲਾਫ਼ ਹੈ।

ਸਰਕਾਰ ਦੇ ਦਾਅਵੇ ਨੂੰ ਮੰਨੀਏ ਕਿ ਉਹ ਤਸਕਰਾਂ ਵੱਲੋਂ ਨਸ਼ੇ ਦੀ ਤਸਕਰੀ ਕਰਕੇ ਬਣਾਈਆਂ ਜਾਇਦਾਦਾਂ ਨੂੰ ਢਹਿ-ਢੇਰੀ ਕਰ ਰਹੀ ਹੈ ਤਾਂ ਸਰਕਾਰ ਨੂੰ ਇਹ ਵੀ ਦੱਸਣਾ ਚਾਹੀਦਾ ਹੈ ਕਿ ਸੂਬੇ ਦੀ 'ਸੱਤਾ' ਉੱਪਰ ਕਾਬਜ਼ ਰਹਿੰਦਿਆਂ ਆਪਣੇ ਘਰ ਭਰਨ ਵਾਲੇ ਆਗੂਆਂ ਖ਼ਿਲਾਫ



ਕਾਰਵਾਈ ਕਦੋਂ ਹੋਵੇਗੀ?

ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖ਼ਿਲਾਫ ਮੁਹਿੰਮ ਦੀ ਨਿਗਰਾਨੀ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਾਲੀ ਪੰਜ ਮੈਂਬਰੀ ਕਮੇਟੀ ਕਰ ਰਹੀ ਹੈ ਜਿਸ ਵਿਚ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ, ਸਿਹਤ ਮੰਤਰੀ ਬਲਬੀਰ ਸਿੰਘ, ਨਵੀਂ ਅਤੇ ਨਵਿਆਉਣਯੋਗ ਊਰਜਾ ਮੰਤਰੀ ਅਮਨ ਅਰੋੜਾ ਅਤੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਮੈਂਬਰ ਹਨ।

ਉਂਝ ਪਹਿਲਾਂ ਵੀ ਕਈ ਵਾਰ ਸੂਬੇ ਵਿਚ ਨਸ਼ਿਆਂ ਦਾ ਮਸਲਾ ਚਰਚਾ ਦਾ ਵਿਸ਼ਾ ਬਣ ਚੁੱਕਾ ਹੈ। ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਵੀ ਨਸ਼ਾ ਤਸਕਰਾਂ ਖ਼ਿਲਾਫ ਕਾਰਵਾਈ ਦੇ ਨਾਮ ਹੇਠ ਥੋੜ੍ਹਾ-ਮੋਟਾ ਨਸ਼ਾ ਕਰਨ ਵਾਲੇ ਵਿਅਕਤੀ ਜੇਲ੍ਹਾਂ ਵਿਚ ਬੰਦ ਕਰ ਦਿੱਤੇ ਸਨ ਅਤੇ ਸਿੰਥੈਟਿਕ ਨਸ਼ਾ ਰੋਕਣ ਲਈ ਸੈਂਕੜੇ ਓਟ ਕਲੀਨਿਕਾਂ ਦੀ ਸਥਾਪਨਾ ਕੀਤੀ ਸੀ। ਪਰ ਉਨ੍ਹਾਂ ਨਸ਼ਾ ਛੁਡਾਊ ਕੇਂਦਰਾਂ ਦਾ ਨਤੀਜਾ ਇਹ ਨਿਕਲਿਆ ਕਿ ਉਹ ਨਸ਼ਾ ਛੁਡਾਊ ਕੇਂਦਰਾਂ ਦੀ ਥਾਂ ਨਸ਼ਾ ਲਾਊ ਕੇਂਦਰ ਬਣ ਗਏ ਕਿਉਂਕਿ ਸੂਬੇ ਦੇ ਲੱਖਾਂ ਵਿਅਕਤੀ ਬੁਪ੍ਰੇਨੋਰਫਾਈਨ ਨਾਮ ਦੀ ਦਵਾਈ ਉੱਪਰ ਲੱਗ ਗਏ। ਚਾਹੀਦਾ ਤਾਂ ਇਹ ਸੀ ਕਿ ਨਸ਼ਾ ਛੁਡਾਊ ਕੇਂਦਰਾਂ ਵਿਚ ਮਾਨਸਿਕ ਰੋਗਾਂ ਦੇ ਮਾਹਿਰ ਡਾਕਟਰਾਂ ਅਤੇ ਕਾਊਂਸਲਰਾਂ ਦੀ ਦੇਖ-ਰੇਖ ਹੇਠ ਨਸ਼ਾ ਕਰਨ ਦੇ ਆਦੀ ਨੌਜਵਾਨਾਂ ਦੀ ਕਾਊਂਸਲਿੰਗ ਕਰਦੇ ਹੋਏ ਕੀਤੇ ਜਾ ਰਹੇ ਨਸ਼ੇ ਦੀ ਡੋਜ਼ ਦੇ ਹਿਸਾਬ ਨਾਲ ਬੁਪ੍ਰੇਨੋਰਫਾਈਨ ਦੀ ਡੋਜ਼ ਸ਼ੁਰੂ ਕਰਦੇ ਅਤੇ ਇਸ ਦੀ ਡੋਜ਼ ਘਟਾਉਂਦੇ-ਘਟਾਉਂਦੇ ਨੌਜਵਾਨਾਂ ਨੂੰ ਨਸ਼ਾ ਰਹਿਤ ਕਰਦੇ ਪਰ ਹੋਇਆ ਇਹ ਕਿ ਨੌਜਵਾਨਾਂ ਨੂੰ ਬਾਕੀ ਨਸ਼ਿਆਂ ਤੋਂ ਹਟਾ ਕੇ ਬੁਪ੍ਰੇਨੋਰਫਾਈਨ ਉੱਪਰ ਲਗਾ ਦਿੱਤਾ ਗਿਆ। ਪੰਜਾਬ ਵਿਚ 528 ਓਟ ਕੇਂਦਰ, 36 ਸਰਕਾਰੀ ਨਸ਼ਾ ਛੁਡਾਊ ਕੇਂਦਰ, 185 ਪ੍ਰਾਈਵੇਟ ਨਸ਼ਾਂ ਛੁਡਾਊ ਕੇਂਦਰਾਂ ਵਿਚ ਹੈਰੋਇਨ, ਸਮੈਕ, ਭੁੱਕੀ, ਅਫੀਮ ਆਦਿ ਨਸ਼ਾ ਕਰਨ ਵਾਲਿਆਂ ਨੂੰ ਇਨ੍ਹਾਂ ਨਸ਼ਿਆਂ ਦੀ ਥਾਂ ਬੁਪ੍ਰੇਨੋਰਫਾਈਨ ਦਿੱਤੀ ਜਾਂਦੀ ਹੈ। ਮਾਰਚ 2023 ਵਿਚ ਪੰਜਾਬ ਦੇ ਸਿਹਤ ਮੰਤਰੀ ਵੱਲੋਂ ਵਿਧਾਨ ਸਭਾ ਵਿਚ ਦੱਸਿਆ ਗਿਆ ਸੀ ਕਿ ਸੂਬੇ ਵਿਚ 2.62 ਲੱਖ ਨਸ਼ਿਆਂ ਦੇ ਆਦੀ ਸਰਕਾਰ ਦੇ ਨਸ਼ਾ-ਛੁਡਾਊ ਕੇਂਦਰਾਂ ਤੋਂ ਜਦਕਿ 6.12 ਲੱਖ ਵਿਅਕਤੀ ਨਿੱਜੀ ਖੇਤਰ ਦੇ ਨਸ਼ਾ-ਛੁਡਾਊ ਕੇਂਦਰਾਂ ਤੋਂ ਦਵਾਈ ਲੈ ਰਹੇ ਹਨ, ਜੋ ਅੰਕੜਾ ਹੁਣ ਇਸ ਤੋਂ ਕਿਤੇ ਜ਼ਿਆਦਾ ਹੈ।

ਪੰਜਾਬ ਵਿਚ ਨਸ਼ਿਆਂ ਦੇ ਮਾਮਲੇ ਨੂੰ ਭਾਂਪਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਸਰਕਾਰ ਬਣਾਉਣ ਤੋਂ ਪਹਿਲਾਂ ਚਾਰ ਹਫਤਿਆਂ ਵਿਚ ਨਸ਼ਿਆਂ ਦਾ ਲੱਕ ਤੋੜ ਦੇਣ ਦੀ ਸਹੁੰ ਖਾਧੀ ਸੀ। ਸਰਕਾਰ ਬਣਨ ਤੋਂ ਬਾਅਦ ਇਹ ਵਿਸ਼ੇਸ਼ ਜਾਂਚ ਟੀਮ ਵੀ ਬਣਾਈ ਸੀ ਪਰ ਹਕੀਕਤ ਇਹ ਰਹੀ ਕਿ ਕਪਤਾਨ ਸਾਹਿਬ ਨਸ਼ਿਆਂ ਦੇ ਮਾਮਲੇ ਵਿਚ ਕੋਈ ਠੋਸ ਕਾਰਵਾਈ ਕਰਨ ਤੋਂ ਪਿੱਛੇ ਹਟ ਗਏ ਸਨ।

ਪੰਜਾਬ ਵਿਚ ਨਸ਼ਿਆਂ ਦੇ ਮੁੱਦੇ ਉੱਪਰ ਫਿਲਮਾਂ ਤੱਕ ਬਣ ਚੁੱਕੀਆਂ ਹਨ ਪਰ ਕਦੇ ਵੀ ਸੁਹਿਰਦਤਾ ਨਾਲ ਉਸ ਜੜ੍ਹ ਨੂੰ ਨਹੀਂ ਫੜਿਆ ਗਿਆ ਜਿਸ ਕਰਕੇ ਨੌਜਵਾਨ ਨਸ਼ਿਆਂ ਦੀ ਦਲਦਲ ਵਿਚ ਜਾ ਰਹੇ ਹਨ। ਅਸਲ ਵਿਚ ਸੂਬੇ ਵਿਚ ਫੈਲੀ ਬੇਰੁਜ਼ਗਾਰੀ, ਅਨਿਸ਼ਚਿਤ ਭਵਿੱਖ, ਹੱਦੋਂ ਜ਼ਿਆਦਾ ਮਹਿੰਗਾਈ, ਜੀਵਨ ਸ਼ੈਲੀ ਨਸ਼ਿਆਂ ਦੇ ਪ੍ਰਮੁੱਖ ਕਾਰਨ ਹਨ। ਪੰਜਾਬ ਵਿਚੋਂ ਜਾਇਜ਼/ਨਾਜਾਇਜ਼ ਢੰਗ ਨਾਲ ਹੋ ਰਹੇ ਪ੍ਰਵਾਸ ਦਾ ਇਕ ਅਹਿਮ ਕਾਰਨ ਵੀ ਨਸ਼ਿਆਂ ਨਾਲ ਜੁੜਿਆ ਹੋਇਆ ਹੈ ਕਿਉਂਕਿ ਹਰ ਪਰਿਵਾਰ ਨੂੰ ਇਹ ਚਿੰਤਾ ਸਤਾ ਰਹੀ ਹੈ ਕਿ ਉਨ੍ਹਾਂ ਦਾ ਬੱਚਾ ਨਸ਼ਿਆਂ ਦਾ ਸ਼ਿਕਾਰ ਨਾ ਹੋ ਜਾਵੇ। ਇਸ ਸਭ ਦੇ ਚੱਲਦਿਆਂ ਬਹੁਤੇ ਮਾਪੇ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਨਸ਼ਿਆਂ ਵਿਚ ਫਸਣ ਦੀ ਬਜਾਏ ਵਿਦੇਸ਼ ਚਲੇ ਜਾਣ।


ਕੌਮੀ ਪੱਧਰ ਉੱਪਰ ਵੀ ਪੰਜਾਬ ਵਿਚ ਫੈਲੇ ਨਸ਼ਿਆਂ ਦੇ ਜਾਲ ਦੀ ਚਰਚਾ ਛਿੜੀ ਹੈ ਜਿਵੇਂ ਕਰੀਬ ਡੇਢ ਸਾਲ ਪਹਿਲਾਂ ਸੰਸਦ ਦੀ ਸਮਾਜਿਕ ਨਿਆਂ ਅਤੇ ਸ਼ਕਤੀਕਰਨ ਬਾਰੇ ਸਥਾਈ ਕਮੇਟੀ ਵੱਲੋਂ ਲੋਕ ਸਭਾ ਵਿਚ ਪੇਸ਼ ਕੀਤੀ ਰਿਪੋਰਟ ਅਨੁਸਾਰ ਪੰਜਾਬ ਵਿਚ 66 ਲੱਖ ਤੋਂ ਜ਼ਿਆਦਾ ਲੋਕ ਨਸ਼ੇ ਦੇ ਆਦੀ ਹਨ ਜਿਨ੍ਹਾਂ ਵਿਚੋਂ 21.36 ਲੱਖ ਓਪੀਆਡ ਨਸ਼ਿਆਂ (ਅਫ਼ੀਮ, ਮਾਰਫੀਨ, ਹੈਰੋਇਨ ਆਦਿ) ਦਾ ਸੇਵਨ ਕਰਦੇ ਹਨ।

ਅੰਕੜਿਆਂ ਅਨੁਸਾਰ ਤਾਂ ਪੰਜਾਬ ਵਿਚ ਨਸ਼ਿਆਂ ਦੇ ਮਾਮਲੇ ਘਟ ਰਹੇ ਹਨ ਜਦਕਿ ਜ਼ਮੀਨੀ ਹਕੀਕਤ ਇਸਦੇ ਉਲਟ ਬਿਆਨ ਕਰ ਰਹੀ ਹੈ। 2022 ਵਿਚ ਐਨਡੀਪੀਐਸ ਐਕਟ ਤਹਿਤ 12423 ਕੇਸ ਦਰਜ ਕੀਤੇ ਗਏ ਸਨ। 2023 ਵਿਚ ਇਹ ਅੰਕੜਾ 11546 ਜਦਕਿ 2024 ਵਿਚ 9025 ਸੀ।

ਸੂਬਾ ਸਰਕਾਰ ਵੱਲੋਂ ਨਸ਼ਿਆਂ ਖ਼ਿਲਾਫ ਵਿੱਢੀ ਮੁਹਿੰਮ ਦੀ ਹਵਾ ਇਸ ਤਰ੍ਹਾਂ ਵੀ ਨਿਕਲ ਜਾਂਦੀ ਹੈ ਕਿ ਜੋ ਸਰਕਾਰ ਸ਼ਰਾਬ ਨੂੰ ਮਾਲੀਆ ਕਮਾਉਣ ਦੇ ਵੱਡੇ ਜ਼ਰੀਏ ਦੇ ਰੂਪ ਵਿਚ ਲੈਂਦੀ ਹੈ ਉਸ ਸਰਕਾਰ ਤੋਂ ਨਸ਼ਿਆਂ ਦੇ ਖਾਤਮੇ ਦੀ ਉਮੀਦ ਕਿਵੇਂ ਕੀਤੀ ਜਾ ਸਕਦੀ ਹੈ। ਹਕੀਕਤ ਇਹ ਹੈ ਕਿ ਜਦ ਤੱਕ ਨੌਜਵਾਨਾਂ ਦੇ ਨਸ਼ਿਆਂ ਵੱਲ ਜਾਣ ਦੇ ਕਾਰਨਾਂ ਨੂੰ ਸਹੀ ਢੰਗ ਨਾਲ ਹੱਲ ਨਹੀਂ ਕੀਤਾ ਜਾਂਦਾ ਤਦ ਤੱਕ ਨਸ਼ੇ ਮਹਿੰਗੇ ਕਰਨ, ਕੇਸ ਦਰਜ ਕਰਨ, ਘਰ ਢਾਹੁਣ ਨਾਲ ਨਸ਼ੇ ਖਤਮ ਕਰਨਾ ਅਸੰਭਵ ਹੈ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਨਸ਼ਿਆਂ ਖ਼ਿਲਾਫ ਸਖਤੀ ਦੇ ਨਾਲ-ਨਾਲ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣ ਅਤੇ ਨੌਜਵਾਨਾਂ ਨੂੰ ਸਾਜ਼ਗਾਰ ਮਾਹੌਲ ਤੇ ਸਾਦੀ ਜੀਵਨ ਸ਼ੈਲੀ ਵੱਲ ਪ੍ਰੇਰਿਤ ਕੀਤਾ ਜਾਵੇ।

# 'ਆਦਿਵਾਸੀਆਂ ਨੂੰ ਮਾਰਨ ਤੋਂ ਬਾਅਦ ਨੀਮ-ਫ਼ੌਜੀ ਲਸ਼ਕਰ ਨੱਚ ਕੇ ਜਸ਼ਨ ਮਨਾਉਂਦੇ ਹਨ': ਸੋਨੀ ਸੋਰੀ





*ਤਸਵੀਰ 1). ਨਰਾਇਣਪੁਰ ਵਿਚ 5 ਅਕਤੂਬਰ 2024 ਨੂੰ ਮਾਰੇ ਗਏ 38 ਮਾਓਵਾਦੀਆਂ ਵਿਚੋਂ 31 ਦੀਆਂ ਲਾਸ਼ਾਂ (ਨਰਾਇਣਪੁਰ ਪੁਲਿਸ ਲਾਈਨ)। 2). ਆਪਣੇ ਘਰ ਤੋਂ ਬਹੁਤ ਦੂਰ ਜਗ੍ਹਾ ਤੋਂ ਪੀਣ ਵਾਲਾ ਪਾਣੀ ਲੈਣ ਜਾ ਰਹੀ ਬਸਤਰ ਦੇ ਪਰਚਨਪਾਲ ਪਿੰਡ ਦੀ ਇਕ ਬੱਚੀ। (ਨਵੰਬਰ 2008)*

ਸੋਨੀ ਸੋਰੀ ਭਾਰਤ ਦੇ ਅੰਦਰੂਨੀ ਬਸਤੀਵਾਦ ਦੇ ਖ਼ੂਨੋ-ਖ਼ੂਨ ਕੰਢਿਆਂ 'ਤੇ ਖੜ੍ਹੀ ਕਾਰਕੁਨ ਹੈ। ਉਸ ਦੀ ਜੀਵਨ ਕਹਾਣੀ ਛੱਤੀਸਗੜ੍ਹ ਦੇ ਖਣਿਜਾਂ ਨਾਲ ਭਰਪੂਰ ਜੰਗਲਾਂ ਦੀ ਮਾਲਕੀ ਨੂੰ ਲੈ ਕੇ ਆਦਿਵਾਸੀਆਂ ਅਤੇ ਰਾਜ ਮਸ਼ੀਨਰੀ ਵਿਚਕਾਰ ਲੰਮੇ ਅਤੇ ਲਗਾਤਾਰ ਚੱਲ ਰਹੇ ਟਕਰਾਅ ਨੂੰ ਦਰਸਾਉਂਦੀ ਹੈ। ਜਦੋਂ 2011 ਵਿਚ ਭਾਰਤੀ ਸਟੇਟ ਨੇ ਉਸਨੂੰ ਮਾਓਵਾਦੀ ਕਰਾਰ ਦਿੱਤਾ, ਤਾਂ ਇਹ ਨਾ ਸਿਰਫ਼ ਇਕ ਵਿਚਾਰਧਾਰਾ ਨੂੰ, ਸਗੋਂ ਹਰ ਰੂਪ ਵਿਚ ਵਿਰੋਧ ਨੂੰ ਅਪਰਾਧੀ ਬਣਾ ਦੇਣ ਦੀ ਇਕ ਪੁਰਾਣੀ ਪਾਠ ਪੁਸਤਕ

**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਦੀ ਪਾਲਣਾ ਕਰ ਰਿਹਾ ਸੀ। ਭਾਰਤ ਆਪਣੇ ਸਭ ਤੋਂ ਹਾਸ਼ੀਏ 'ਤੇ ਧੱਕੇ ਗਏ ਸਰੀਰਾਂ ਨੂੰ ਅਨੁਸ਼ਾਸਿਤ ਕਿਵੇਂ ਕਰਦਾ ਹੈ, ਉਸਦਾ ਦੋ ਸਾਲ ਲੰਮਾ ਜੇਲ੍ਹ ਦਾ ਸੰਤਾਪ ਇਸਦੀ ਮਾਸਟਰ ਕਲਾਸ ਬਣ ਗਈ। ਇਹ ਕਿਹਾ ਜਾਂਦਾ ਹੈ ਕਿ ਜੇਲ੍ਹ ਦੀਆਂ ਕੰਧਾਂ ਦੇ ਅੰਦਰ, ਤਤਕਾਲੀ ਜ਼ਿਲ੍ਹਾ ਪੁਲਿਸ ਸੁਪਰਡੈਂਟ ਅੰਕਿਤ ਗਰਗ ਨੇ ਉਸ ਉੱਪਰ ਜਿਨਸੀ ਜ਼ੁਲਮ ਕੀਤੇ - ਗਰਗ ਨੂੰ ਬਾਅਦ ਵਿਚ ਬਹਾਦਰੀ ਲਈ ਰਾਸ਼ਟਰਪਤੀ ਪੁਲਿਸ ਮੈਡਲ ਨਾਲ ਸਨਮਾਨਿਆ ਗਿਆ।

ਪਰ ਸੋਨੀ ਸੋਰੀ ਨੇ ਪੀੜਤ ਹੋਣ ਦੇ ਬਿਰਤਾਂਤ ਨੂੰ ਦ੍ਰਿੜਤਾ ਨਾਲ ਰੱਦ ਕਰ ਦਿੱਤਾ ਹੈ। 2013 ਤੋਂ ਉਸਨੇ ਆਪਣੇ ਆਪ ਨੂੰ ਇਕ ਅਜਿਹੀ ਚੀਜ਼ ਵਿਚ ਬਦਲ ਲਿਆ ਹੈ ਜਿਸ ਤੋਂ ਰਾਜ ਸਭ ਤੋਂ ਵੱਧ ਭੈਅਭੀਤ ਹੈ: ਜ਼ੁਲਮ ਦੀਆਂ ਘਟਨਾਵਾਂ ਨੂੰ ਰਿਕਾਰਡ ਵਿਚ ਲਿਆਉਣ ਵਾਲੀ ਇਕ ਗਵਾਹ ਜੋ ਬੇਖ਼ੌਫ਼ ਹੋ ਕੇ ਆਵਾਜ਼ ਉਠਾਉਂਦੀ ਹੈ। 2016 'ਚ ਉਸ ਉੱਪਰ ਕੀਤਾ ਤੇਜ਼ਾਬੀ ਹਮਲਾ ਵੀ ਉਸਨੂੰ ਆਦਿਵਾਸੀਆਂ ਨੂੰ ਉਜਾੜਨ ਵਾਲੇ ਤੰਤਰ ਦਾ ਦਸਤਾਵੇਜ਼ੀਕਰਨ ਕਰਨ ਤੋਂ ਨਹੀਂ ਰੋਕ ਸਕਿਆ। ਆਪਣੀ ਹਾਲੀਆ ਗਵਾਹੀ ਵਿਚ ਉਸਨੇ ਓਪਰੇਸ਼ਨ ਕਗਾਰ ਨੂੰ, ਜੋ ਕੇਂਦਰ ਸਰਕਾਰ ਦੀ ਮਾਰਚ 2026 ਤੱਕ "ਮਾਓਵਾਦੀਆਂ ਨੂੰ ਖਤਮ ਕਰਨ" ਦੀ ਫ਼ੌਜੀ ਸਮਾਂ ਸੀਮਾ ਹੈ, ਜ਼ਮੀਨ ਅਤੇ ਮਾਣ-ਸਨਮਾਨ ਵਾਲੀ ਜ਼ਿੰਦਗੀ ਉੱਪਰ ਆਦਿਵਾਸੀ ਦਾਅਵੇਦਾਰੀ ਨੂੰ ਖ਼ਤਮ ਕਰਨ ਦੀ ਚਾਲ ਕਿਹਾ ਹੈ।

ਵਿਕਾਸ ਦੇ ਪ੍ਰਚਾਰ ਅਤੇ ਤਬਾਹੀ ਦਰਮਿਆਨ ਨਾਪਾਕ ਗੱਠਜੋੜ ਨੂੰ ਉਜਾਗਰ ਕਰਦਿਆਂ ਸੋਨੀ ਸੋਰੀ ਬਹੁਤ ਜ਼ੋਰ ਦੇ ਕੇ ਆਪਣੀ ਗੱਲ ਕਹਿੰਦੀ ਹੈ। ਜਿੱਥੇ ਰਾਜ ਸੜਕਾਂ ਦੇਖਦਾ ਹੈ, ਉਹ ਇਨ੍ਹਾਂ ਨੂੰ ਰੋਜ਼ੀ-ਰੋਟੀ, ਖਣਿਜ, ਸਰੋਤ, ਆਦਿਵਾਸੀ ਜ਼ਿੰਦਗੀ ਦੇ ਪ੍ਰਾਣ ਕੱਢਣ ਵਾਲੀਆਂ ਨਾੜੀਆਂ ਦੇ ਰੂਪ 'ਚ ਦੇਖਦੀ ਹੈ। ਅਧਿਕਾਰੀ ਤਾਂ ਸੁਰੱਖਿਆ ਕੈਂਪਾਂ ਅਤੇ ਲਗਾਤਾਰ ਵਧਦੀਆਂ ਬਟਾਲੀਅਨਾਂ ਦਾ ਜਸ਼ਨ ਮਨਾਉਂਦੇ ਹਨ, ਉਹ ਤਸੀਹਿਆਂ, ਉਜਾੜੇ, ਬਲਾਤਕਾਰਾਂ ਦੀ ਭਿਆਨਕਤਾ ਦਾ ਨਕਸ਼ਾ ਖਿੱਚਦੀ ਹੈ। ਜਿੱਥੇ ਕਾਰਪੋਰੇਟ ਮੀਡੀਆ ਤਰੱਕੀ ਦੀਆਂ ਰਿਪੋਰਟ ਦਿੰਦਾ ਹੈ ਅਤੇ ਆਪਣੇ ਭਰੋਸੇਮੰਦ ਪੱਤਰਕਾਰਾਂ ਨੂੰ ਬਹੁਤ ਵੱਡਾ ਮੁੱਲ ਚੁਕਾ ਕੇ ਪ੍ਰਾਪਤ ਕੀਤੀ ਜਿੱਤ ਦੀ ਨੁਮਾਇਸ਼ ਲਾਉਣ ਲਈ ਭੇਜਦਾ ਹੈ, ਉਹ ਭਾਰਤ ਦੇ ਆਦਿਵਾਸੀ ਲੋਕਾਂ ਨਾਲ ਕੀਤੇ ਗਏ ਸੰਵਿਧਾਨਕ ਵਾਅਦਿਆਂ ਦਾ ਸਿਲਸਿਲੇਵਾਰ ਤਰੀਕੇ ਨਾਲ ਭੋਗ ਪਾਉਣ ਨੂੰ ਪੁਰਾਲੇਖੀ ਰੂਪ 'ਚ ਸਾਂਭਦੀ ਹੈ। ਇਸ ਇੰਟਰਵਿਊ ਵਿਚ ਸੋਨੀ ਸੋਰੀ ਕਹਿੰਦੀ ਹੈ ਕਿ ਜਦੋਂ ਜ਼ਮੀਨ ਕੋਲ ਦੌਲਤ ਹੋਵੇ ਅਤੇ ਲੋਕ ਉੱਥੋਂ ਲਾਂਭੇ ਹੋ ਜਾਣ ਤੋਂ ਇਨਕਾਰ ਕਰ ਦੇਣ ਤਾਂ ਲੋਕਤੰਤਰ ਫ਼ੌਜੀ ਕਬਜ਼ੇ ਦਾ ਰੂਪ ਧਾਰ ਲੈਂਦਾ ਹੈ। ਪਾਠਕਾਂ ਦੀ ਜਾਣਕਾਰੀ ਹਿਤ ਇੰਟਰਵਿਊ ਦੇ ਅੰਸ਼ ਸਾਂਝੇ ਕੀਤੇ ਜਾ ਰਹੇ ਹਨ।

**ਸਵਾਲ:** ਮੇਰਾ ਤੁਹਾਨੂੰ ਪਹਿਲਾ ਸਵਾਲ ਕਾਰਕੁਨਾਂ ਦੀਆਂ ਵਧਦੀਆਂ ਗ੍ਰਿਫ਼ਤਾਰੀਆਂ ਬਾਰੇ ਹੈ। ਮੂਲਵਾਸੀ ਬਚਾਓ ਮੰਚ (ਐੱਮਬੀਐੱਮ) ਦੇ ਸਾਬਕਾ ਮੁਖੀ ਰਘੂ ਮਿੜਿਆਮੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਪਿਛਲੇ ਸਾਲ ਕਾਰਕੁਨ ਆਗੂ ਸੁਨੀਤਾ ਪੋਟਮ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਛੱਤੀਸਗੜ੍ਹ ਸਰਕਾਰ ਨੇ ਨਵੰਬਰ 2024 ਵਿਚ ਐੱਮਬੀਐੱਮ 'ਤੇ ਪਾਬੰਦੀ ਲਗਾ ਦਿੱਤੀ ਸੀ। ਇਸ ਸਾਰੇ ਜਬਰ ਬਾਰੇ ਤੁਹਾਡਾ ਕੀ ਵਿਚਾਰ ਹੈ?

**ਜਵਾਬ:** ਹਰ ਰੋਜ਼ ਪੰਜ ਜਾਂ ਦਸ ਆਦਿਵਾਸੀਆਂ ਨੂੰ ਗ੍ਰਿਫ਼ਤਾਰ ਕੀਤਾ ਜਾਂਦਾ ਹੈ; ਝੂਠੇ ਮੁਕਾਬਲੇ ਬਣਾਏ ਜਾਂਦੇ ਹਨ। ਇਸ ਪਿੱਛੇ ਮੁੱਖ ਉਦੇਸ਼ ਆਦਿਵਾਸੀਆਂ ਦੀਆਂ ਜ਼ਿੰਦਗੀਆਂ ਨੂੰ ਖ਼ਤਮ ਕਰਨਾ ਹੈ। ਬਸਤਰ ਵਿਚ ਜੋ ਵੀ ਲੜਦਾ ਹੈ, ਭਾਵੇਂ ਉਹ ਐੱਮਬੀਐੱਮ ਹੋਵੇ ਜਾਂ ਸੋਨੀ ਸੋਰੀ ਜਾਂ ਹਿੜਮੇ ਮਰਕਮ, ਉਸਨੂੰ ਨਕਸਲੀ ਕਰਾਰ ਦੇ ਕੇ ਕੁਚਲ ਦਿੱਤਾ ਜਾਂਦਾ ਹੈ। ਸੁਨੀਤਾ ਨਾਲ ਵੀ ਇਹੀ ਕੀਤਾ ਗਿਆ ਹੈ।

ਸੁਨੀਤਾ ਦਾ ਜੱਦੀ ਸਥਾਨ, ਬੀਜਾਪੁਰ ਜ਼ਿਲ੍ਹੇ ਵਿਚ ਗੰਗਲੂਰ (ਪੋਸਨਾਰ), ਉਨ੍ਹਾਂ ਪਹਾੜੀਆਂ ਨਾਲ ਭਰਪੂਰ ਹੈ ਜਿੱਥੇ ਖਣਨ ਕੀਤਾ ਜਾਣਾ ਹੈ। ਜੇਕਰ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਮਾਈਨਿੰਗ ਚਾਹੀਦੀ ਹੈ, ਤਾਂ ਉਹ ਆਪਣੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਕਿਸ ਨੂੰ ਨਿਸ਼ਾਨਾ ਬਣਾਏਗੀ? ਉੱਥੇ ਰਹਿਣ ਵਾਲਿਆਂ ਨੂੰ - ਆਦਿਵਾਸੀਆਂ ਨੂੰ। ਜੇਕਰ ਜੰਗਲ ਖ਼ਤਮ ਕਰ ਕੇ ਜ਼ਮੀਨ ਸਾਫ਼ ਕਰਨੀ ਹੈ, ਤਾਂ ਆਦਿਵਾਸੀਆਂ ਨੂੰ ਮਾਰਨਾ ਪਵੇਗਾ। ਅਤੇ ਜੇਕਰ ਤੁਸੀਂ ਆਦਿਵਾਸੀਆਂ ਨੂੰ ਖ਼ਤਮ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਪਾਬੰਦੀਆਂ ਅਤੇ ਗ੍ਰਿਫ਼ਤਾਰੀਆਂ ਰਾਹੀਂ ਆਦਿਵਾਸੀ ਆਗੂਆਂ ਨੂੰ ਨਿਸ਼ਾਨਾ ਬਣਾਉਣਾ ਪਵੇਗਾ। ਆਦਿਵਾਸੀਆਂ ਨੂੰ ਜੰਗਲਾਂ ਤੋਂ ਹਟਾਉਣਾ ਅਤੇ ਖਣਿਜਾਂ ਨਾਲ ਭਰਪੂਰ ਪਹਾੜੀਆਂ ਵੱਡੇ ਸਰਮਾਏਦਾਰਾਂ ਦੇ ਹਵਾਲੇ ਕਰਨਾ, ਇਹ ਸਭ ਸਰਕਾਰ ਦੀ ਸੋਚੀ-ਸਮਝੀ ਯੁੱਧਨੀਤੀ ਦਾ ਹਿੱਸਾ ਹੈ। ਇਸ ਖ਼ਾਤਰ ਉਹ ਨਕਸਲਵਾਦੀ ਦਾ ਠੱਪਾ ਲਾਉਂਦੇ ਹਨ। ਅਸਲੀ ਸੰਘਰਸ਼ ਸਾਡੇ ਵਿਚੋਂ ਉਨ੍ਹਾਂ ਲੋਕਾਂ ਦੇ ਵਿਰੁੱਧ ਹੈ ਜੋ ਜੰਗਲਾਂ ਵਿਚ ਰਹਿੰਦੇ ਹਨ।

**ਸਵਾਲ:** ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਜਨਤਕ ਤੌਰ 'ਤੇ ਐਲਾਨ ਕੀਤਾ ਹੈ ਕਿ ਚੱਲ ਰਿਹਾ ਓਪਰੇਸ਼ਨ ਕਗਾਰ 31 ਮਾਰਚ 2026 ਤੱਕ ਮਾਓਵਾਦ/ਨਕਸਲਵਾਦ ਦਾ ਖ਼ਾਤਮਾ ਕਰ ਦੇਵੇਗਾ। ਪਹਿਲਾਂ ਚਲਾਈ ਜਾ ਰਹੀ ਹਮਲਾਵਰ ਮੁਹਿੰਮ ਨੂੰ ਸਮਾਧਾਨ-ਪ੍ਰਹਾਰ ਕਿਹਾ ਜਾਂਦਾ ਸੀ; ਇਸ ਤੋਂ ਪਹਿਲਾਂ, ਹੋਰ ਨਾਮ ਸਨ। ਇਸ ਸਮੇਂ ਸਮਾਂ-ਸੀਮਾ ਤੈਅ ਕਰਨ, ਇਸ ਜਨਤਕ ਐਲਾਨ ਪਿੱਛੇ ਕੀ ਕਾਰਨ ਹੈ?

**ਜਵਾਬ:** ਗ੍ਰਹਿ ਮੰਤਰੀ ਹੁਣ ਜੋ ਕਹਿ ਰਿਹਾ ਹੈ, ਉਹ ਨਵੀਂ ਗੱਲ ਨਹੀਂ ਹੈ। ਇਹ ਗੱਲ ਪਹਿਲਾਂ ਵੀ ਕਹੀ ਜਾ ਚੁੱਕੀ ਹੈ। ਪਰ, ਇਸ ਵਾਰ ਉਹ ਇਸਨੂੰ ਹੋਰ ਸਰਗਰਮੀ ਨਾਲ ਪੇਸ਼ ਕਰ ਰਹੇ ਹਨ, ਇਕ ਰਾਜ ਤੋਂ ਦੂਜੇ ਰਾਜ ਤੱਕ, ਅੰਤਰਰਾਸ਼ਟਰੀ ਮੰਚਾਂ 'ਤੇ, ਹਰ ਜਗ੍ਹਾ।

ਇਸ ਤੋਂ ਪਹਿਲਾਂ, 'ਸਲਵਾ ਜੁਡਮ' ਚਲਾਈ ਗਈ ਸੀ। 'ਸਲਵਾ ਜੁਡਮ' ਦਾ ਸਭ ਤੋਂ ਵੱਧ ਅਸਰ ਕਿਸ ਉੱਪਰ ਪਿਆ? ਆਦਿਵਾਸੀਆਂ ਉੱਪਰ। ਬਸਤਰ ਬਟਾਲੀਅਨ, ਦੰਤੇਸ਼ਵਰੀ ਫਾਈਟਰਜ਼, ਕਮਾਂਡੋ ਬਟਾਲੀਅਨ ਫਾਰ ਰੈਜ਼ੋਲਿਊਟ ਐਕਸ਼ਨ (ਕੋਬਰਾ) ਬਟਾਲੀਅਨ, ਅਤੇ ਹੋਰ ਬਹੁਤ ਕੁਝ ਬਣਾਇਆ ਗਿਆ। ਪੁਲਿਸ ਕੈਂਪ ਸਥਾਪਤ ਕੀਤੇ ਗਏ, ਆਦਿਵਾਸੀਆਂ ਨੂੰ ਮਾਰ ਮੁਕਾਉਣ ਲਈ ਹਰ ਤਰ੍ਹਾਂ ਦੀ ਫੋਰਸ ਲਿਆਂਦੀ ਗਈ।

ਜਿੱਥੇ ਝੂਠੇ ਮੁਕਾਬਲੇ ਹੁੰਦੇ ਹਨ, ਸਾਨੂੰ ਉੱਥੇ ਜਾਣ ਅਤੇ ਸਵਾਲ ਪੁੱਛਣ ਦੀ ਇਜਾਜ਼ਤ ਨਹੀਂ ਹੈ। ਜਦੋਂ ਅਸੀਂ ਮੀਡੀਆ ਨਾਲ ਗੱਲ ਕਰਨ ਅਤੇ ਆਪਣੀ ਆਵਾਜ਼ ਉਠਾਉਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਸਾਨੂੰ ਚੁੱਪ ਕਰਵਾ ਦਿੱਤਾ ਜਾਂਦਾ ਹੈ। ਸਟੇਟ ਪੂਰੀ ਦੁਨੀਆ ਨਾਲ ਗੱਲ ਕਰਦਾ ਹੈ। ਪਰ ਬਸਤਰ ਦੇ ਲੋਕਾਂ ਅਤੇ ਸੋਸ਼ਲ ਵਰਕਰਾਂ ਦੀਆਂ ਆਵਾਜ਼ਾਂ ਨੂੰ ਕੁਚਲ ਦਿੱਤਾ ਜਾਂਦਾ ਹੈ।

ਅਮਿਤ ਸ਼ਾਹ ਕਹਿ ਰਿਹਾ ਹੈ ਕਿ 2026 ਤੱਕ ਮਾਓਵਾਦੀਆਂ ਦਾ ਸਫ਼ਾਇਆ ਕਰ ਦਿੱਤਾ ਜਾਵੇਗਾ। ਇਸ ਪਿੱਛੇ ਅਸਲ ਯੁੱਧਨੀਤੀ ਕੀ ਹੈ? ਜੇਕਰ ਕੋਈ ਵੀ ਬੰਦਾ ਮਾਓਵਾਦੀ ਹੋਣ ਦੇ ਨਾਂ 'ਤੇ ਮਾਰਿਆ ਜਾਂਦਾ ਹੈ, ਤਾਂ ਇਹ ਦਾਅਵਾ ਕੀਤਾ ਜਾਂਦਾ ਹੈ ਕਿ ਉਸ ਵਿਅਕਤੀ ਦੇ ਸਿਰ 'ਤੇ 2 ਲੱਖ, 3 ਲੱਖ, 4 ਲੱਖ ਰੁਪਏ ਦਾ ਇਨਾਮ ਸੀ। ਇਸ ਤਰੀਕੇ ਨਾਲ ਜੋ ਮਾਰੇ ਜਾ ਰਹੇ ਹਨ ਉਹ ਆਦਿਵਾਸੀ ਕਿਸਾਨ ਹਨ, ਪਰ ਉਨ੍ਹਾਂ ਨੂੰ ਮਾਓਵਾਦੀ ਦਾ ਨਾਂ ਦਿੱਤਾ ਜਾਂਦਾ ਹੈ। ਅਸੀਂ ਤਾਂ ਇਹ ਵੀ ਸੁਣਿਆ ਹੈ ਕਿ ਜੋ ਮਾਰੇ ਗਏ ਉਨ੍ਹਾਂ ਉੱਪਰ 60 ਲੱਖ ਅਤੇ 1.5 ਕਰੋੜ ਰੁਪਏ



**ਸੋਨੀ ਸੋਰੀ**

ਦੇ ਇਨਾਮ ਸਨ। ਤੁਸੀਂ ਉਸਨੂੰ ਮਾਰਦੇ ਹੋ ਅਤੇ ਫਿਰ ਤੁਸੀਂ ਇਨਾਮ ਵੰਡਦੇ ਹੋ।

ਪਰ ਕਾਨੂੰਨੀ ਤੌਰ 'ਤੇ ਹੋਣਾ ਕੀ ਚਾਹੀਦਾ ਹੈ? ਪਹਿਲਾਂ ਤਾਂ ਪੋਸਟਮਾਰਟਮ ਹੋਵੇ। ਮਾਰਿਆ ਗਿਆ ਮਾਓਵਾਦੀ ਜਿਸ ਪਿੰਡ ਨਾਲ ਸਬੰਧਤ ਹੈ, ਉਸਦੀ ਗ੍ਰਾਮ ਪੰਚਾਇਤ ਨੂੰ ਸੂਚਿਤ ਕੀਤਾ ਜਾਵੇ; ਪਰਿਵਾਰ ਨੂੰ ਸੂਚਿਤ ਕੀਤਾ ਜਾਵੇ; ਪਿੰਡ ਦੇ ਲੋਕਾਂ ਨੂੰ, ਖ਼ਾਸ ਕਰਕੇ ਪੜ੍ਹੇ-ਲਿਖੇ ਲੋਕਾਂ ਨੂੰ, ਦੱਸਿਆ ਜਾਵੇ।

ਪਰ ਉਹ ਇਸ ਵਿਚੋਂ ਕੁਝ ਵੀ ਨਹੀਂ ਕਰਦੇ। ਉਹ ਪੋਸਟਮਾਰਟਮ ਨਹੀਂ ਕਰਾਉਂਦੇ। ਅਖ਼ਬਾਰਾਂ ਵਿਚ ਸੂਚਨਾ ਨਹੀਂ ਛਪਵਾਉਂਦੇ। ਕਿਸੇ ਵਿਅਕਤੀ ਨੂੰ ਮਾਰਨ ਤੋਂ ਬਾਅਦ, ਉਸਨੂੰ ਫੜਨ ਲਈ ਰੱਖੇ ਇਨਾਮ ਦੀ ਰਕਮ ਦਾ ਐਲਾਨ ਕੀਤਾ ਜਾਂਦਾ ਹੈ। ਇਸੇ ਲਈ ਇੱਥੇ ਹਰ ਰੋਜ਼ ਏਨਾ ਖ਼ੂਨ-ਖਰਾਬਾ ਹੋ ਰਿਹਾ ਹੈ। ਬੰਦਾ ਮਾਰੋ ਅਤੇ ਪੈਸੇ ਲਓ। ਆਤਮ-ਸਮਰਪਣ ਕਰੋ ਅਤੇ ਪੈਸੇ ਲਓ। ਮੇਰਾ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਸਵਾਲ ਹੈ ਕਿ ਇਹ ਪੈਸਾ ਕਿੱਥੋਂ ਆਉਂਦਾ ਹੈ? ਕੀ ਤੁਹਾਡੇ ਕੋਲ ਇਸਦਾ ਹਿਸਾਬ-ਕਿਤਾਬ ਹੈ?

ਅਤੇ ਇਸ ਸਮੁੱਚੇ ਫ਼ੌਜੀਕਰਨ ਵਿਚ, ਗੋਲੀਆਂ ਚੱਲਣੀਆਂ ਬੰਦ ਨਹੀਂ ਹੋਈਆਂ ਹਨ। ਜੇਕਰ ਅਮਿਤ ਸ਼ਾਹ ਅਤੇ ਕੇਂਦਰ ਸਰਕਾਰ ਮਾਓਵਾਦੀਆਂ ਨਾਲ ਨਜਿੱਠਣਾ ਚਾਹੁੰਦੀ ਹੈ, ਤਾਂ ਉਨ੍ਹਾਂ ਨੂੰ ਇਹ ਨਿਰਦੋਸ਼ ਆਦਿਵਾਸੀਆਂ ਨੂੰ ਮਾਰੇ ਬਿਨਾਂ, ਜੰਗਲਾਂ ਅਤੇ ਪਹਾੜੀਆਂ ਨੂੰ ਬਰਬਾਦ ਕੀਤੇ ਬਿਨਾਂ, ਵਾਤਾਵਰਣ ਨੂੰ ਨੁਕਸਾਨ ਪਹੁੰਚਾਏ ਬਿਨਾਂ ਕਰਨਾ ਚਾਹੀਦਾ ਹੈ। ਪਹਾੜੀਆਂ ਜਲ ਰਹੀਆਂ ਹਨ, ਨਦੀਆਂ ਤਬਾਹ ਹੋ ਰਹੀਆਂ ਹਨ, ਆਦਿਵਾਸੀ ਬੱਚੇ ਮਾਰੇ ਜਾ ਰਹੇ ਹਨ। ਉਹ ਦਾਅਵਾ ਕਰ ਰਹੇ ਹਨ ਕਿ ਉਹ ਮਾਓਵਾਦੀਆਂ ਨੂੰ ਖਤਮ ਕਰ ਰਹੇ ਹਨ, ਦਰਅਸਲ ਇਹ ਆਦਿਵਾਸੀਆਂ ਦਾ ਸਫ਼ਾਇਆ ਹੈ, ਮਾਓਵਾਦੀਆਂ ਦਾ ਨਹੀਂ।

ਕੀ ਇਨਾਮ ਦਾ ਪੈਸਾ ਲੋਕਾਂ ਦਾ ਪੈਸਾ ਨਹੀਂ ਹੈ? ਇਸ ਦਾ ਹਿਸਾਬ-ਕਿਤਾਬ ਕਿੱਥੇ ਹੈ? ਇਸਨੂੰ ਕੌਣ ਵੰਡਦਾ ਹੈ, ਇਸਦਾ ਆਡਿਟ ਕੌਣ ਕਰਦਾ ਹੈ, ਇਹ ਕਿੱਥੇ ਕੀਤਾ ਜਾਂਦਾ ਹੈ? ਮੈਂ ਇਸ ਜਾਣਕਾਰੀ ਦਾ ਖੁਲਾਸਾ ਕਰਨ ਲਈ ਤਿਆਰ ਹਾਂ। ਜੇ ਮੈਂ ਇਨ੍ਹਾਂ ਸਵਾਲਾਂ ਦੇ ਜਵਾਬ ਪ੍ਰਾਪਤ ਕਰਨ ਲਈ ਅਰਜ਼ੀਆਂ ਦਾਇਰ ਕਰਨ ਦੀ ਕੋਸ਼ਿਸ਼ ਕਰਾਂਗੀ, ਤਾਂ ਮੈਨੂੰ ਨਕਸਲੀ ਕਰਾਰ ਦੇ ਦਿੱਤਾ ਜਾਵੇਗਾ ਅਤੇ ਮਾਰ ਦਿੱਤਾ ਜਾਵੇਗਾ ਜਾਂ ਜੇਲ੍ਹ ਭੇਜ ਦਿੱਤਾ ਜਾਵੇਗਾ। ਪਰ ਅਸੀਂ ਮਾਰੇ ਜਾਣ ਜਾਂ ਜੇਲ੍ਹ ਭੇਜੇ ਜਾਣ ਤੋਂ ਨਹੀਂ ਡਰਦੇ ਕਿਉਂਕਿ ਸਾਡੀ ਲੜਾਈ ਸਾਡੇ ਜੰਗਲਾਂ ਅਤੇ ਮਨੁੱਖਤਾ ਲਈ ਹੈ।

**ਸਵਾਲ:** ਮੈਂ ਪੜ੍ਹਿਆ ਹੈ ਕਿ 2,500 ਜਵਾਨਾਂ ਦੀ ਇਕ ਬਟਾਲੀਅਨ ਬਸਤਰ ਵਿਚ ਲਿਆਂਦੀ ਜਾ ਰਹੀ ਹੈ ਤਾਂ ਜੋ ਉੱਥੇ ਕੈਂਪ ਬਣਾਏ ਜਾ ਸਕਣ। ਹਵਾਈ ਨਿਗਰਾਨੀ ਕਰਨ ਲਈ ਅੰਡਰ ਬੈਰਲ ਗ੍ਰੇਨੇਡ ਲਾਂਚਰ, ਮਨੁੱਖ ਰਹਿਤ ਹਵਾਈ ਵਾਹਨ ਅਤੇ ਡਰੋਨ ਵਰਗੇ ਨਵੇਂ ਹਥਿਆਰਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਇਸ ਸਾਰੀ ਕਾਰਵਾਈ ਨਾਲ ਪਿੰਡ ਵਾਸੀਆਂ ਦੀ ਜ਼ਿੰਦਗੀ 'ਚ ਖ਼ਲਲ ਕਿਵੇਂ ਪੈਂਦਾ ਹੈ?

**ਜਵਾਬ:** ਪਿੰਡ ਵਾਸੀ ਸੌਂ ਨਹੀਂ ਸਕਦੇ। ਕੈਂਪ ਸਥਾਪਤ ਕਰਨ ਤੋਂ ਬਾਅਦ, ਫ਼ੌਜੀ ਜਵਾਨ ਪਿੰਡਾਂ 'ਤੇ ਬੰਬਾਰੀ ਕਰਦੇ ਹਨ। ਆਦਿਵਾਸੀ ਕਿਸਾਨ ਖੇਤਾਂ ਵਿਚ ਨਹੀਂ ਜਾ ਸਕਦੇ, ਪਾਣੀ ਨਹੀਂ ਲਿਆ ਸਕਦੇ, ਲੱਕੜਾਂ ਜਾਂ ਤੇਂਦੂ ਪੱਤਾ ਇਕੱਠਾ ਨਹੀਂ ਕਰ ਸਕਦੇ। ਬੀਜਾਪੁਰ ਦੀ ਹਾਲਤ ਇਹ ਹੈ।

ਮੈਂ ਰਾਤ ਨੂੰ ਸਿਲਗਰ ਤੋਂ ਅੱਗੇ ਇਕ ਪਿੰਡ ਵਿਚ ਰੁਕੀ ਹੋਈ ਸੀ। ਰਾਤ 1 ਵਜੇ ਦੇ ਕਰੀਬ ਬੰਬਾਂ ਦੀ ਆਵਾਜ਼ ਨਾਲ ਮੇਰੀ ਜਾਗ ਖੁੱਲ੍ਹ ਗਈ। ਇਕ ਗਰਭਵਤੀ ਔਰਤ, ਜੋ ਮੇਰੇ ਨਾਲ ਸੀ, ਨੇ ਕਿਹਾ ਕਿ ਇਹ ਨਿੱਤ ਦਾ ਕੰਮ ਹੈ ਅਤੇ ਉਸਦੇ ਗਰਭ ਵਿਚ ਬੱਚਾ ਵੀ ਇਨ੍ਹਾਂ ਆਵਾਜ਼ਾਂ ਤੋਂ ਪਰੇਸ਼ਾਨ ਸੀ। ਉਸਨੇ ਮੈਨੂੰ ਆਪਣੇ ਢਿੱਡ ਨੂੰ ਛੂਹ ਕੇ ਖ਼ੁਦ ਦੇਖਣ ਲਈ ਕਿਹਾ ਕਿ ਬੱਚਾ ਬੇਚੈਨ ਹੈ। ਮੇਰੇ ਕੋਲ ਵਾਤਾਵਰਣ ਅਤੇ ਜ਼ਮੀਨ ਉੱਪਰ ਬੰਬਾਰੀ ਦੇ ਅਸਰ ਦੀਆਂ ਤਸਵੀਰਾਂ ਅਤੇ ਵੀਡੀਓ ਹਨ। ਤੁਸੀਂ ਸਿਰਫ਼ ਲੋਕਾਂ ਨੂੰ ਹੀ ਨਹੀਂ, ਸਗੋਂ ਵਾਤਾਵਰਣ ਨੂੰ ਵੀ ਮਾਰ ਰਹੇ ਹੋ। ਇਸ ਲਈ ਇਹ ਸਿਰਫ਼ ਸਾਡੇ ਲਈ ਹੀ ਨਹੀਂ, ਸਗੋਂ ਪੂਰੇ ਮੁਲਕ ਲਈ ਮਹੱਤਵਪੂਰਨ ਮਾਮਲਾ ਹੈ।

ਹਰ ਪਾਸੇ ਨੀਮ-ਫ਼ੌਜੀ ਲਸ਼ਕਰ ਕਿਉਂ ਹਨ? ਏਨੇ ਸਾਰੇ ਲਸ਼ਕਰਾਂ ਦੀ ਕੀ ਲੋੜ ਪੈ ਗਈ? ਸਰਕਾਰ ਗੱਲਬਾਤ ਕਿਉਂ ਨਹੀਂ ਕਰਦੀ? ਮਾਓਵਾਦੀਆਂ ਨਾਲ ਗੱਲ ਕਰਨ ਤੋਂ ਪਹਿਲਾਂ, ਤੁਸੀਂ ਬਸਤਰ ਦੇ ਲੋਕਾਂ ਨਾਲ ਗੱਲ ਕਿਉਂ ਨਹੀਂ ਕਰਦੇ? ਪਰ ਸਰਕਾਰ ਨਹੀਂ ਚਾਹੁੰਦੀ ਇਹ ਗੱਲਬਾਤ ਖੁੱਲ੍ਹ ਕੇ ਹੋਵੇ।

ਜਿਸ ਦਿਨ ਸਟੇਟ ਪੈਸੇ ਦੇਣਾ ਬੰਦ ਕਰ ਦੇਵੇਗਾ, ਆਦਿਵਾਸੀਆਂ 'ਤੇ ਜ਼ੁਲਮ ਵੀ ਬੰਦ ਹੋ ਜਾਣਗੇ। ਤੁਸੀਂ ਯਕੀਨ ਨਹੀਂ ਕਰੋਗੇ, ਲੋਕ ਮਰੇ ਪਏ ਹੁੰਦੇ ਹਨ - ਐਤੂ ਉੱਪਰ 4 ਲੱਖ ਦਾ ਇਨਾਮ, ਹਿੜਮਾ ਉੱਪਰ 3 ਲੱਖ ਦਾ ਇਨਾਮ, ਜੋਗਾ ਉੱਪਰ 2 ਲੱਖ ਦਾ ਇਨਾਮ; ਉਨ੍ਹਾਂ ਨੂੰ ਮਾਰਨ ਤੋਂ ਬਾਅਦ ਨੀਮ-ਫ਼ੌਜੀ ਲਸ਼ਕਰ ਨੱਚਦੇ ਹਨ - ਉਨ੍ਹਾਂ ਨੂੰ ਜਸ਼ਨ ਮਨਾਉਣ ਲਈ ਡੀਜੇ ਅਤੇ ਸਾਊਂਡਬਾਕਸ ਮੁਹੱਈਆ ਕਰਾਏ ਜਾਂਦੇ ਹਨ। ਕਿਉਂ? ਪੈਸੇ ਕਰਕੇ।

**ਸਵਾਲ:** ਇਹ ਬਹੁਤ ਹੀ ਹੈਰਾਨ ਕਰਨ ਵਾਲਾ ਹੈ। ਭਾਰਤ ਵਿਚ, ਇਕ ਵਿਆਪਕ ਧਾਰਨਾ ਹੈ ਕਿ ਫ਼ੌਜ ਵਤਨ ਦੀ ਰਖਵਾਲੀ ਹੈ। ਇੱਥੇ, ਫ਼ੌਜ ਸਾਡੇ ਵਤਨ ਵਾਸੀਆਂ ਨੂੰ ਮਾਰ ਰਹੀ ਹੈ ਅਤੇ ਜਸ਼ਨ ਮਨਾ ਰਹੀ ਹੈ। ਪਰ ਇਹ ਖ਼ਬਰ ਬਸਤਰ ਤੋਂ ਬਾਹਰ ਲੋਕਾਂ ਤੱਕ ਨਹੀਂ ਪਹੁੰਚ ਰਹੀ। ਔਰਤਾਂ ਅਤੇ ਬੱਚਿਆਂ 'ਤੇ ਵੀ ਹਮਲੇ ਹੋ ਰਹੇ ਹਨ, ਇਹ ਸਹੀ ਹੈ?

**ਜਵਾਬ:** ਬੱਚੇ ਗੋਲੀਆਂ ਦਾ ਸਾਹਮਣਾ ਕਰ ਰਹੇ ਹਨ। ਇੰਦਰਾਵਤੀ ਨਦੀ ਦੇ ਇਲਾਕੇ 'ਚ, ਚਾਰ ਬੱਚਿਆਂ ਨੂੰ ਗੋਲੀਆਂ ਲੱਗੀਆਂ। ਸਾਡੇ ਕੋਲ ਰਿਕਾਰਡ ਹੈ।

ਇਕ ਦੁੱਧ ਚੁੰਘਦਾ ਬੱਚਾ ਸੀ, ਲੱਗਭੱਗ ਇਕ ਸਾਲ ਦਾ। ਜਦੋਂ ਨੀਮ-ਫ਼ੌਜੀ ਲਸ਼ਕਰ ਪਿੰਡ 'ਚ ਆਏ, ਤਾਂ ਪਿਤਾ ਬੱਚੇ ਨੂੰ ਲੈ ਕੇ ਜੰਗਲ ਵਿਚ ਭੱਜ ਗਿਆ। ਉਸਨੇ ਸੋਚਿਆ ਕਿ ਜੇਕਰ ਬੱਚਾ ਰੋਏਗਾ ਤਾਂ ਉਸ ਨੂੰ ਫੜ ਲਿਆ ਜਾਵੇਗਾ। ਉਹ ਬੱਚੇ ਨੂੰ ਲੈ ਕੇ ਲੁਕ ਗਿਆ। ਉਨ੍ਹਾਂ ਨੇ ਉਸਨੂੰ ਫੜ ਲਿਆ ਅਤੇ ਮਾਰ ਦਿੱਤਾ। ਉਹ ਬੱਚੇ ਨੂੰ ਦੂਜੇ ਪਿੰਡ ਲੈ ਗਏ ਅਤੇ ਉੱਥੋਂ ਦੇ ਲੋਕਾਂ ਨੂੰ ਦੇ ਦਿੱਤਾ। ਮੈਨੂੰ ਇਕ ਫ਼ੋਨ ਆਇਆ ਕਿ ਇਕ ਹਾਲੋਂ-ਬੇਹਾਲ ਬੱਚਾ ਆਪਣੀ ਮਾਂ ਨੂੰ ਲੱਭ ਰਿਹਾ ਹੈ ਕਿਉਂਕਿ ਉਸਨੂੰ ਦੁੱਧ ਦੀ ਲੋੜ ਹੈ।

ਜਦੋਂ ਅਸੀਂ ਨੀਮ ਫੌਜੀ ਕਾਰਵਾਈ ਦੌਰਾਨ ਜ਼ਖ਼ਮੀ ਹੋਏ ਬੱਚਿਆਂ ਨੂੰ ਮਿਲੇ ਤਾਂ ਉਨ੍ਹਾਂ ਦੇ ਜ਼ਖ਼ਮਾਂ ਵਿਚ ਕੀੜੇ ਪੈ ਗਏ ਸਨ। ਜਦੋਂ ਨੀਮ ਫ਼ੌਜੀ ਲਸ਼ਕਰ ਮੁਕਾਬਲੇ ਬਣਾਉਂਦੇ ਹਨ, ਤਾਂ ਲਾਸ਼ਾਂ ਚੁੱਕ ਕੇ ਕੈਂਪਾਂ ਵਿਚ ਲੈ ਜਾਂਦੇ ਹਨ ਤਾਂ ਜੋ ਇਨਾਮ ਦੀ ਰਕਮ ਲੈ ਸਕਣ। ਪਰ ਜੇ ਗੋਲੀਆਂ ਬੱਚਿਆਂ ਨੂੰ ਲੱਗਦੀਆਂ ਹਨ, ਤਾਂ ਉਹ ਬੱਚਿਆਂ ਨੂੰ ਕੈਂਪਾਂ ਵਿਚ ਨਹੀਂ ਲਿਜਾਂਦੇ ਕਿਉਂਕਿ ਉਸ ਹਾਲਤ ਵਿਚ ਉਨ੍ਹਾਂ ਨੂੰ ਕੋਈ ਪੈਸਾ ਨਹੀਂ ਮਿਲਦਾ। ਜੇਕਰ ਗੋਲੀਆਂ ਅਣਜਾਣੇ ਵਿਚ ਔਰਤਾਂ, ਬੱਚਿਆਂ ਜਾਂ ਬਜ਼ੁਰਗਾਂ ਨੂੰ ਲੱਗ ਜਾਂਦੀਆਂ ਹਨ ਤਾਂ ਕੋਈ ਜਾਂਚ ਕਿਉਂ ਨਹੀਂ ਕੀਤੀ ਜਾਂਦੀ?

ਉਹ ਬੱਚਿਆਂ ਨੂੰ ਮਰਨ ਲਈ ਛੱਡ ਦਿੰਦੇ ਹਨ, ਅਤੇ ਇਹ ਸਾਰੀ ਜਾਣਕਾਰੀ ਦਬਾ ਦਿੱਤੀ ਜਾਂਦੀ ਹੈ। ਜਦੋਂ ਤੁਸੀਂ ਉਨ੍ਹਾਂ ਨਾਲ ਦਲੀਲਬਾਜ਼ੀ ਕਰਦੇ ਹੋ ਤਾਂ ਉਹ ਦਾਅਵਾ ਕਰਦੇ ਹਨ ਕਿ ਬੱਚੇ ਤਾਂ ਗੋਲੀਬਾਰੀ ਵਿਚ ਮਾਰੇ ਗਏ ਸਨ। ਤੁਹਾਡੇ ਵੀ ਬੱਚੇ ਹਨ; ਉਨ੍ਹਾਂ ਦੀਆਂ ਜ਼ਿੰਦਗੀਆਂ ਤੁਹਾਡੇ ਲਈ ਮਾਇਨੇ ਰੱਖਦੀਆਂ ਹਨ। ਫਿਰ ਕੀ ਹੋਇਆ, ਇਹ ਤਾਂ ਆਦਿਵਾਸੀ ਬੱਚੇ ਹਨ - ਉਨ੍ਹਾਂ ਦੇ ਮਰਨ ਨਾਲ ਕੀ ਫ਼ਰਕ ਪੈਂਦਾ ਹੈ!

ਇਕ ਸਥਾਪਤ ਕਾਇਦਾ-ਕਾਨੂੰਨ ਹੈ ਜੋ ਇਹ ਤੈਅ ਕਰਦਾ ਹੈ ਕਿ ਕਿਸੇ ਔਰਤ ਦੇ ਘਰ ਵਿਚ ਦਾਖਲ ਹੋਣ ਤੋਂ ਬਾਅਦ ਪੁਲਿਸ ਨੂੰ ਕਿਸ ਪ੍ਰਕਿਰਿਆ ਦੀ ਪਾਲਣਾ ਕਰਨੀ ਪਵੇਗੀ। ਇੱਥੇ ਉਸ ਦੀ ਪਾਲਣਾ ਨਹੀਂ ਕੀਤੀ ਜਾਂਦੀ। ਨੀਮ-ਫ਼ੌਜੀ ਲਸ਼ਕਰ ਸਵੇਰੇ ਸਾਝਰੇ ਕਿਸੇ ਵੀ ਘਰ ਵਿਚ ਜਾ ਘੁਸਦੇ ਹਨ ਜਦੋਂ ਔਰਤਾਂ ਅਨਾਜ ਸਾਫ਼ ਕਰ ਰਹੀਆਂ ਹੁੰਦੀਆਂ ਹਨ, ਕੱਪੜੇ ਧੋ ਰਹੀਆਂ ਹੁੰਦੀਆਂ ਹਨ ਜਾਂ ਘਰੇਲੂ ਕੰਮਾਂ-ਧੰਦਿਆਂ ਵਿਚ ਲੱਗੀਆਂ ਹੁੰਦੀਆਂ ਹਨ। ਉਹ ਉਨ੍ਹਾਂ ਦੇ ਕੱਪੜੇ ਪਾੜ ਦਿੰਦੇ ਹਨ, ਉਨ੍ਹਾਂ ਦੀਆਂ ਸਾੜੀਆਂ ਲਾਹ ਦਿੰਦੇ ਹਨ, ਉਨ੍ਹਾਂ 'ਤੇ ਹਮਲਾ ਕਰਦੇ ਹਨ, ਉਨ੍ਹਾਂ ਨਾਲ ਬਲਾਤਕਾਰ ਕਰਨ ਦੀ ਕੋਸ਼ਿਸ਼ ਕਰਦੇ ਹਨ - ਉੱਥੇ ਇਹੋ ਜਹੇ ਬਹੁਤ ਸਾਰੇ ਮਾਮਲੇ ਹਨ।

ਸੁਧਾ ਦਾ ਮਾਮਲਾ ਹੀ ਲੈ ਲਓ - ਨੀਮ-ਫ਼ੌਜੀ ਜਵਾਨਾਂ ਨੇ ਉਸ ਨੂੰ ਉਸ ਦੇ ਘਰੋਂ ਚੁੱਕ ਲਿਆ। ਪਿੰਡ ਦੀਆਂ ਹੋਰ ਔਰਤਾਂ ਨੇ ਨੀਮ-ਫ਼ੌਜੀ ਜਵਾਨਾਂ ਨੂੰ ਬੇਨਤੀ ਕੀਤੀ ਕਿ ਉਹ ਉਸਨੂੰ ਛੱਡ ਦੇਣ, ਲੋੜ ਪੈਣ 'ਤੇ ਉਸਦੇ ਖਿਲਾਫ਼ ਕੇਸ ਦਰਜ ਕਰ ਲੈਣ ਪਰ ਉਸਨੂੰ ਨਾ ਲਿਜਾਣ। ਉਹ ਉਸਨੂੰ ਜ਼ਬਰਦਸਤੀ ਜੰਗਲ ਵਿਚ ਲੈ ਗਏ, ਜੋ ਉਸਦੇ ਘਰ ਤੋਂ ਬਹੁਤੀ ਦੂਰ ਨਹੀਂ ਸੀ, ਅਤੇ ਉਸ ਨਾਲ ਓਦੋਂ ਤੱਕ ਵਾਰ-ਵਾਰ ਬਲਾਤਕਾਰ ਕਰਦੇ ਰਹੇ ਜਦੋਂ ਤੱਕ ਉਹ ਮਰ ਨਹੀਂ ਗਈ। ਇਕ ਵੀ ਗੋਲੀ ਨਹੀਂ ਚੱਲੀ। ਜਦੋਂ ਉਹ ਮਰ ਗਈ, ਤਾਂ ਉਨ੍ਹਾਂ ਨੇ ਕਹਿ ਦਿੱਤਾ ਕਿ ਇਕ ਨਕਸਲੀ ਦਾ ਮੁਕਾਬਲਾ ਹੋਇਆ ਹੈ।

ਉਸਦੀ ਲਾਸ਼ ਦੰਤੇਵਾੜਾ ਹਸਪਤਾਲ 'ਚ ਲਿਆਂਦੀ ਗਈ। ਮੈਨੂੰ ਦੱਸਿਆ ਗਿਆ ਕਿ ਉਹ ਗੋਲੀ ਲੱਗਣ ਨਾਲ ਮਰੀ ਹੈ। ਮੈਂ ਡਿਊਟੀ 'ਤੇ ਮੌਜੂਦ ਡਾਕਟਰ ਨੂੰ ਲਾਸ਼ ਦਿਖਾਉਣ ਲਈ ਕਿਹਾ। ਲਾਸ਼ 'ਤੇ ਗੋਲੀ ਦਾ ਇਕ ਵੀ ਜ਼ਖ਼ਮ ਨਹੀਂ ਸੀ। ਮੈਂ ਪੁੱਛਿਆ, "ਜੇ ਤੁਸੀਂ ਦਾਅਵਾ ਕਰ ਰਹੇ ਹੋ ਕਿ ਮੁਕਾਬਲਾ ਹੋਇਆ ਹੈ ਤਾਂ ਉਸਦੇ ਸਰੀਰ 'ਤੇ ਗੋਲੀ ਦਾ ਜ਼ਖ਼ਮ ਕਿਉਂ ਨਹੀਂ ਹੈ?"

ਬਸਤਰ ਦੀਆਂ ਔਰਤਾਂ ਮੈਨੂੰ ਕਹਿੰਦੀਆਂ ਹਨ - ਸੋਨੀ ਦੀਦੀ, ਅਸੀਂ ਮਰਨ ਤੋਂ ਨਹੀਂ ਡਰਦੀਆਂ। ਸਾਡੇ 'ਤੇ ਗੋਲੀਆਂ ਚਲਾਉਣ। ਪਰ ਸਾਡੇ ਨਾਲ ਬਲਾਤਕਾਰ ਨਾ ਕਰਨ। ਅਸੀਂ ਮਰਨ ਲਈ ਤਿਆਰ ਹਾਂ ਪਰ ਸਾਡੇ ਤੋਂ ਬਲਾਤਕਾਰ ਸਹਿਣ ਨਹੀਂ ਕੀਤੇ

*(ਬਾਕੀ ਸਫਾਂ 17 'ਤੇ)*

# Punjabi Cultural Society of Chicago

Celebrating 31 Years of Community Service

*To Celebrate Vaisakhi PCS Presents...*

## ਰੰਗਲਾ ਪੰਜਾਬ

Rangla Punjab 2025!



**Enjoy a colorful family style evening full of excitement featuring Bhangra, Gidha, Dances, Bolian, Punjabi Songs, Skits and much more!!**

**Saturday, April 26, 2025**
**6:00 PM - 11:00 PM**

Copernicus Center
5216 W Lawrence Ave
Chicago, IL 60630

Win Raffle PRIZES!

$125 (VIP Seats with Dinner)
$65 (Preferred Seats), $40 (General Seating)

- Assigned Seats for all
- Limited Free Parking
- Children Under 5 yr Free (Need to be in Lap)

**Sponsors & Advertisements Encouraged**

Please email: info@PCSChicago.org or call: (847) 359-5PCS

Scan me!

**More Information at:**
**https://www.pcschicago.org**

Punjabi Cultural Society of Chicago
(847) 359-5PCS or (847) 359-5727
P. O. BOX 1244, PALATINE, IL. 60078
E-mail: info@pcschicago.org

Chief Guest



*Dr. Devesh Ranjan*
*Engineering Dean*
*UW - Madison*


PCS is a non-profit 501 (c)(3) organization promoting Punjabi culture, language, Performing Arts, education, good citizenship, healthy life style and sports.

## PCS Board of Directors 2025


Dr. Param Singh (Chairman)


Navtej S. Sohi (President)


Bikram Singh Sohi *(Vice President)*


Gurlal S. Bhattal (Executive Secretary)


Parmjot S. Parmar (Finance Director)


Gurpreet Sidhu (Asst. Finance & IT Director)


Jigerdeep Singh Dhillon (Asst. Executive secretary)


Paramvir Kaur (Youth Director)


Tejveer S. Soodan (Inter Community Director)


Amitpaul Singh (Sports Director)


Manjeet S. Bhalla ( Past President)


Dr. Vikram Gill ( Past Chairman)

Punjab Times Punjab Times

## PCS Board of Governors


Rajinder S. Mago


Mohinderjit S. Saini


Harwinder Paul S. Lail


Bhinder S. Pamma


Jasbir S. Palia


Balwinder S. Girn


Amarjit K. Atwal


Vick Singh

## PCS Board of Advisors


Bhupinder S Dhaliwal


Parvinder Singh Nanua


Gurmit S. Dhillon


Surinder Palia

# ਪੰਜਾਬੀ ਕਲਚਰਲ ਸੁਸਾਇਟੀ (ਪੀ ਸੀ ਐਸ), ਸ਼ਿਕਾਗੋ

## Rangla Punjab Sponsors



Darshan Singh Dhaliwal | Dr. Bhupinder Singh Saini | Narinder S. Grewal MD | Dr. Harjinder S. Khaira | Gulzar S Multani | Dr. Vikram Singh Gill | Nick Balwinder | Kevindeep Atwal | Jagmohan S. Begowal | Avtar Singh Bhaura | Dr. Amrik Singh Sohi



Jaidev S. Bhattal | Jaskaran Dhaliwal | Balvinder S. Cheema | Dr. Shivam Patel | Jasdeep Saran | Parminder S. Goldi | Sarwan S. Tiwana | Jasbir Suga | Amritpal S. Mangat | Harbhajan S Kalyanpur | Amrik Singh




Lucky Sahota | Harkewal Singh Lally | Lakhbir S. Sandhu | Rajinder Dayal | Amolak Singh Gidda | Iqbal Singh Saini | Jagjit Singh Dhindsa | Ronnie Singh | Jassi Dhaliwal | Manjit S. Dhanoa | Dr. Gagandeep S. Grover | Parbhdeep S. Nanua



Dr. Puneet Grewal Dhillon | Amandeep Kaur Gill | Dr. Amrit Virk | Dalvir Kaur Parmar | Barinderjit Kaur | Davinder S. Rangi | Swaran Singh Sekhon | Pali Dhaliwal | Ranbir Singh Dhaliwal | Jairam S. Kahlon | Dr. Hargurmukhpal Singh

## Sher-E-Punjab Sports & Cultural Club, Chicago



Baljit Tiwana | Jaswinder Gill | Deepinder Virk | Honey Khangura | Kamaljit Ghuman | Jindi Khangura | Jinder Benipal



Onkar S Sahota | Pindi Chhina | Goldy Lally | Harjinder Samra | Manjit Singh | Manmohan S. Bhathal | Navjot Singh

## Sher-E-Punjab Sports Club, Chicago (Midwest)



Lakhwinder Singh | Jasroop singh | Amritpal Mangat | Amritpal Gill | Deepa Bandesha | Gurdev S. Gill | Parminder S. Walia | Amardev S. Bandesha | Balwinder Chatha | Darshan Pamma | Amarjit Bandesha | Manjinder Singh

## Punjab Sports Club, Chicago




Santokh S. Ghuman | Lucky Sahota | Ajaib Singh Lakhan | Happy Heer | Dr. Harjinder Khaira | Narinder Singh Sran | Jaskaran S. Dhaliwal | Rajinder Dayal | Harwinder Billa | Hardeep Gill | Parminder Saimbi | Jaspal Midha


PATEL BROTHERS 50

icons printing & signs

Copernicus center




HT HAMPSHIRE TIRES

HAWK TRUCK DRIVING SCHOOL

PAO www.paochicago.org




Lakeland Dental

Midwest Mind Care





















# ਨਾਟਕਕਾਰ ਗੁਰਸ਼ਰਨ ਭਾਅ ਜੀ ਨੂੰ ਯਾਦ ਕਰਦਿਆਂ...

***'ਪੰਜਾਬ ਟਾਈਮਜ਼' ਟੀਮ ਦਾ ਬਹੁਤ ਬਹੁਤ ਸ਼ੁਕਰੀਆ ਅਤੇ ਮੁਬਾਰਕਾਂ। ਆਪਣੀ ਨਿੱਗਰਤਾ ਦੀ ਝਲਕ ਪੇਸ਼ ਕਰਦਾ ਇਹ ਅਖ਼ਬਾਰ ਵੇਖਿਆ ਅਤੇ ਕਾਫੀ ਸਾਰੇ ਲੇਖਾਂ ਉੱਤੇ ਡੂੰਘੀ ਝਾਤ ਮਾਰੀ। ਖੁਸ਼ੀ ਹੋਈ ਕਿ ਤੁਸੀਂ ਸੱਤ ਸਮੁੰਦਰੋਂ ਪਾਰ ਬੈਠੇ ਵੀ ਪੰਜਾਬ, ਪੰਜਾਬੀ ਬੋਲੀ, ਅਤੇ ਪੰਜਾਬੀ ਸੱਭਿਆਚਾਰ -ਜੀਵਨ ਸ਼ੈਲੀ ਨੂੰ ਗਲਵੱਕੜੀ ਢਿੱਲੀ ਨਹੀਂ ਪੈਣ ਦੇ ਰਹੇ। ਬਹੁਤ ਬਹੁਤ ਮੁਬਾਰਕਾਂ। ਅੱਜ ਦੇ ਦਿਨੀਂ ਗੁਰਸ਼ਰਨ ਭਾਅ ਜੀ ਅਤੇ ਬੀਬੀ ਕੈਲਾਸ਼ ਕੌਰ ਦੀ ਵਿਰਾਸਤ ਨੂੰ ਸੰਭਾਲਣ ਲਈ ਉਨ੍ਹਾਂ ਦੇ ਜੱਦੀ ਘਰ ਉਨ੍ਹਾਂ ਦੀ ਵਿਰਾਸਤ ਦੀ ਸਾਂਭ-ਸੰਭਾਲ ਲਈ 'ਗੁਰਸ਼ਰਨ ਸਿੰਘ ਭਾਅ ਸਲਾਮ ਕਾਫ਼ਲਾ' ਦੁਆਰਾ ਵਿਸ਼ਾਲ ਸਮਾਰੋਹ ਦਾ ਆਯੋਜਨ ਕੀਤਾ ਜਾ ਰਿਹਾ ਹੈ। ਗੁਰਸ਼ਰਨ ਭਾਅ ਜੀ ਨੂੰ ਯਾਦ ਕਰਦਿਆਂ ਆਪਣੇ ਵਿਚਾਰ 'ਪੰਜਾਬ ਟਾਈਮਜ਼' ਦੇ ਪਾਠਕਾਂ ਨਾਲ ਸਾਂਝੇ ਕਰ ਰਿਹਾ ਹਾਂ।***

**ਅਤਰਜੀਤ**
**ਫੋਨ: 94175-81936**

ਗੁਰੂ ਗ੍ਰੰਥ ਸਾਹਿਬ ਦੇ ਤਿੰਨ ਕੁ ਸੌ ਪੰਨੇ ਅਰਥਾਂ ਸਮੇਤ ਪੜ੍ਹ ਕੇ ਜਦੋਂ ਮੇਰਾ ਗੁਰਦੁਆਰਾ ਸੱਭਿਆਚਾਰ ਤੋਂ ਮੋਹ ਭੰਗ ਹੋਣ ਲੱਗਿਆ, ਇਉਂ ਜਾਪਣ ਲੱਗ ਪਿਆ ਸੀ ਜਿਵੇਂ ਅਸੀਂ ਸਭ ਸਿੱਖੀ ਅਤੇ ਬਾਣੀ ਦੇ ਤੱਤ ਤੋਂ ਲਾਂਭੇ ਇੱਧਰ-ਉੱਧਰ ਹੀ ਭਟਕ ਰਹੇ ਹਾਂ, ਤਾਂ ਮੈਂ ਸਾਲ ਕੁ ਵਿਚ ਪਾਠ ਸੰਪੂਰਨ ਕਰ ਕੇ ਭੋਗ ਪਵਾਇਆ ਤੇ ਨਿੱਤਨੇਮ ਵਾਲਾ ਪਾਖੰਡ ਛੱਡ ਕੇ ਪ੍ਰਗਤੀਵਾਦੀ ਯਥਾਰਥ ਯਾਨੀ ਮਾਰਕਸੀ ਚਿੰਤਨ ਵੱਲ ਪਹਿਲਾ ਕਦਮ ਵਧਾਇਆ ਤਾਂ ਇਤਫ਼ਾਕ ਹੀ ਸੀ ਕਿ ਗੁਰਸ਼ਰਨ ਸਿੰਘ ਭਾਅ ਜੀ ਦਾ ਮੇਰੇ ਮੋਢੇ 'ਤੇ ਹੱਥ ਟਿਕ ਗਿਆ।

ਮੈਂ ਉਨ੍ਹੀਂ ਦਿਨੀਂ ਕਾਫ਼ੀ ਸਾਰੀਆਂ ਕਹਾਣੀਆਂ ਅਤੇ ਲੰਮਾ ਚੌੜਾ ਨਾਵਲ ਲਿਖ ਚੁੱਕਾ ਸਾਂ। ਹਰਬੰਸ ਸਿੰਘ ਸੋਹੀ ਨੇ ਪੜ੍ਹ ਕੇ ਟਿੱਪਣੀ ਕੀਤੀ ਸੀ-'ਲਿਖਣ ਢੰਗ ਵਧੀਆ ਹੈ, ਪਰ ਵਾਸ਼ਨਾ ਭਾਰੂ ਹੈ'। ਮੇਰੇ ਲਈ ਇਹ ਵੱਡਾ ਝੰਜੋੜਾ ਸੀ। ਮੈਂ ਸੋਚਦਾ ਰਿਹਾ ਤੇ ਇਸ ਕਥਨ ਅਤੇ ਇਸ ਦੇ ਅਰਥਾਂ ਦੀ ਡੂੰਘਾਈ ਤੱਕ ਜਾਣ ਦਾ ਯਤਨ ਕਰਦਾ ਰਿਹਾ। ਹਰਬੰਸ ਸਿੰਘ ਸੋਹੀ ਨੇ ਆਪਣੇ ਕੋਲ਼ੋਂ ਹੀ ਮੇਰਾ ਪ੍ਰੀਤ ਲੜੀ ਦਾ ਚੰਦਾ ਭਰ ਦਿੱਤਾ। ਪਰਚਾ ਆਉਣ ਲੱਗ ਪਿਆ ਤੇ ਮੇਰੀ ਸਮਝ ਵਿਚ ਥੋੜ੍ਹਾ ਬਹੁਤ ਵਿਕਾਸ ਹੋਣ ਲੱਗ ਪਿਆ। ਫਿਰ ਮਾਸਟਰ ਸੋਹੀ ਨੇ ਮੈਨੂੰ ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਦੁਆਰਾ ਰਚਿਤ 'ਪਰਮ ਮਨੁੱਖ' ਕਿਤਾਬ ਪੜ੍ਹਨ ਨੂੰ ਦਿੱਤੀ, ਜਿਸ ਨਾਲ਼ ਮੇਰੇ ਵਿਚਾਰਾਂ ਵਿਚ ਹੋਰ ਪਕਿਆਈ ਆਉਣ ਲੱਗੀ ਤੇ ਮੈਨੂੰ ਇਹ ਵੀ ਜਾਪਣ ਲੱਗਿਆ ਕਿ ਸਾਡੇ ਘਰ ਵਿਚ ਜਿਸ ਸਿੱਖੀ ਨੂੰ ਲੈ ਕੇ ਧੌਣਾਂ ਅਕੜਾਈਆਂ ਹੋਈਆਂ ਨੇ ਅਸਲ ਸਿੱਖੀ ਨਹੀਂ। ਮੈਂ ਵੀ ਗਾਤਰੇ ਕਿਰਪਾਨ ਪਾਈ ਹੁੰਦੀ ਸੀ ਤੇ ਇੱਕ ਵੱਡੀ ਸ੍ਰੀ ਸਾਹਿਬ ਹੱਥ ਵਿਚ ਰੱਖਦਾ ਸਾਂ, ਮੈਨੂੰ ਸਭ ਕੁੱਝ ਅਡੰਬਰ ਜਾਪਣ ਲੱਗਿਆ ਕਿ ਅਸੀਂ ਗੁਰਬਾਣੀ ਦੀ ਦਰਸਾਈ ਜੀਵਨ ਸ਼ੈਲੀ ਨੂੰ ਛੱਡ ਕੇ ਦਿਖਾਵਿਆਂ ਵਿਚ ਪਏ ਹੋਏ ਹਾਂ। ਹਾਂ ਇੰਨੀ ਕੁ ਗੱਲ ਜ਼ਰੂਰ ਸੀ ਕਿ ਸਾਫ਼-ਸਫ਼ਾਈ ਅਤੇ ਰਹਿਤ-ਜੁਗਤ ਕਾਰਨ ਪਿੰਡ ਵਿਚ ਪਰਿਵਾਰ ਦੀ ਚੰਗੀ ਸ਼ਾਨ ਸੀ, ਜੋ ਸਕੂਨ ਜ਼ਰੂਰ ਦਿੰਦੀ ਸੀ।

ਮੇਰੀ ਕਿਸੇ ਰਚਨਾ ਨੂੰ ਕੋਈ ਮੈਗਜ਼ੀਨ ਨਹੀਂ ਸੀ ਛਾਪਦਾ, ਵਾਪਸ ਕਰ ਦਿੱਤੀ ਜਾਂਦੀ ਸੀ, ਇੱਕ ਪਰਚੀ ਨਾਲ਼ ਨੱਥੀ ਕਰ ਕੇ-'ਛਾਪਣ ਦੀ ਖੁਸ਼ੀ ਨਹੀਂ ਲੈ ਸਕਦੇ, ਵਾਪਸ ਭੇਜ ਰਹੇ ਹਾਂ ਤਾਂ ਜੋ ਹੋਰ ਕਿਤੇ ਕੰਮ ਆ ਸਕੇ'। ਸੱਠਵਿਆਂ ਦੇ ਆਖ਼ਰ ਤੇ ਸੱਤਰਵਿਆਂ ਦੇ ਆਰੰਭ ਵਿਚ ਮੁਲਕ ਦੀ ਹਵਾ ਨੇ ਅੰਗੜਾਈ ਲਈ ਤਾਂ ਪੰਜਾਬੀ ਵਿਚ ਸਾਹਿਤਕ ਰਸਾਲਿਆਂ ਦਾ ਜਿਵੇਂ ਹੜ੍ਹ ਹੀ ਆ ਗਿਆ। ਗੁਰਸ਼ਰਨ ਸਿੰਘ ਭਾਅ ਜੀ, ਜੋ ਉਸ ਵਕਤ ਨਹਿਰੀ ਵਿਭਾਗ ਵਿਚ ਪੰਜਾਬ ਦੇ ਵੱਡੇ ਤਿੰਨ ਇੰਜਨੀਅਰਾਂ ਵਿਚੋਂ ਇੱਕ ਐੱਸ.ਈ. ਦਰਜਾ ਪਹਿਲਾ, ਉੱਚ ਅਧਿਕਾਰੀ ਸਨ ਤੇ ਉਹ ਆਪਣੇ ਰੁਤਬੇ ਦੀ ਪਰਵਾਹ ਨਾ ਕਰਦਿਆਂ, ਲੋਕਾਂ ਵਿਚ ਚੇਤਨਾ ਪੈਦਾ ਕਰਨ ਲਈ, ਨਾਟਕ ਦੇ ਖ਼ੇਤਰ ਵਿਚ ਕੁੱਦ ਪਏ ਸਨ, ਨਾਲ਼ ਮੇਰੀ ਪਹਿਲੀ ਮੁਲਾਕਾਤ ਬਠਿੰਡਾ ਜ਼ਿਲ੍ਹੇ ਦੇ ਪਿੰਡ ਰਾਮਣ ਵਾਸ ਦੇ ਇੱਕ ਨਾਟਕ ਪਰੋਗਰਾਮ ਸਮੇਂ ਹੋਈ, ਜਿੱਥੇ ਮੈਂ ਉਨ੍ਹਾਂ ਦਾ ਨਾਟਕ-'ਇਹ ਲਹੂ ਕਿਸਦਾ ਹੈ?' ਵੇਖ ਕੇ ਧੰਨ-ਧੰਨ ਹੋ ਗਿਆ ਸਾਂ। ਕਵਿਤਾ ਵਾਲ਼ੇ ਪੱਖ ਤੋਂ ਥੋੜ੍ਹਾ ਪਾਸਾ ਵੱਟ ਕੇ ਮੈਂ ਕਹਾਣੀ ਵੱਲ ਕਦਮ ਵਧਾ ਚੁੱਕਾ ਸਾਂ, ਭਾਵੇਂ ਕਿ ਕੋਈ ਸਥਾਪਤ ਮੈਗਜ਼ੀਨ ਮੇਰੀ ਕੋਈ ਰਚਨਾ ਛਾਪਣ ਤੋਂ ਅਸਮਰੱਥਾ ਜ਼ਾਹਰ ਕਰਦਾ ਇੱਕ ਪਰਚੀ ਨਾਲ਼ ਨੱਥੀ ਕਰ ਕੇ ਰਚਨਾ ਵਾਪਸ ਕਰ ਦਿੱਤੀ ਜਾਂਦੀ ਸੀ-'ਛਾਪਣ ਦੀ ਖੁਸ਼ੀ ਨਹੀਂ ਲੈ ਸਕਦੇ। ਵਾਪਸ ਭੇਜ ਰਹੇ ਹਾਂ ਤਾਂ ਜੋ ਕਿਤੇ ਹੋਰ ਕੰਮ ਆ ਸਕੇ'। ਇਹ ਉਹ ਸਮਾਂ ਸੀ ਜਦੋਂ ਗੁਰਸ਼ਰਨ ਭਾਅ ਜੀ ਨੇ ਆਪਣਾ ਪਿਆਰਾ ਜਿਹਾ ਹੱਥ ਮੇਰੇ ਮੋਢੇ 'ਤੇ ਰੱਖਿਆ।

ਉਸ ਮਘਦੇ ਮਾਹੌਲ ਵਿਚ ਭਾਅ ਜੀ ਨੇ 'ਸਰਦਲ' ਨਾਂ ਦਾ ਮਾਸਕ ਪਰਚਾ ਕੱਢਣਾ ਸ਼ੁਰੂ ਕੀਤਾ ਤਾਂ ਮੇਰੀ ਪਹਿਲੀ ਰਚਨਾ ਉਸ ਮੈਗਜ਼ੀਨ ਵਿਚ ਛਪੀ ਤੇ ਝੱਟ ਹੀ ਦੂਜੀ ਇੱਕ ਕਹਾਣੀ-'ਸਰਹੱਦ ਦੇ ਆਰ-ਪਾਰ'। ਰੁਮਾਂਚਕਤਾ ਦਾ ਰੰਗ ਛੱਡ ਕੇ ਮੈਂ ਯਥਾਰਥ ਦੀ ਥਾਹ ਪਾਉਣ ਹੋ ਗਿਆ





ਸਾਂ। ਭਾਅ ਜੀ ਆਪਣੇ ਉੱਚੇ ਅਹੁਦੇ ਦੀ ਪਰਵਾਹ ਨਾ ਕਰਦੇ ਹੋਏ, ਭਾਖੜਾ ਨੰਗਲ਼ ਦੇ ਉੱਚ ਸਰਕਾਰੀ ਅਧਿਕਾਰੀਆਂ ਦੀ ਹਉਂ ਵੰਗਾਰਦਿਆਂ, ਨਾਟਕ ਕਲਾ ਦਾ ਮੈਦਾਨ ਸੰਭਾਲ਼ ਚੁੱਕੇ ਸਨ ਤੇ ਉਨ੍ਹਾਂ ਨੇ 'ਅੰਮ੍ਰਿਤਸਰ ਸਕੂਲ ਆਫ਼ ਡਰਾਮਾ' ਦੀ ਸਥਾਪਨਾ ਕੀਤੀ ਸੀ। ਅਸੀਂ ਆਪਣੇ ਪਿੰਡ ਮੰਡੀ ਕਲਾਂ ਦੇ ਪਾਕਿਸਤਾਨ ਆਖੇ ਜਾਂਦੇ ਇਲਾਕੇ ਵਿਚ ਭਾਅ ਜੀ ਦੇ ਨਾਟਕਾਂ ਦਾ ਪਹਿਲਾ ਪ੍ਰੋਗਰਾਮ ਰੱਖਿਆ। ਉਸ ਗਰਮਾ-ਗਰਮ ਮਾਹੌਲ ਵਿਚ ਭਾਈ ਵੀਰ ਸਿੰਘ ਦਾ ਸਮੁੱਚਾ ਪਰਿਵਾਰ ਹੀ ਉਨ੍ਹੀਂ ਦਿਨੀਂ ਕਾਮਰੇਡ ਮਾਉ ਤੇ ਲੈਨਿਨ ਦੀਆਂ ਲਿਖਤਾਂ ਦਾ ਸ਼ੈਦਾਈ ਹੋ ਗਿਆ ਸੀ। ਭਾਅ ਜੀ ਦੀ ਟੀਮ ਦੁਆਰਾ ਨਾਟਕ-'ਜਦੋਂ ਰੋਸ਼ਨੀ ਹੁੰਦੀ ਹੈ'- ਖੇਡਿਆ ਜਾਣਾ ਸੀ। ਨੰਗੇ ਆਦਮੀ ਦੀ ਭੂਮਿਕਾ ਨਾਮਵਰ ਕਲਾਕਾਰ ਹਰਭਜਨ ਜੱਭਲ਼ ਨੇ ਨਿਭਾਉਣੀ ਸੀ। ਉਸ ਦੇ ਨਾਲ਼ ਕਲਾਕਾਰਾ ਜਤਿੰਦਰ ਗੰਭੀਰ ਦੀ ਭੂਮਿਕਾ ਸੀ। ਨਾਟਕ ਸ਼ੁਰੂ ਹੁੰਦਿਆਂ ਹੀ ਵੀਰ ਸਿੰਘ ਨਾਲ਼ ਖ਼ਾਰ ਖਾਣ ਵਾਲ਼ਿਆਂ ਨੇ ਬਿਜਲੀ ਦੀਆਂ ਤਾਰਾਂ ਤੋੜ ਦਿੱਤੀਆਂ। ਨਾਟਕ ਥਾਂਏਂ ਰੁਕ ਗਿਆ। ਰੌਲ਼ਾ ਪੈ ਗਿਆ, ਸਟੇਜ ਤੋਂ ਅਪੀਲ ਕਰਨ 'ਤੇ ਪਿੰਡ ਦੇ ਕਈ ਮੁੰਡੇ ਕੁੱਝ ਹੀ ਸਮੇਂ ਵਿਚ ਆਪਣੇ ਟਰੈਕਟਰ ਲੈ ਕੇ ਆਏ। ਬੈਟਰੀ ਨਾਲ਼ ਸਪੀਕਰ ਚਲਾਇਆ ਤੇ ਸਟੇਜ ਉੱਪਰ ਕੁੱਝ ਟਰੈਕਟਰਾਂ ਦੀਆਂ ਲਾਈਟਾਂ ਨਾਲ਼ ਰੋਸ਼ਨੀ ਕਰ ਵਿਖਾਈ।

ਹੁਣ ਭਾਅ ਜੀ ਦੇ ਇਸ ਚਲਦੇ ਨਾਟਕ ਨੂੰ ਇੱਕ ਹੋਰ ਸਮੱਸਿਆ ਆ ਪਈ। ਇਸ ਨਾਟਕ ਵਿਚ ਸਿਪਾਹੀ ਦੀ ਭੂਮਿਕਾ ਨਿਭਾਉਣ ਵਾਲ਼ਾ ਪਾਤਰ ਕਿਸੇ ਮਜਬੂਰੀ ਕਾਰਨ ਆ ਨਹੀਂ ਸੀ ਸਕਿਆ। ਸਟੇਜ ਦਾ ਕਾਰਜ ਮੇਰੇ ਹੱਥ ਵਿਚ ਸੀ। ਭਾਅ ਜੀ ਇੱਕ ਨਾਟਕ ਖੇਡ ਚੁੱਕੇ ਸਨ ਤੇ ਦੂਜਾ ਇਹ ਨਾਟਕ ਸੀ। ਮਾਈਕ 'ਤੇ ਬੋਲ ਰਹੇ ਨੂੰ ਮੈਨੂੰ ਉਨ੍ਹਾਂ ਬਹੁਤ ਸਹਿਜ ਨਾਲ਼ ਬਾਂਹੋਂ ਖਿੱਚ ਕੇ ਪਰਦੇ ਦੇ ਅੰਦਰ ਸੱਦਿਆ। ਛੇਤੀ-ਛੇਤੀ ਮੈਨੂੰ ਸਿਪਾਹਟੇ ਦੀ ਵਰਦੀ ਪਵਾਈ, ਤੇ ਦੋ ਕੁ ਵਾਰਤਾਲਾਪ ਸਮਝਾਏ, ਜੋ ਮੈਂ ਜਤਿੰਦਰ ਗੰਭੀਰ ਨੂੰ ਬਾਂਹੋਂ ਫੜ ਕੇ ਕਹਿਣੇ ਸਨ। ਭਾਅ ਜੀ ਨੇ ਨਾਟਕ ਬਾਰੇ ਸੰਖਪ ਜਿਹਾ ਭਾਸ਼ਨ ਦੇ ਕੇ ਨਾਟਕ ਸ਼ੁਰੂ ਕਰਵਾ ਦਿੱਤਾ। ਭਾਅ ਜੀ ਦੇ ਇਸ਼ਾਰੇ 'ਤੇ ਬਰਛਾ ਹੱਥ ਵਿਚ ਫੜੀ ਮੈਂ ਸਟੇਜ 'ਤੇ ਗਿਆ ਤੇ ਜਤਿੰਦਰ ਨੂੰ ਗ੍ਰਿਫ਼ਤਾਰ ਕਰ ਲਿਆ। ਮੈਂ ਉਸ ਨਾਟਕ ਦਾ ਪਾਤਰ ਬਣਿਆ, ਨਾਟਕ ਦੇ ਰੰਗ ਵਿਚ ਡੁੱਬ ਕੇ ਕਈ ਵਾਰਤਾਲਾਪ ਆਪਣੇ ਕੋਲ਼ੋਂ ਵੀ ਬੋਲ ਗਿਆ। ਗੁਰਸ਼ਰਨ ਭਾਅ ਜੀ ਨੇ ਮੈਨੂੰ ਬਾਂਹ ਤੋਂ ਫੜ ਕੇ ਪਰਦੇ ਦੇ ਅੰਦਰ ਖਿੱਚਿਆ-'ਬੱਸ ਏਨਾ ਹੀ ਚਾਹੀਦਾ ਸੀ, ਬਹੁਤ ਵਧੀਆ ਕੀਤਾ। ਇੱਕ ਥਾਂ ਰੁਕ ਗਿਆ ਸੀ ਨਾਟਕ'। ਮੈਂ ਸਮਝ ਗਿਆ ਕਿ ਮੈਂ ਨਾਟਕ ਦਾ ਹਿੱਸਾ ਬਣ ਕੇ ਕੁੱਝ ਜ਼ਿਆਦਾ ਅੱਗੇ ਲੰਘ ਗਿਆ ਸੀ ਜਿਸ ਨਾਲ਼ ਨਾਟਕ ਦੀ ਚਾਲ ਰੁਕ ਗਈ ਸੀ। ਫਿਰ ਵੀ ਭਾਅ ਜੀ ਦੀ ਇੱਕ ਗੱਲ ਤਾਂ ਕਮਾਲ ਦੀ ਸੀ ਕਿ ਬਗੈਰ ਕਿਸੇ ਲੰਮੀ ਚੌੜੀ ਰਿਹਰਸਲ ਦੇ ਉਹ ਪਾਤਰ ਨੂੰ ਸਟੇਜ ਉੱਪਰ ਲਿਆਉਣ ਦੀ ਸਮਰੱਥਾ ਰੱਖਦੇ ਸਨ।

ਪਿੰਡ-ਪਿੰਡ ਨੌਜੁਆਨ ਭਾਰਤ ਸਭਾਵਾਂ ਦਾ ਗਠਨ ਹੋ ਰਿਹਾ ਸੀ। ਹਰੇਕ ਪਿੰਡ ਵਿਚ ਭਾਅ ਜੀ ਦੇ ਨਾਟਕ ਦੀ ਮੰਗ ਹੁੰਦੀ ਸੀ। ਕਿਉਂਕਿ ਉਹ ਸਾਦੀ ਸ਼ੈਲੀ ਵਿਚ ਨਾਟਕ ਪੇਸ਼ ਕਰਦੇ ਸਨ। ਮੇਖ-ਮੀਨ ਕਰਨ ਵਾਲ਼ੇ ਬਹੁਤੇ ਲੋਕ ਭਾਵੇਂ ਇਤਰਾਜ਼ ਵੀ ਕਰਦੇ ਸਨ ਕਿ ਭਾਅ ਜੀ ਨਾਟਕ ਕਰਦੇ ਭਾਸ਼ਨ ਕਰਨ ਲੱਗਦੇ ਹਨ ਤੇ ਭਾਸ਼ਨ ਦੇਣ ਵੇਲ਼ੇ ਨਾਟਕ ਕਰਨ ਲੱਗਦੇ ਹਨ। ਮੈਂ ਇਨ੍ਹਾਂ ਗੱਲਾਂ ਵੱਲ ਬਹੁਤਾ ਧਿਆਨ ਨਹੀਂ ਸੀ ਦਿੰਦਾ। ਜਮਾਤੀ ਖ਼ਾਸਾ ਤਿਆਗਣ ਕਰਕੇ ਮੇਰੇ ਮਨ ਵਿਚ ਉਨ੍ਹਾਂ ਦਾ ਬੇਹੱਦ ਸਤਿਕਾਰ ਸੀ। ਆਖ਼ਰ ਪੇਂਡੂ ਲੋਕਾਂ ਖ਼ਾਸ ਕਰਕੇ ਗਰੀਬ ਕਿਸਾਨੀ ਅਤੇ ਵਿਹੜਿਆਂ ਵਿਚ ਤੰਗੀਆਂ-ਤੁਰਸ਼ੀਆਂ ਦੀ ਜੂਨ ਹੰਢਾਅ ਰਹੇ ਦਲਿਤ ਭਾਈਚਾਰੇ ਵਿਚ ਭਾਅ ਜੀ ਬਹੁਤ ਪਰਵਾਨ ਕੀਤੇ ਜਾ ਰਹੇ ਸਨ, ਇਸ ਤੋਂ



ਵੀ ਵੱਧ ਵਿਹੜਿਆਂ ਦੀ ਗਰੀਬ ਮਜ਼ਦੂਰ ਔਰਤ ਜਮਾਤ ਵਿਚ। ਆਪਣੀਆਂ ਤਕਰੀਰਾਂ ਵਿਚ ਦੋਹਾਂ ਵਰਗਾਂ ਦੇ ਪੱਖ ਵਿਚ ਉਹ ਜੰਮ ਕੇ ਬੋਲਦੇ। ਅਮੀਰ ਖ਼ਾਨਦਾਨ ਵਿਚ ਜਨਮ ਲੈ ਕੇ ਇਹ ਕਹਿਣ ਵਾਲ਼ੇ-'ਉਨ੍ਹਾਂ ਦੇ ਘਰ ਵਿਚ ਪਰਾਂਠੇ ਦੀ ਹਾਜ਼ਰੀ ਨਹੀਂ ਖਾਧੀ ਜਾਂਦੀ, ਸੈਂਡਵਿਚ ਜਾਂ ਟੋਸਟ ਸਵੇਰ ਦੇ ਨਾਸ਼ਤੇ ਵਿਚ ਪਰੋਸੇ ਜਾਂਦੇ ਹਨ'-ਪਰ ਨਾਟਕ ਦੌਰਾਨ ਪਿੰਡ ਵਾਸੀਆਂ ਵੱਲੋਂ ਵਰਤਾਇਆ ਜਾਣ ਵਾਲ਼ਾ ਹਰ ਤਰ੍ਹਾਂ ਦਾ ਰੁੱਖਾ ਮਿੱਸਾ ਛਕਣ ਵਿਚ ਭੋਰਾ ਵੀ ਗੁਰੇਜ਼ ਨਾ ਕਰਦੇ।

ਇਨਕਲਾਬੀ ਤਰਜ਼ ਦੇ ਜਿੰਨੇ ਵੀ ਮੈਗਜ਼ੀਨ ਨਿੱਕਲ਼ਦੇ ਸਨ, ਮੇਰੀ ਮੰਗ ਵਧ ਗਈ। ਹਰੇਕ ਪਰਚੇ ਵੱਲੋਂ ਖ਼ਤ ਆਉਣ ਲੱਗੇ ਤੇ ਮੈਂ ਹਰ ਪਰਚੇ ਵਿਚ ਧੜਾ-ਧੜ ਛਪਣ ਲੱਗਿਆ। ਸਭ ਤੋਂ ਪਹਿਲਾਂ ਗੁਰਸ਼ਰਨ ਸਿੰਘ ਭਾਅ ਜੀ ਨੇ ਹੀ ਮੇਰੀ ਬਾਂਹ ਫੜੀ ਸੀ। ਕ੍ਰਾਂਤੀਕਾਰੀ ਆਗੂ ਪ੍ਰੋ. ਹਰਭਜਨ ਸਿੰਘ ਨੇ ਆਪਣੇ ਪਿੰਡ ਕਾਲ਼ਾ ਸੰਘਿਆ ਬਹੁਤ ਵੱਡਾ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ। ਮੈਨੂੰ ਕਵੀ ਵਜੋਂ ਸੱਦਾ ਸੀ। ਛੇ ਕਲੀਆ ਬੈਂਤ ਵਿਚ ਲਿਖੀਆਂ ਮੇਰੀਆਂ ਤਿੰਨ ਕਵਿਤਾਵਾਂ ਦੀ ਗੁੱਡੀ ਚੜ੍ਹੀ ਹੋਈ ਸੀ। ਇੱਕ ਹਿੰਦ-ਪਾਕਿ ਜੰਗ ਅਤੇ ਬੰਗਲਾ ਦੇਸ਼ ਦੀ ਸਥਾਪਨਾ ਨਾਲ਼ ਸਬੰਧਤ ਸੀ, ਜਦੋਂ ਇੰਦਰਾ ਗਾਂਧੀ ਦੀ ਹਕੂਮਤ ਨੇ ਪੂਰਬੀ ਪਾਕਿਸਤਾਨ ਉੱਪਰ ਭਾਰਤੀ ਫੌਜਾਂ ਚੜ੍ਹਾ ਕੇ ਪੂਰਬੀ ਪਾਕਿਸਤਾਨ ਨਾਂ ਦੇ ਮੁਲਕ ਨੂੰ ਬੰਗਲਾ ਦੇਸ਼ ਦੇ ਰੂਪ ਵਿਚ ਸ਼ੇਖ ਮੁਜੀਬ ਰਹਿਮਾਨ ਦੇ ਹਵਾਲੇ ਕੀਤਾ ਸੀ ਤੇ ਕਸ਼ਮੀਰ ਦੇ ਸਦਰਿ ਰਿਆਸਤ ਸ਼ੇਖ ਅਬਦੁੱਲਾ ਨੂੰ ਸੀਖਾਂ ਵਿਚ ਬੰਦ ਕਰ ਕੇ 'ਕਸ਼ਮੀਰ ਭਾਰਤ ਦਾ ਅਟੁੱਟ ਅੰਗ ਹੈ' ਦਾ ਐਲਾਨ ਕਰ ਦਿੱਤਾ ਸੀ। ਦੂਜੀ ਕਵਿਤਾ ਸੀ ਜਦੋਂ 1971-72 ਦੇ ਉਸ ਕ੍ਰਾਂਤੀਕਾਰੀ ਦੌਰ ਵਿਚ, ਇੰਦਰਾ ਗਾਂਧੀ ਨੇ ਬੈਂਕਾਂ ਆਦਿ ਦਾ ਕੌਮੀਕਰਨ ਅਤੇ ਰਾਜਿਆਂ ਦੇ ਪਰੀਵੀ ਪਰਸ ਆਦਿ ਬੰਦ ਕਰਕੇ 'ਗਰੀਬੀ ਹਟਾਓ' ਤੇ ਸਮਾਜਵਾਦ ਦਾ ਨਾਅਰਾ ਭਾਰਤੀਆਂ ਦੀ ਹਥੇਲ਼ੀ 'ਤੇ ਪਰੋਸਣ ਦਾ ਪਰਪੰਚ ਕੀਤਾ ਸੀ। ਤੀਜੀ ਕਵਿਤਾ ਸੀ ਜੰਗਾਂ ਬਾਰੇ। ਇਹ ਤਿੰਨੋਂ ਕਵਿਤਾਵਾਂ ਵਿਅੰਗਾਤਮਕ ਸਨ। ਸਮੁੱਚੇ ਪੰਜਾਬ ਵਿਚ ਜਿੱਥੇ ਕਿਤੇ ਵੀ ਸਾਹਿਤਕ ਸੱਭਿਆਚਾਰਕ ਸੰਮੇਲਨ ਹੁੰਦੇ ਮੇਰੀ ਹਾਜ਼ਰੀ ਪੱਕੀ ਹੁੰਦੀ। ਕਾਲ਼ਾ ਸੰਘਿਆ ਭਾਅ ਜੀ ਦੇ ਨਾਟਕ ਤੋਂ ਬਾਅਦ ਜਦੋਂ ਮੈਂ ਕਵਿਤਾ ਬੋਲ ਕੇ ਸਟੇਜ ਤੋਂ ਉੱਤਰਿਆ ਤਾਂ ਭਾਅ ਜੀ ਮੈਨੂੰ ਮੋਢੇ ਤੋਂ ਫੜ ਕੇ ਇੱਕ ਪਾਸੇ ਲਿਜਾ ਕੇ ਬੋਲੇ-'ਤੂੰ ਕਹਾਣੀ ਜ਼ਿਆਦਾ ਵਧੀਆ ਲਿਖਦਾ ਹੈਂ। ਮੈਨੂੰ ਆਪਣਾ ਕਹਾਣੀਆਂ ਦਾ ਖਰੜਾ ਭੇਜ ਦੇ'। ਮੈਨੂੰ ਹੋਰ ਕੀ ਚਾਹੀਦਾ ਸੀ, ਸੌਣ ਦੇ ਛਰਾਟਿਆਂ ਦੀ ਮੇਰੇ ਜੀਵਨ ਵਿਚ ਪਹਿਲੀ ਝੜੀ ਲੱਗੀ ਸੀ। ਭਾਅ ਜੀ ਨੇ ਬਹੁਤ ਸੁੰਦਰ ਦਿੱਖ ਵਾਲ਼ਾ ਮੇਰਾ ਪਹਿਲਾ ਕਹਾਣੀ ਸੰਗ੍ਰਹਿ-'ਮਾਸ-ਖੋਰੇ' ਛਾਪਿਆ ਤੇ ਮੈਨੂੰ ਆਪਣੇ ਗੁਰੂ ਖ਼ਾਲਸਾ ਨਿਵਾਸ ਅੰਮ੍ਰਿਤਸਰ ਬੁਲਾ ਕੇ ਬਹੁਤ ਸਾਰੀਆਂ ਕਿਤਾਬਾਂ ਰਿਆਲਿਟੀ ਵਜੋਂ ਦਿੱਤੀਆਂ ਸਨ। ਫਿਰ ਮੇਰਾ ਦੂਜਾ ਕਹਾਣੀ-ਸੰਗ੍ਰਹਿ 'ਟੁੱਟਦੇ ਬਣਦੇ ਰਿਸ਼ਤੇ' ਅਤੇ ਨਾਵਲ 'ਨਵੀਆਂ ਸੋਚਾਂ ਨਵੀਆਂ ਲੀਹਾਂ' ਛਾਪ ਕੇ ਨਿਵਾਜਿਆ।

ਭਾਅ ਜੀ ਨੂੰ ਮੇਰੀ ਵਾਰਤਕ ਬਹੁਤ ਪਸੰਦ ਸੀ। ਇੱਕ ਵਾਰ ਮੈਂ ਇੱਕ ਨਿਹਾਇਤ ਲੱਚਰ ਗਾਇਕ ਬੱਗਾ ਸਫ਼ਰੀ ਨੂੰ ਹਵਾਲਾਤ ਦੀਆਂ ਸੀਖਾਂ ਦੇ ਦਰਸ਼ਨ ਕਰਵਾਏ ਸੀ ਤੇ ਨਿਬੰਧ ਲਿਖਿਆ-'ਖੁੰਬਾਂ ਦੀ ਗੰਦੀ ਨਸਲ'। ਸ਼ਾਇਦ ਪੰਜਾਬੀ ਟ੍ਰਿਬਿਊਨ ਵਿਚ ਛਪਿਆ ਸੀ, ਜੋ ਬਾਅਦ ਵਿਚ ਮੇਰੇ ਨਿਬੰਧ ਸੰਗ੍ਰਹਿ 'ਚ ਇਸੇ ਸਿਰਲੇਖ ਹੇਠ ਛਪਿਆ। ਜਦ ਭਾਅ ਜੀ ਨਾਲ਼ ਕਿਸੇ ਸਮਾਗਮ 'ਤੇ ਮੁਲਾਕਾਤ ਹੋਈ ਤਾਂ ਉਹ ਹੁੱਬ ਕੇ ਬੋਲੇ-'ਅਤਰਜੀਤ ਬਹੁਤ ਹੀ ਸ਼ਾਨਦਾਰ ਲੇਖ ਹੈ ਤੇ ਸਿਰਲੇਖ ਦਿੱਤਾ ਹੈ, ਖੁੰਬਾਂ ਦੀ ਗੰਦੀ ਨਸਲ। ਮੈਨੂੰ ਪਤਾ ਏ, ਰੂੜੀਆਂ 'ਤੇ ਉੱਗਣ ਵਾਲ਼ੀ ਉਸ ਗੰਦੀ ਨਸਲ ਨੂੰ ਕੀ ਆਂਹਦੇ ਨੇ। ਠੀਕ ਹੈ ਇਹ ਗਾਇਕ ਖੁੰਬਾਂ ਦੀ ਗੰਦੀ ਨਸਲ ਹੀ ਨੇ। ਬਹੁਤ ਵਧੀਆ ਕੀਤਾ ਤੂੰ'।

ਜਦੋਂ ਮੈਂ ਪਲਸ ਮੰਚ ਦਾ ਪ੍ਰਧਾਨ ਸਾਂ ਤੇ ਉਨ੍ਹਾਂ ਦੀ ਸਹਿਮਤੀ ਨਾਲ਼ ਪੰਜਾਬੀ ਸਾਹਿਤ ਸਭਾ ਦਿੱਲੀ ਦੀ ਚਲਦੀ ਫਿਰਦੀ ਲਾਇਬ੍ਰੇਰੀ ਲੈ ਕੇ ਪੰਜਾਬ ਵਿਚ ਘੁੰਮ ਰਿਹਾ ਸਾਂ, ਤਾਂ ਮੈਂ ਭਾਅ ਜੀ ਨੂੰ ਬੇਨਤੀ ਕੀਤੀ ਕਿ ਆਪਣਾ ਬੰਦ ਕੀਤਾ 'ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ' ਮੈਨੂੰ ਦੇ ਦੇਣ। ਭਾਅ ਜੀ ਕਹਿਣ ਲੱਗੇ-'ਅਤਰਜੀਤ ਮੇਰੇ ਕੋਲ਼ ਤਾਂ ਪੂੰਜੀ ਸੀ, ਤੂੰ ਕਾਹਦੇ ਨਾਲ਼ ਚਲਾਏਂਗਾ?'

'ਭਾਅ ਜੀ, ਮੇਰੀ ਸਾਰੀ ਪੈਨਸ਼ਨ ਤੁਹਾਡੇ ਹਵਾਲੇ'। ਮੇਰਾ ਜਵਾਬ ਸੁਣ ਕੇ ਭਾਅ ਜੀ ਨੇ ਖੁਸ਼ ਹੋ ਕੇ, ਲੁਧਿਆਣੇ ਮੀਟਿੰਗ ਸਮਾਪਤ ਹੁੰਦਿਆਂ ਹੀ ਕਾਗਜ਼ ਪੈੱਨ ਕੱਢਿਆ ਤੇ ਲਿਖ ਕੇ ਪ੍ਰਕਾਸ਼ਨ ਮੇਰੇ ਹਵਾਲੇ ਕਰ ਦਿੱਤਾ'।

ਭਾਅ ਜੀ ਬਹੁਤ ਬੀਮਾਰ ਰਹਿਣ ਲੱਗ ਪਏ। ਵ੍ਹੀਲ ਚੇਅਰ 'ਤੇ ਆ ਕੇ ਨਾਟਕ ਕਰਾਉਣੇ ਛੁੱਟ ਗਏ। ਮੈਂ ਉਨ੍ਹਾਂ ਦੀ ਮਿਜਾਜ਼ ਪੁਰਸ਼ੀ ਲਈ ਚੰਡੀਗੜ੍ਹ ਉਨ੍ਹਾਂ ਦੇ ਨਿਵਾਸ ਸਥਾਨ 'ਤੇ ਪੁੱਜਾ। ਮੈਂ ਹੈਰਾਨ ਕਿ ਉਨ੍ਹਾਂ ਨੇ ਮੈਨੂੰ-'ਭਾਅ ਜੀ ਕੀ ਹਾਲ ਐ?'-ਵੀ ਨਾ ਕਹਿਣ ਦਿੱਤਾ, ਵੇਖਦੇ ਸਾਰ ਉੱਚੀ ਗੜ੍ਹਕ ਕੇ ਬੋਲੇ-'ਅਤਰਜੀਤ ਮੇਰੇ ਦਿਮਾਗ਼ ਵਿਚ ਬਹੁਤ ਵੱਡੀ ਕਾਰਜ ਯੋਜਨਾ ਹੈ। ਮਾਲਵਾ, ਦੁਆਬਾ, ਮਾਝਾ ਮੇਰੀ ਕਾਰਜ ਯੋਜਨਾ ਦਾ ਖੇਤਰ ਨੇ। ਇਨ੍ਹਾਂ ਇਲਾਕਿਆਂ ਵਿਚ ਡਿਊਟੀਆਂ ਲਾ ਕੇ ਪਲਸ ਮੰਚ ਦੇ ਯੂਨਿਟ ਉਸਾਰੇ ਜਾਣ'। ਤੂੰ ਤਿਆਰੀ ਕਰ ਇਸ ਵਿਚ ਤੂੰ ਵੀ ਵੱਡਾ ਕਾਰਜ ਕਰ ਸਕਦਾ ਹੈਂ। ਪਲਸ ਮੰਚ ਦੇ ਬਾਕੀ ਕਾਰਕੁਨਾਂ ਨੂੰ ਮੈਂ ਕਹਿਨਾਂ'। ਉਸ ਤੋਂ ਬਾਅਦ ਤਾਂ ਮੈਂ ਤਰਸਦਾ ਹੀ ਰਿਹਾ ਕਿ ਇੱਕ ਵਾਰ ਹੀ ਉਨ੍ਹਾਂ ਦੀ ਸਿਹਤ ਬਾਰੇ ਕੁੱਝ ਪੁੱਛਾਂ ਪਰ ਉਨ੍ਹਾਂ ਨੇ ਮੈਨੂੰ ਮੌਕਾ ਹੀ ਨਾ ਦਿੱਤਾ। ਕੇਡੀ ਕਮਾਲ ਦੀ ਸ਼ਖ਼ਸੀਅਤ ਸਨ, ਭਾਅ ਜੀ। ਭੈਣ ਕੈਲਾਸ਼ ਜੀ ਨੇ ਕਿਤੇ ਕਹਿ ਦਿੱਤਾ-'ਹੁਣ ਆਖ਼ਰੀ ਵੇਲ਼ੇ ਵਾਹਿਗੁਰੂ ਵਾਹਿਗੁਰੂ ਕਹਿ ਲਿਆ ਕਰੋ'।

ਭਾਅ ਜੀ ਬੋਲੇ 'ਕੈਲਾਸ਼ ਇਹ ਕੰਮ ਤੁਸੀਂ ਕਰ ਲਿਆ ਕਰੋ। ਇਹ ਮੇਰਾ ਕੰਮ ਨਹੀਂ'। ਵਾਹ! ਭਾਅ ਜੀ ਵਾਹ!! ਦੋਹਾਂ ਦੀ ਇਸ ਮਹਾਨ ਦੇਣ ਨੂੰ ਮੈਂ ਆਪਣੀ ਅਕੀਦਤ ਪੇਸ਼ ਕਰਦਾ ਹਾਂ।

# ਸ਼ਹੀਦੀ ਦਾ ਰੁਮਾਂਸ

ਅਮਰਜੀਤ ਚੰਦਨ

ਆਓ ਸ਼ਹੀਦ ਹੋਈਏ - ਗ਼ਦਰ ਦੀ ਗੂੰਜ, 1914

ਸ਼ਹੀਦੀ ਹੀ ਜੀਵਨ ਹੈ - ਸੰਤ ਸਿਪਾਹੀ, 1989

ਪੰਜਾਬੀ, ਉਰਦੂ, ਫ਼ਾਰਸੀ ਤੇ ਅਰਬੀ ਦੀ ਤਕਰੀਬਨ ਸਾਰੀ ਤਰੱਕੀਪਸੰਦ ਸ਼ਾਇਰੀ ਵਿਚ ਸ਼ਹੀਦ ਤੇ ਲਹੂ ਦਾ ਜ਼ਿਕਰ ਵਾਰ-ਵਾਰ ਆਉਂਦਾ ਹੈ। ਪੰਜਾਬੀ ਲੋਕਬਾਣੀ ਵੀ ਸਿਰਾਂ 'ਤੇ ਖੱਫਣ ਬੰਨ੍ਹ ਕੇ ਮੌਤ ਲਾੜੀ ਨੂੰ ਪਰਨਾਵਣ ਵਰਗੇ ਇਸਤਿਆਰਿਆਂ ਨਾਲ ਭਰੀ ਪਈ ਹੈ। ਇਹਦਾ ਪਿਛੋਕੜ ਧਰਮ ਹੈ। ਭਾਵੇਂ ਹਿੰਦੂ ਮਤ ਵਿਚ ਸ਼ਹੀਦੀ ਦਾ ਸੰਬੋਧ ਸਿਧਾਂਤਕ ਰੂਪ ਵਿਚ ਨਹੀਂ ਮਿਲਦਾ; ਪਰ ਬਲੀ ਦਾ ਸੰਬੋਧ ਜ਼ਰੂਰ ਹੈ, ਜਿਸ ਵਿਚ ਮਨੁੱਖ ਦੀ ਬਲੀ ਆਮ ਤੌਰ 'ਤੇ ਉਹਦੀ ਮਰਜ਼ੀ ਦੇ ਖ਼ਿਲਾਫ਼ ਦਿੱਤੀ ਜਾਂਦੀ ਹੈ।

ਕੁਰਾਨ ਵਿਚ ਸ਼ਹੀਦ ਤੇ ਜੰਨਤ ਦਾ ਕਈ ਥਾਈਂ ਜ਼ਿਕਰ ਆਉਂਦਾ ਹੈ। ਸ਼ਹੀਦ ਸਿੱਧਾ ਜੰਨਤ ਖ਼ੁਦਾ ਦੇ ਹਜ਼ੂਰ ਵਿਚ ਜਾਂਦਾ ਹੈ। ਜੰਨਤ ਦੇ ਚਾਰ ਦਰਜੇ ਹਨ: ਪਹਿਲੇ ਵਿਚ ਪੈਗ਼ੰਬਰ, ਦੂਜੇ ਵਿਚ ਈਮਾਨ ਵਾਲੇ ਤੇ ਤੀਜੇ ਵਿਚ ਸ਼ਹੀਦ ਹੁੰਦੇ ਹਨ ਅਤੇ ਚੌਥੇ ਵਿਚ ਆਮ ਨੇਕ ਬੰਦੇ (ਸੂਰਾ-ਏ-ਨਿਸਾ 4- ਆਇਤ 69)। ਖ਼ੁਦਾ ਉਨ੍ਹਾਂ ਨੂੰ ਇਨਾਮ ਤੇ ਮਨਪਸੰਦ ਦੀ ਰੋਜ਼ੀ ਰਿਜ਼ਕ ਦੇਵੇਗਾ ਤੇ ਜੰਨਤੀਆਂ ਨੂੰ ਉਹ ਸਭ ਕੁਝ ਮਿਲ਼ੇਗਾ, ਜੋ ਇਸ ਜਹਾਨ ਵਿਚ ਨਹੀਂ ਮਿਲਦਾ। ਵੱਡੀਆਂ-ਵੱਡੀਆਂ ਅੱਖੀਆਂ ਵਾਲੀਆਂ ਹੂਰਾਂ ਹੋਣਗੀਆਂ, ਜੋ ਨਿਗਾਹਾਂ ਨੀਵੀਂਆਂ ਰਖਦੀਆਂ ਹੋਣਗੀਆਂ। (ਸੂਰਾ-ਏ-ਸਫ਼ਾ 3: 37-ਆਇਤਾਂ 48 ਤੇ 49)। ਓਥੇ ਉਹ ਇਕ ਦੂਸਰੇ ਤੋਂ ਸ਼ਰਾਬ ਦੇ ਜਾਮ ਝਪਟ ਲਿਆ ਕਰਨਗੇ, ਪਰ ਜਿਨ੍ਹਾਂ ਦੇ ਪੀਣ ਨਾਲ ਕੋਈ ਨਸ਼ਾ ਨਹੀਂ ਹੋਏਗਾ ਅਤੇ ਨਾ ਹੀ ਕੋਈ ਗੁਨਾਹ ਕੀ ਬਾਤ ਅਤੇ ਮੋਤੀਆਂ ਵਰਗੇ ਲੌਂਡੇ (ਗਿਲਮਾਨ) ਖ਼ਿਦਮਤਗਾਰ ਉਨ੍ਹਾਂ ਦੇ ਆਲੇ-ਦੁਆਲੇ ਫਿਰਨਗੇ (ਸੂਰਾ-ਏ-ਤੂਰ 52-ਆਇਤਾਂ 23 ਤੇ 24)।

ਕੁਰਾਨ ਵਿਚ ਦਰਜ ਹੈ ਕਿ ਜੋ ਲੋਕ ਖ਼ੁਦਾ ਦੇ ਰਾਹ ਵਿਚ ਮਾਰੇ ਜਾਣ, ਉਨ੍ਹਾਂ ਦੀ ਨਿਸਬਤ ਇਹ ਆਖਣਾ ਕਿ ਉਹ ਮਰੇ ਹੋਏ ਹਨ; ਉਹ ਮੁਰਦਾ ਨਹੀਂ, ਸਗੋਂ ਜ਼ਿੰਦਾ ਹਨ, ਲੇਕਿਨ ਤੁਸੀਂ ਨਹੀਂ ਜਾਣਦੇ (ਸੂਰਾ-ਏ-ਬਕਰਾ 2-ਆਇਤ 154)। ਉਹ ਖ਼ੁਦਾ ਦੇ ਨਜ਼ਦੀਕ ਜ਼ਿੰਦਾ ਹਨ ਅਤੇ ਉਨ੍ਹਾਂ ਨੂੰ ਰਿਜ਼ਕ ਮਿਲ ਰਿਹਾ ਹੈ। ਜੋ ਕੁਝ ਖ਼ੁਦਾ ਨੇ ਉਨ੍ਹਾਂ ਨੂੰ ਅਪਣੇ ਫ਼ਜ਼ਲੋਂ ਬਖ਼ਸ਼ ਰਖਿਆ ਹੈ, ਉਹ ਉਸੇ ਵਿਚ ਖ਼ੁਸ਼ ਹਨ। ਜੋ ਲੋਕ ਉਨ੍ਹਾਂ ਦੇ ਪਿੱਛੇ ਰਹਿ ਗਏ ਅਤੇ ਸ਼ਹੀਦ ਹੋ ਕੇ ਉਨ੍ਹਾਂ ਵਿਚ ਸ਼ਾਮਿਲ ਨਹੀਂ ਹੋ ਸਕੇ, ਉਨ੍ਹਾਂ ਦੀ ਨਿਸਬਤ ਖ਼ੁਸ਼ੀਆਂ ਮਨਾ ਰਹੇ ਹਨ ਕਿ ਕ਼ਿਆਮਤ ਦੇ ਦਿਨ ਉਨ੍ਹਾਂ ਨੂੰ ਵੀ ਨਾ ਕੋਈ ਖ਼ੌਫ਼ ਹੋਏਗਾ ਤੇ ਨਾ ਹੀ ਗ਼ਮਨਾਕ ਹੋਣਗੇ। ਜੇ ਤੁਸੀਂ ਖ਼ੁਦਾ ਦੇ ਰਸਤੇ ਵਿਚ ਮਾਰੇ ਜਾਓ ਜਾਂ ਮਰ ਜਾਓ, ਤਾਂ ਤੁਸੀਂ ਖ਼ੁਦਾ ਦੇ ਹਜ਼ੂਰ ਜ਼ਰੂਰ ਇਕੱਠੇ ਕੀਤੇ ਜਾਓਗੇ (ਸੂਰਾ-ਏ-ਆਲੇ ਇਮਰਾਨ 3- ਆਇਤਾਂ 157-158)। ਜੰਨਤ ਵਿਚ ਮੌਤ ਨਹੀਂ। ਓਥੇ ਕੋਈ ਇੱਛਾ ਨਹੀਂ। ਇਸ ਲਈ ਔਰਤ ਮਰਦ ਦਾ ਸਰੀਰਕ ਮੇਲ ਨਹੀਂ ਹੁੰਦਾ। ਭੁੱਖ-ਤੇਹ ਨਹੀਂ ਲਗਦੀ। ਸ਼ਰਾਬ ਮਿਲ਼ਦੀ ਹੈ, ਪਰ ਨਸ਼ਿਓਂ ਬਗ਼ੈਰ।

ਗੁਰਬਾਣੀ ਵਿਚ ਸ਼ਹੀਦ ਦਾ ਜ਼ਿਕਰ ਇਕ-ਅੱਧ ਵਾਰ ਹੀ ਹੋਇਆ ਮਿਲਦਾ ਹੈ। ਨਾਨਕ ਜੀ ਲਿਖਦੇ ਹਨ: ਪੀਰ ਪੈਗੰਮਰ ਸਾਲਕ ਸਾਦਕ ਸੁਹਦੇ ਅਉਰ ਸਹੀਦ (ਸਿਰੀ ਅਸਟਪਦੀ, ਪੰਨਾ 53)।

ਭਾਈ ਗੁਰਦਾਸ ਨੇ ਲਿਖਿਆ ਸੀ:

ਮੁਰਦਾ ਹੋਇ ਮੁਰੀਦ ਨ ਗਲੀਂ ਹੋਵਣਾ।
ਸਬਰ ਸਿਦਕ ਸਹੀਦ ਭਰਮ ਭਉ ਖੋਵਣਾ॥

ਅਥਵਾ ਮੁਰੀਦ ਅਮਲੀ ਜੀਵਨ ਨਾਲ ਹੀ ਬਣਦਾ ਹੈ, ਗੱਲਾਂ ਨਾਲ ਨਹੀਂ। ਉਹ ਸਭ ਤਰ੍ਹਾਂ ਦੇ ਭਰਮ-ਭਉ ਦੂਰ ਕਰ ਦਿੰਦਾ ਹੈ ਅਤੇ ਸਬਰ ਸਿਦਕ ਨਾਲ ਆਪਾ ਵਾਰ ਦਿੰਦਾ ਹੈ। ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਇਹ ਨਿਆਰੀ ਗੱਲ ਦੱਸੀ ਸੀ ਕਿ ਸ਼ਹੀਦ ਉਹ ਹੁੰਦਾ ਹੈ, ਜੋ ਲੋਹੇ ਦੇ ਹਥਿਆਰ ਨਾਲ ਮਰੇ।

ਸ਼ਹੀਦ ਦੀ ਲੰਮੀ ਵਿਆਖਿਆ ਸੌ ਸਾਖੀ ਵਿਚ ਵੀ ਦਰਜ ਹੈ। ਕੋਈ ਵਿਦਵਾਨ ਇਸ ਲਿਖਤ ਨੂੰ ਸਿੱਕੇਬੰਦ ਲਿਖਤ ਨਹੀਂ ਮੰਨਦਾ, ਪਰ ਆਮ ਸ਼ਰਧਾਵਾਨ ਮੰਨਦਾ ਹੈ। ਇਸ ਵਿਚ ਦਰਜ ਹੈ ਕਿ ਦਸਵੇਂ ਗੁਰੂ ਨੇ ਸਿੱਖਾਂ ਨੂੰ ਦੱਸਿਆ ਕਿ ਸ਼ਹੀਦ ਕੁਬੇਰ ਤੇ ਭਵਰਲੋਕ ਵਿਚ ਰਹਿੰਦੇ ਹਨ ਅਤੇ 'ਜੋ ਚਾਂਹਦੇ ਸੋ ਪਾਂਵਦੇ ਹੈਨ।' ਸਿਰਫ਼ ਸ਼ਹੀਦ ਹੋਣ ਵਾਲਾ ਹੀ ਜਨਮ ਮਰਨ ਦੇ ਗੇੜ 'ਤੋਂ ਮੁਕਤ ਹੁੰਦਾ ਹੈ ਤੇ ਉਹਦੀ ਚੁਰਾਸੀ ਕੱਟੀ ਜਾਂਦੀ ਹੈ। ਜੋ ਸ਼ਹੀਦ ਨਹੀਂ ਹੁੰਦਾ, ਉਹ ਬੁਜ਼ਦਿਲ ਹੈ ਅਤੇ ਉਹ ਚੁਰਾਸੀ ਦੇ ਗੇੜ ਵਿਚ ਫਸਿਆ ਰਹਿੰਦਾ ਹੈ। ਇਸ ਵਿਆਖਿਆ ਪਿੱਛੇ ਹਿੰਦੂ ਮਿਥਿਹਾਸ ਹੈ।

ਇਕ ਵਾਰ ਦਸਮ ਪਾਤਸ਼ਾਹ ਤੋਂ ਸਿੱਖਾਂ ਨੇ ਪੁੱਛਿਆ- ਗੁਰੂ ਜੀ, ਸ਼ਹੀਦ ਕੌਣ ਹੁੰਦੇ ਹਨ? ਇਨ੍ਹਾਂ ਦੀ ਕਰਮ ਕਰਤੂਤ ਬਾਰੇ ਸਾਨੂੰ ਦੱਸੋ। ਗੁਰੂ ਜੀ ਦਾ ਉਤਰ ਇਉਂ ਸੀ- ਸਿੱਖੋ, ਤੁਸੀਂ ਮੈਨੂੰ ਗੁਪਤ ਗੱਲ ਬਾਰੇ ਇਹ ਪੁੱਛ ਕੀਤੀ ਹੈ। ਗੁਰੂ ਆਪਣੇ ਲੋਕਾਂ ਨੂੰ ਹਜ਼ੂਰੀ ਵਿਚ ਰਖਦਾ ਹੈ। ਉਹ ਅਪਣੇ ਸਿੱਖਾਂ ਦੀ ਰੱਛਿਆ ਕਰਦਾ ਹੈ। ਕਲਿਜੁਗ ਦੇ ਸਮੇਂ ਗੁਰੂ ਆਜੜੀ ਵਾਂਙੂੰ ਅਪਣੇ ਸਿੱਖਾਂ ਨਾਲ ਵਰਤਦਾ ਹੈ। ਉਹ ਅਪਣੇ ਸਿੱਖਾਂ ਨੂੰ ਅਪਣੀ ਮਰਜ਼ੀ ਅਨੁਸਾਰ ਤੋਰਦਾ ਹੈ। ਜੇ ਸਿੱਖ ਸਿਦਕ ਵਿਚ ਪੂਰਾ ਹੋਵੇ, ਉਹ ਰਣਭੂਮੀਆਂ ਦਾ ਨਾਇਕ ਹੈ ਤੇ ਭਵਜਲ ਨੂੰ ਪਾਰ ਕਰਦਾ ਹੈ। ਬੁਜ਼ਦਿਲ ਲੋਕੀਂ ਜਨਮ ਮਰਨ ਦੇ ਗੇੜ ਵਿਚ ਫਸੇ ਰਹਿੰਦੇ ਹਨ। ਗੁਰੂ ਅਪਣੇ ਸਿੱਖਾਂ ਸਮੇਤ ਅਪਣੇ ਮੁਰੀਦਾਂ ਦੀ ਉਡੀਕ ਕਰਦਾ ਹੈ। ਜਿਹੜਾ ਵੀ ਆਉਂਦਾ ਹੈ, ਉਹ ਸੰਗਤ ਵਿਚ ਰਲ਼ਦਾ ਜਾਂਦਾ ਹੈ। ਗੁਰੂ ਉਨ੍ਹਾਂ ਨੂੰ ਸੱਚਾ ਧਰਮ ਸਿਖਾਲ਼ ਕੇ ਸੰਸਾਰ ਸਾਗਰ ਤੋਂ ਪਾਰ ਕਰਦਾ ਹੈ। ਸ਼ਹੀਦ ਕੁਬੇਰ ਦੀ ਨਗਰੀ ਤੇ ਭਵਲੋਕ ਵਿਚ ਰਹਿੰਦੇ ਹਨ। ਉਨ੍ਹਾਂ ਦੀ ਹਰ ਇੱਛਾ ਪੂਰਨ ਹੁੰਦੀ ਹੈ। ਭੂਤਾਂ-ਪ੍ਰੇਤਾਂ, ਰਾਖਸ਼ਾਂ, ਆਦਮੀਆਂ, ਪਸ਼ੂਆਂ, ਸੱਪਾਂ, ਪੰਛੀਆਂ, ਜਖਾਂ, ਗੰਧਰਵਾਂ ਅਤੇ ਅੱਪਛਰਾਵਾਂ ਉੱਤੇ ਉਨ੍ਹਾਂ ਦਾ ਹੁਕਮ ਚਲਦਾ ਹੈ। ਜਮਦੂਤ ਵੀ ਉਨ੍ਹਾਂ ਦੀ ਸਲਾਹ ਲੈਂਦੇ ਹਨ। ਸ਼ਾਸਤਰਾਂ ਵਿਚ ਉਨ੍ਹਾਂ ਨੂੰ ਬੇਤਾਲ ਅਤੇ ਵਿਦਿਆਧਰ ਕਿਹਾ ਗਿਆ ਹੈ। ਉਨ੍ਹਾਂ ਦੇ ਅਨੁਯਾਈ ਉਨ੍ਹਾਂ ਦੀ ਪੂਜਾ ਕਰਦੇ ਹਨ ਅਤੇ ਅਪਣੀਆਂ ਇੱਛਾਵਾਂ ਉਨ੍ਹਾਂ ਤੋਂ ਮੰਨਵਾਉਂਦੇ ਹਨ। ਦੁੱਖ-ਸੁੱਖ ਉਨ੍ਹਾਂ ਥਾਣੀਂ ਮਿਲਦੇ ਹਨ। ਦੇਵਤੇ ਭਰਤਖੰਡ ਦੀ ਜ਼ਿੰਮੇਵਾਰੀ ਉਨ੍ਹਾਂ ਨੂੰ ਦੇ ਕੇ ਸੁਰਗਾਂ ਵਿਚ ਜਾ ਬੈਠੇ ਹਨ। ਉਨ੍ਹਾਂ ਵਿਚੋਂ ਕਈ ਵਿਸ਼ੇਸ਼ ਪਦਵੀਆਂ ਉੱਤੇ ਇਸਥਿਤ ਹਨ। ਸ਼ਹੀਦ ਵੀ ਕਈ ਪ੍ਰਕਾਰ ਦੇ ਹਨ। ਅੰਨ, ਬਸਤਰ ਅਤੇ ਵਾਹਨ ਉਨ੍ਹਾਂ ਦੇ ਵੱਸ ਵਿਚ ਹਨ। ਉਹ ਸਭ ਦੀਪਾਂ ਤੇ ਖੰਡਾਂ ਦੀ ਸੈਲ ਕਰਦੇ ਹਨ। ਉਹ ਜਨਮ-ਮਰਨ ਦੇ ਗੇੜ ਤੋਂ ਬਾਹਰ ਹਨ। ਗੁਰੂ ਉਨ੍ਹਾਂ ਦੀ ਰੱਛਿਆ ਕਰਦਾ ਹੈ, ਆਜੜੀ ਵਾਂਙੂੰ।

ਅੰਜੀਲ ਦੇ 23ਵੇਂ ਭਜਨ ਵਿਚ ਲਿਖਿਆ ਹੈ- ਪ੍ਰਭੂ ਮੇਰਾ ਆਜੜੀ ਹੈ; ਮੈਨੂੰ ਕਿਸੇ ਚੀਜ਼ ਦੀ ਲੋੜ ਨਹੀਂ।

ਇਸ ਸਦੀ ਵਿਚ ਗ਼ਦਰ ਲਹਿਰ ਦੇ ਕਵੀ ਮੌਤ ਜਾਂ ਸ਼ਹੀਦੀ ਨੂੰ ਇਸ ਹੱਦ ਤਕ ਵਡਿਆਉਂਦੇ ਰਹੇ ਕਿ ਉਨ੍ਹਾਂ ਦੇ ਕਬਿਤ ਪੜ੍ਹ ਕੇ ਲਗਦਾ ਹੈ, ਜਿਵੇਂ ਸ਼ਹੀਦ ਹੋਣਾ ਹੀ ਉਨ੍ਹਾਂ ਦੀ ਜ਼ਿੰਦਗੀ ਤੇ ਲਹਿਰ ਦਾ ਮਕਸਦ ਸੀ।

ਗਾਨੇ ਬੰਨ੍ਹ ਲਉ ਹੱਥ ਸ਼ਹੀਦੀਆਂ ਦੇ
ਲੜ ਕੇ ਮਰੋ ਜਾਂ ਮਾਰਨੇ ਹਾਰ ਹੋ ਜਾਉ।

ਨਾਮ ਉਨ੍ਹਾਂ ਦਾ ਵਿਚ ਜਹਾਨ ਰੋਸ਼ਨ
ਜਿਨ੍ਹਾਂ ਸ਼ੌਕ ਸ਼ਹੀਦੀਆਂ ਪਾਵਨੇ ਦਾ।

ਪਾ ਲਈਏ ਸ਼ਹੀਦੀ ਸਿੰਘ ਸ਼ੇਰ ਸਜ ਕੇ
ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ।

ਅਜੇ ਵੀ ਵਕਤ ਕੁਛ ਲੁਟ ਲੌ ਖਜ਼ਾਨਿਆਂ ਨੂੰ
ਖੁੱਲ੍ਹਿਆ ਦੁਆਰਾ ਹੈ ਸ਼ਹੀਦੀਆਂ ਦੇ ਪੌਣ ਦਾ।
ਅੰਤ ਭਾਗਾਂ ਵਾਲਿਆਂ ਨੂੰ ਮਿਲਦੀ ਸ਼ਹੀਦੀ ਵੀਰੋ
ਦੇਸ਼ ਦੇ ਪਿਆਰਿਆਂ ਦੇ ਕੰਮ ਹੈ ਚਲੌਣ ਦਾ।

ਕਾਇਰਾਂ ਨੂੰ ਕਲੰਕ ਲੱਗੇ ਸੂਰਮਾ ਸ਼ਹੀਦ ਹੋਵੇ
ਧਾਰ ਲੌ ਇਰਾਦਾ ਵੀਰੋ ਭਾਰਤ ਬਚੌਣ ਦਾ।
- ਸਾਰੇ ਹਵਾਲੇ ਗ਼ਦਰ ਦੀ ਗੂੰਜ ਵਿਚੋਂ

ਸ਼ਹੀਦੀ ਦੀ ਰਵਾਇਤ ਦੀ ਅਗਲੀ ਕੜੀ ਬੱਬਰ ਅਕਾਲੀ ਲਹਿਰ ਸੀ। ਬੱਬਰਾਂ ਦੀ ਕੋਈ ਲਿਖਤ ਨਹੀਂ ਮਿਲ਼ਦੀ, ਪਰ ਉਨ੍ਹਾਂ ਦੇ ਧਾਰਮਿਕ ਪਿਛੋਕੜ ਨੂੰ ਦੇਖੀਏ, ਤਾਂ ਸ਼ਹੀਦ ਹੋਣ ਦੀ ਗੱਲ ਸਮਝ ਆਉਂਦੀ ਹੈ।

ਇਸ ਤੋਂ ਅਗਲੀ ਕੜੀ ਹੈ ਭਗਤ ਸਿੰਘ, ਜੋ ਪੰਜਾਬੀ ਚੇਤਨਾ ਦਾ ਅਟੁੱਟ ਅੰਗ ਬਣ ਚੁੱਕਾ ਹੈ। ਇਹ ਅਪਣੀਆਂ ਲਿਖਤਾਂ ਵਿਚ ਕਦੇ ਵੀ ਸ਼ਹਾਦਤ ਦਾ ਸਿਧਾਂਤ ਨਹੀਂ ਬਣਾਉਂਦਾ, ਪਰ ਇਹਨੂੰ ਅਚੇਤਨ ਸ਼ਹੀਦ ਹੋਣ ਦੀ ਲਾਲਸਾ ਸੀ। ਇਸ ਬਾਰੇ ਜ਼ਿਕਰ ਇਹਨੇ ਅਪਣੇ ਘਰਦਿਆਂ ਨੂੰ ਅੰਤ ਵੇਲੇ ਲਿਖੀ ਚਿੱਠੀ ਵਿਚ ਵੀ ਕੀਤਾ ਸੀ। (ਇਤਾਲਵੀ ਮਾਰਕਸਵਾਦੀ ਚਿੰਤਕ ਗਰਾਮਸ਼ੀ ਨੇ ਅਪਣੀ ਮੌਤ ਤੋਂ ਪਹਿਲਾਂ ਅਪਣੀ ਪਤਨੀ ਨੂੰ ਲਿਖਿਆ ਸੀ: ਲੋਕ ਭਾਵੇਂ ਕੁਝ ਵੀ ਆਖਣ ਜਾਂ ਸੋਚਣ, ਨਾਇਕ ਜਾਂ ਸ਼ਹੀਦ ਹੋਣ ਦੀ ਮੇਰੀ ਉੱਕਾ ਹੀ ਕੋਈ ਖ਼ਾਹਸ਼ ਨਹੀਂ।) ਭਗਤ ਸਿੰਘ ਨੂੰ ਜ਼ਾਤੀ ਦਹਿਸ਼ਤਪਸੰਦੀ ਦੇ ਮਾਰੂ ਫ਼ਲਸਫ਼ੇ ਦੀ ਕੰਗਾਲੀ ਦਾ ਜੇਲ ਜਾ ਕੇ ਪਤਾ ਲੱਗਾ ਸੀ। ਪਰ ਇਹਦਾ ਇਹ ਪ੍ਰਬੁੱਧ ਮਾਰਕਸੀ ਚਿੰਤਕ ਵਾਲਾ ਪੱਖ ਆਮ ਲੋਕਾਂ ਨੂੰ ਪਤਾ ਨਹੀਂ; ਜੇ ਪਤਾ ਹੋਏ, ਤਾਂ ਅਣਡਿੱਠ ਕਰ ਦਿੰਦੇ ਹਨ।



ਪਰ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਭਗਤ ਸਿੰਘ ਦੀ ਤਸਵੀਰ ਲੋਕਾਂ ਦੇ ਮਨਾਂ ਵਿਚ ਚਿੰਤਕ ਵਾਲੀ ਨਹੀਂ, ਮੌਤ ਲਾੜੀ ਪਰਨਾਵਣ ਚੜ੍ਹੇ ਲਾੜੇ ਵਾਲੀ ਹੈ। ਇਹਦੀ ਫਾਂਸੀ ਤੋਂ ਝਟ ਪਿੱਛੋਂ ਲਿਖੀ ਗਈ ਘੋੜੀ ਸਾਹਿਤ ਕਲਾ ਦਾ ਕੁਹਜਾ ਨਮੂਨਾ ਹੈ, ਪਰ ਇਸ ਵਿਚ ਲੋਕ ਮਨ ਦਾ ਅਕਸ ਹੈ। ਇਹ ਘੋੜੀ ਸ਼ਹੀਦੀ ਦਾ ਸ਼ਾਇਰਾਨਾ ਪ੍ਰਗਟਾਵਾ ਹੈ, ਜਿਸ ਵਿਚ ਯੁਗਾਂਤਰੀ (ਏਜਲੈੱਸ) ਤਰਸ ਹੈ (ਖਾਣ-ਹੰਢਾਣ ਤੋਂ ਬਿਨਾਂ ਜਵਾਨੀ ਵਾਰੇ ਤੁਰ ਜਾਣ ਦਾ), ਨਾਇਕਤਵ ਹੈ ਤੇ ਸੰਤਪੁਣਾ ਵੀ (ਸੰਸਾਰਕ ਸੁੱਖਾਂ ਨੂੰ ਨਕਾਰਨ ਦਾ)। ਮੌਤ ਲਾੜੀ ਨੂੰ ਸੰਭੋਗਣ ਦੀ ਕਲਪਨਾ ਕਰਨੀ ਦੀਰਘ ਮਨੋਰੋਗ ਹੈ।

ਭਗਤ ਸਿੰਘ ਤੋਂ ਲੈ ਕੇ ਨਕਸਲਬਾੜੀ ਲਹਿਰ ਤਕ ਦੇ ਲੰਮੇ ਵਕਫ਼ੇ ਵਿਚ ਸਿਰਫ਼ ਊਧਮ ਸਿੰਘ ਦਾ ਹੀ ਜ਼ਿਕਰ ਆਉਂਦਾ ਹੈ, ਜਿਹਦੇ ਜ਼ਾਤੀ ਐਕਸ਼ਨ ਦੀ ਮਹਿਮਾ ਦੇਰ ਨਾਲ ਹੋਣੀ ਸ਼ੁਰੂ ਹੋਈ। ਊਧਮ ਸਿੰਘ ਕਲਾਸਿਕ ਅਰਥਾਂ ਵਿਚ ਜ਼ਾਤੀ ਦਹਿਸ਼ਤਪਸੰਦ ਸੀ। ਇਹਦਾ ਸਮਾਜੀ ਇਨਕਲਾਬ ਜਾਂ ਜੱਥੇਬੰਦ ਲਹਿਰ ਵਿਚ ਕੋਈ ਯਕੀਨ ਨਹੀਂ ਸੀ। ਇਹਦੀ ਜ਼ਿੰਦਗੀ ਦਾ ਇਕ-ਨੁਕਾਤੀ ਪ੍ਰੋਗਰਾਮ ਸੀ- ਬਦਲਾ ਲੈਣਾ ਤੇ ਸ਼ਹੀਦ ਹੋਣਾ।

ਇਹ ਵਿਚਾਰਨ ਵਾਲੀ ਗੱਲ ਹੈ ਕਿ ਪੰਜਾਬ ਦੀ ਕਮਿਉਨਿਸਟ ਲਹਿਰ ਦੀ ਨੀਂਹ ਰਖਣ ਵਾਲੇ ਕਿਰਤੀਆਂ ਨੇ ਸ਼ਹੀਦੀ ਨੂੰ ਵਡਿਆਇਆ ਨਹੀਂ। ਸ਼ਾਇਦ ਕਿਰਤੀ ਪਾਰਟੀ ਦੇ ਆਗੂ ਸ਼ਹੀਦ ਖ਼ਾਤਿਰ ਸ਼ਹੀਦੀਆਂ ਪਾਉਣ ਵਾਲੀਆਂ ਲਹਿਰਾਂ (ਗ਼ਦਰ ਤੇ ਬੱਬਰ) ਦਾ ਹਸ਼ਰ ਦੇਖ ਚੁੱਕੇ ਸਨ ਅਤੇ ਇਨ੍ਹਾਂ ਸਾਹਮਣੇ ਰੂਸ ਦੇ ਸਮਾਜਵਾਦੀ ਇਨਕਲਾਬ ਦਾ ਨਮੂਨਾ ਸੀ।

ਪੂਰਬੀ ਪੰਜਾਬ ਦੀ ਨਕਸਲੀ ਲਹਿਰ ਦਾ ਧੁਰਾ ਭਾਵੇਂ ਕਿਸਾਨੀ ਮਾਨਸਿਕਤਾ ਵਾਲਾ ਮਾਓਵਾਦ ਸੀ ਤੇ ਨਕਸਲੀ ਸਿਆਸੀ ਸਾਹਿਤ ਵਿਚ ਕਿਤੇ ਵੀ ਮੌਤ ਨੂੰ ਜ਼ਿੰਦਗੀ ਤੋਂ ਵਧ ਵਡਿਆਣ ਦੀ ਗੱਲ ਨਜ਼ਰ ਨਹੀਂ ਆਉਂਦੀ। ਪਰ ਪੰਜਾਬ ਵਿਚ ਬੰਗਾਲ ਤੋਂ ਮੱਲੋ-ਮੱਲੀ ਖਿੱਚ ਕੇ ਲਿਆਂਦੀ ਇਹ ਲਹਿਰ ਮਾਰਕਸ ਦੇ ਆਖਣ ਵਾਂਙ ਪਹਿਲਾਂ ਚਲ ਚੁੱਕੀਆਂ ਦਹਿਸ਼ਤਪਸੰਦ ਲਹਿਰਾਂ ਨੂੰ ਹਾਸੋ-ਹੀਣੇ (ਫ਼ਾਰਸੀਕਲ) ਤਰੀਕੇ ਨਾਲ ਦੁਹਰਾ ਰਹੀ ਸੀ। ਸਿੱਖ ਧਾਰਮਿਕ ਇਤਿਹਾਸ ਇਹਦੀ ਪ੍ਰੇਰਣਾ ਸੀ।

ਪੂਰਬੀ ਪੰਜਾਬ ਵਿਚ ਜ਼ਾਤੀ ਦਹਿਸ਼ਤਪਸੰਦੀ ਦੇ ਇਸ ਦੌਰ ਤੋਂ ਕੁਝ ਸਾਲ ਪਹਿਲਾਂ ਯੁਵਕ ਕੇਂਦਰ ਨਾਂ ਦੀ ਸੰਸਥਾ ਨੇ ਕੌਮੀ ਲਹਿਰ ਦੇ ਯੋਧਿਆਂ ਦੀ ਯਾਦ ਜ਼ਿੰਦਾ ਰਖਣ ਲਈ ਸਸਤੇ ਭਾਅ ਵਾਲਾ ਸਾਹਿਤ ਵਸੀਹ ਪੱਧਰ 'ਤੇ ਵੰਡਿਆ ਸੀ। ਇਸ ਸਾਹਿਤ ਵਿਚ ਕੋਈ ਵਿਗਿਆਨਕ ਵਿਸ਼ਲੇਸ਼ਣ ਨਹੀਂ ਸੀ ਹੁੰਦਾ ਤੇ ਮੌਤ ਦੇ ਰੁਮਾਂਸ ਨੂੰ ਸ਼ਹਿ ਦਿੱਤੀ ਹੁੰਦੀ ਸੀ। ਯੁਵਕ ਕੇਂਦਰੀ ਸਾਹਿਤ ਦੇ ਪਰੇਰੇ ਕਈ ਨੌਜਵਾਨ ਮਾਓਵਾਦੀ ਲਹਿਰ ਵਿਚ ਸ਼ਾਮਿਲ ਹੋ ਕੇ ਅਪਣੀਆਂ ਜਾਨਾਂ ਵਾਰ ਗਏ। ਪਰ ਕੇਂਦਰ ਦਾ ਇਕ ਵੀ ਆਗੂ ਲਹਿਰ ਵਿਚ ਸ਼ਾਮਿਲ ਨਹੀਂ ਸੀ ਹੋਇਆ।

ਜ਼ਾਤੀ ਦਹਿਸ਼ਤਪਸੰਦੀ ਦੇ ਫ਼ਲਸਫ਼ੇ ਦੀ ਪਰੇਰੀ ਤਕਰੀਬਨ ਸਾਰੀ 'ਨਕਸਲੀ' ਕਵਿਤਾ ਸ਼ਹੀਦ ਤੇ ਲਹੂ ਦੇ ਗ਼ੈਰਹਯਾਤੀ ਇਸਤਿਆਰਿਆਂ ਨਾਲ ਭਰੀ ਪਈ ਹੈ। ਇੰਜ ਲਗਦਾ ਹੈ ਕਿ ਕਵੀ ਸਾਹਿਬਾਨ ਛੇਤੀ ਤੋਂ ਛੇਤੀ ਸ਼ਹੀਦ ਹੋਣਾ ਚਾਹੁੰਦੇ ਹਨ। ਉਨ੍ਹਾਂ ਲਈ ਜ਼ਿੰਦਗੀ ਜਿਵੇਂ ਕੋਈ ਪਾਪ ਹੈ। ਜਸਵੰਤ ਸਿੰਘ ਕੰਵਲ ਦਾ ਨਾਵਲ 'ਲਹੂ ਦੀ ਲੋਅ' (ਯਾਨੀ ਸ਼ਹੀਦੀ) ਬਹੁਤ ਮਹਿੰਗਾ ਹੋਣ ਕਰਕੇ ਪਿੰਡਾਂ ਦੇ ਨੌਜਵਾਨ ਪੈਸੇ ਇਕੱਠੇ ਕਰਕੇ ਖ਼ਰੀਦਦੇ ਸਨ ਤੇ ਫੇਰ ਰਲ ਕੇ ਪੜ੍ਹਦੇ ਸਨ। ਇਹ ਨਾਵਲ ਪੜ੍ਹ ਕੇ ਕਿਸੇ ਨੇ ਮੈਨੂੰ ਆਖਿਆ ਸੀ, 'ਆਪਾਂ ਕੋਈ ਐਸਾ ਕੰਮ ਕਰੀਏ, ਜੀਹਦੇ ਨਾਲ ਸ਼ਹੀਦ ਹੋ ਜਾਈਏ!' ਗੁਰਸ਼ਰਨ ਸਿੰਘ ਨੇ ਇਸ ਨਾਵਲ ਦਾ ਨਾਟਕ ਬਣਾਇਆ ਤੇ ਨਾਂ ਰੱਖਿਆ: ਤੂੰ ਖ਼ੁਦਕੁਸ਼ੀ ਕਰੇਂਗਾ, ਅਸੀਂ ਸ਼ਹੀਦ ਹੋਵਾਂਗੇ। ਪੂਰਬੀ ਪੰਜਾਬ ਦੇ ਮਾਓਵਾਦੀਆਂ ਦੇ ਕਿਸੇ ਟੋਲੇ ਦੇ ਸਿਧਾਂਤਕ ਪਰਚੇ ਦਾ ਨਾਂ ਸੀ: 'ਸ਼ਹੀਦ' ਓਦੋਂ ਕੁ ਹੀ ਕੈਨੇਡਾ ਵਿਚ ਸ਼ਾਇਰੀ ਦੀ ਕਿਤਾਬ ਛਪੀ, ਜਿਹਦਾ ਨਾਂ ਸੀ- 'ਮਕਤਲ'।

ਕਵੀਆਂ ਦੀ ਤੀਜੀ ਪੰਜਾਬੀ ਪੀੜ੍ਹੀ 'ਤੇ ਫ਼ੈਜ਼ ਦੀ ਸ਼ਾਇਰੀ ਦਾ ਬੜਾ ਅਸਰ ਹੈ। ਫ਼ੈਜ਼ ਮਕਤਲ, ਲਹੂ ਵਗ਼ੈਰਾ ਦਾ ਵਾਰ-ਵਾਰ ਜ਼ਿਕਰ ਕਰਦਾ ਹੈ। ਕੁਝ ਨਮੂਨੇ: ਦਾਰ ਕੀ ਰੱਸੀਓਂ ਕੇ ਗੁਲੂਬੰਦ ਗਰਦਨ ਮੇਂ ਪਹਨੇ ਹੂਏ... ਹਕ਼ ਕੀ ਸਲੀਬ ਪਰ ਅਪਨਾ ਤਨ ਸਜਾ ਕਰ...ਸਲੀਬ-ਓ-ਦਾਰ ਸਜਾਓ ਕਿ ਜਸ਼ਨ ਕਾ ਦਿਨ ਹੈ। ਫ਼ੈਜ਼ ਮੌਤ ਨੂੰ ਮੁਸਲਮਾਨ ਦੀਆਂ ਨਜ਼ਰਾਂ ਨਾਲ ਦੇਖਦਾ ਹੈ, ਕਮਿਉਨਿਸਟ ਦੀਆਂ ਨਜ਼ਰਾਂ ਨਹੀਂ। ਇਕ ਹੋਰ ਕਵੀ ਅਹਿਮਦ ਫ਼ਰਾਜ਼ ਨੇ ਸ਼ਹੀਦਾਂ ਬਾਰੇ ਅਪਣੀ ਕਵਿਤਾ ਵਿਚ ਫ਼ੈਜ਼ ਨੂੰ ਵੀ ਮਾਤ ਪਾ ਦਿੱਤਾ: ਤਾਜ਼ਾ ਖ਼ੂਨ ਕੀ ਖ਼ੁਸ਼ਬੂਏਂ ਆ ਰਹੀ ਹੈਂ। ਇਹ ਦਰਅਸਲ ਸੈਕਸੁਅਲ ਸਿੰਬਲ ਹੈ।

ਹੁਣ ਸਵਾਲਾਂ ਦਾ ਸਵਾਲ ਇਹ ਹੈ ਕਿ ਕਿਸੇ ਸਿੱਖ ਜਾਂ ਮੁਸਲਮਾਨ ਦੀ ਅਗਲੇ ਜਹਾਨ ਦੇ ਲਾਲਚ ਵਿਚ ਸ਼ਹੀਦ ਹੋਣ ਦੀ ਲਾਲਸਾ ਤਾਂ ਸਮਝ ਆਉਂਦੀ ਹੈ, ਪਰ ਕਮਿਉਨਿਸਟਾਂ ਨੂੰ ਕਾਹਦਾ ਲੋਭ ਹੈ? ਇਨ੍ਹਾਂ ਦਾ ਸਵਰਗ-ਨਰਕ ਵਿਚ ਕੋਈ ਯਕੀਨ ਨਹੀਂ। ਇਸੇ ਜਹਾਨ ਨੂੰ ਸਵਰਗ ਬਣਾਉਣਾ ਇਨ੍ਹਾਂ ਦਾ ਆਦਰਸ਼ ਹੈ। ਫੇਰ ਪੰਜਾਬੀ ਕਮਿਉਨਿਸਟ ਸ਼ਹੀਦੀ ਨੂੰ ਏਨਾ ਵਡਿਆਉਂਦੇ ਕਿਉਂ ਹਨ?

ਜ਼ਾਹਿਰ ਹੈ, ਸੰਸਕਾਰਾਂ ਤੋਂ ਮੁਕਤ ਹੋਣ ਨੂੰ ਕਈ ਸਦੀਆਂ ਲਗਦੀਆਂ ਹਨ। ਜ਼ਾਤੀ ਦਹਿਸ਼ਤਪਸੰਦੀ ਤੇ ਹੋਂਦਵਾਦ ਵਿਚਕਾਰ ਵਿਚ ਬਾਰੀਕ ਫ਼ਰਕ ਹੈ। ਸ਼ਹੀਦ ਹੋਣ ਤੁਰੇ ਅਤੇ ਕਿਸੇ ਹੋਂਦਵਾਦੀ ਦੀ ਇਹ ਇੱਕੋ ਜਿਹੀ ਸੋਚ ਹੁੰਦੀ ਹੈ ਕਿ ਮੌਤ ਹੀ ਬੰਦੇ ਦੀ ਹੋਣੀ ਬਣਾਉਂਦੀ ਹੈ। ਸਾਰਤਰ ਵੀ ਕਹਿੰਦਾ ਹੈ ਕਿ ਮੌਤ ਬੰਦੇ ਦੀ ਹੋਂਦ ਦਾ ਤੱਤ (ਐਸੈਂਸ) ਹੁੰਦੀ ਹੈ। ਮੌਤ ਦੀ ਇੱਛਾ ਕਰਨ ਵਾਲਾ ਦਰਅਸਲ ਮੌਤ ਨਾਲ ਲਗਾਤਾਰ ਸਾਂਝਾ ਕਰ ਰਿਹਾ ਹੁੰਦਾ ਹੈ। ਉਹ ਜੀਉਣ-ਜੋਗਾ ਨਹੀਂ ਹੁੰਦਾ, ਪਰ ਮਰਨ ਨੂੰ ਤਿਆਰ ਹੁੰਦਾ ਹੈ। ਉਹਨੂੰ ਮੌਤ ਵਿਚ ਜ਼ਿੰਦਗੀ ਨਜ਼ਰ ਆਉਂਦੀ ਹੈ। ਮੌਤ ਹੀ ਉਹਦੀ ਇੱਕੋ-ਇਕ ਉਮੀਦ ਰਹਿ ਜਾਂਦੀ ਹੈ। ਇਹ ਉਹਦੀ ਜ਼ਿੰਦਗੀ ਦਾ ਸਾਰਥਕ ਅੰਗ ਬਣ ਜਾਂਦੀ ਹੈ। ਉਹਦੀ ਸੋਚ ਜੀਉਂਦੇ ਬੰਦਿਆਂ ਨਾਲ ਨਹੀਂ; ਸ਼ਹੀਦ ਹੋਏ ਬੰਦਿਆਂ ਨਾਲ ਘਿਰ ਜਾਂਦੀ ਹੈ। ਇਹ ਇਨਸਾਨੀ ਹਾਲਾਤ ਤੋਂ ਸਰੀਹਣ ਭਾਂਜ ਹੁੰਦੀ ਹੈ। ਮੌਤ ਲਾੜੀ ਪਰਨਾਵਣ ਚੜ੍ਹਿਆ ਅਪਣੇ ਆਪ ਨੂੰ ਵੱਸ ਕਰ ਲੈਂਦਾ ਹੈ। ਉਹ ਇਹ ਮੰਨ ਲੈਂਦਾ ਹੈ ਕਿ ਉਹਦਾ ਦੁਸ਼ਮਣ ਉਹਦੇ ਨਾਲੋਂ ਵੱਡਾ ਤੇ ਅਜਿਤ ਹੈ। ਨਹੀਂ ਤਾਂ, ਸ਼ਹੀਦੀ ਦਾ ਤਿਆਰ ਪਿਆ ਬਾਟਾ ਨਹੀਂ ਪੀਤਾ ਜਾ ਸਕਦਾ। ਇਹ ਨਿਜਵਾਦ ਤੇ ਸਵੈ-ਪ੍ਰੇਮ ਦੀ ਹੱਦ ਹੈ। ਸ਼ਹਾਦਤ ਮੌਤ ਦਾ ਜਸ਼ਨ ਹੁੰਦੀ ਹੈ। ਇਹ ਅਗਲੇ ਹੋਣ ਵਾਲੇ ਐਕਸ਼ਨ ਨੂੰ ਰੋਕ ਦਿੰਦੀ ਹੈ ਤੇ ਇਹ ਆਸ ਵੀ ਛੱਡ ਦਿੰਦੀ ਹੈ ਕਿ ਜ਼ਿੰਦਗੀ ਨੂੰ ਬਦਲਣਾ ਬੰਦੇ ਦਾ ਹੀ ਕੰਮ ਹੈ। ਇਕੱਲਾ ਬੰਦਾ ਪ੍ਰਕੇਵਲ (ਐਬਸੋਲੀਊਟ) ਹੋ ਜਾਂਦਾ ਹੈ।

ਫ਼ਰਾਂਸੀਸੀ ਲਿਖਾਰੀ ਆਂਦਰੇ ਮਾਲਰੋ ਦੇ ਚੀਨੀ ਇਨਕਲਾਬ ਬਾਰੇ ਲਿਖੇ ਨਾਵਲ ਦ' ਹਿਊਮਨ ਕੰਡੀਸ਼ਨ ਦਾ ਪ੍ਰਸੰਗ ਹੈ: ਦਹਿਸ਼ਤਪਸੰਦ ਆਗੂ ਚੈਨ ਆਪਣੇ ਸਾਥੀ ਨੂੰ ਖ਼ੁਦਕੁਸ਼ੀ ਦੇ ਮਿਸ਼ਨ 'ਤੇ ਜਾਣ ਲਈ ਕਹਿੰਦਾ ਹੈ। ਅੱਗੋਂ ਸਾਉਐਨ ਜਵਾਬ ਦਿੰਦਾ ਹੈ: ਚੈਨ, ਮੈਂ ਤੇਰੇ ਜਿੰਨਾ ਸਿਆਣਾ ਤਾਂ ਨਹੀਂ। ਪਰ ਮੈਂ...ਮੈਂ ਅਪਣੇ ਲੋਕਾਂ ਵਾਸਤੇ ਲੜ ਰਿਹਾ ਹਾਂ, ਆਪਣੇ ਲਈ ਨਹੀਂ।

ਮੌਤ ਦੇ ਸੋਹਲੇ ਨਾ ਗਾਉਣ ਦਾ ਮਤਲਬ ਜੱਦੋ-ਜਹਿਦ ਤੋਂ ਭੱਜਣਾ ਨਹੀਂ ਹੁੰਦਾ। ਨਾਤਸੀਵਾਦ ਵਿਰੁਧ ਜੂਝਣ ਵਾਲ਼ਿਆਂ ਬਾਰੇ ਬਣੀ ਰੂਸੀ ਫ਼ਿਲਮ ਦਾ ਬੜਾ ਸੁਹਣਾ ਨਾਂ ਹੈ: 'ਉਹ ਮਰਨਾ ਨਹੀਂ ਸਨ ਚਾਹੁੰਦੇ'।

ਪੰਜਾਬੀਆਂ ਨਾਲ ਬੜੇ ਵੱਡੇ-ਵੱਡੇ ਸਾਕੇ ਵਾਪਰੇ ਹਨ। ਦੁੱਖ ਹੁੰਦਾ ਹੈ ਕਿ ਭਗਤ ਸਿੰਘ ਵਰਗਾ ਪ੍ਰਬੁੱਧ ਵਿਅਕਤੀ ਨਿੱਕੀ ਉਮਰੇ ਹੀ ਅਲੋਪ ਹੋ ਗਿਆ। ਇਹਨੇ 'ਮੈਂ ਨਾਸਤਿਕ ਕਿਉਂ ਹਾਂ' ਲੇਖ ਵਿਚ ਲਿਖਿਆ ਸੀ: 'ਮੈਂ ਆਪਣੀ ਜ਼ਿੰਦਗੀ ਆਦਰਸ਼ ਵਾਸਤੇ ਕੁਰਬਾਨ ਕਰ ਦੇਣੀ ਹੈ। ਇਸ ਤੋਂ ਬਿਨਾਂ ਮੈਨੂੰ ਹੋਰ ਕਾਹਦਾ ਧਰਵਾਸ ਹੈ? ਕਿਸੇ ਆਸਤਕ ਹਿੰਦੂ ਨੂੰ ਤਾਂ ਅਗਲੇ ਜਨਮ ਵਿਚ ਬਾਦਸ਼ਾਹ ਬਣਨ ਦੀ ਆਸ ਹੋ ਸਕਦੀ ਹੈ। ਕੋਈ ਮੁਸਲਮਾਨ ਜਾਂ ਈਸਾਈ ਅਪਣੀਆਂ ਔਕੜਾਂ ਤੇ ਕੁਰਬਾਨੀਆਂ ਬਦਲੇ ਸਵਰਗ ਦੀਆਂ ਐਸ਼ੋ-ਇਸ਼ਰਤਾਂ ਦੀ ਕਲਪਨਾ ਕਰ ਸਕਦਾ ਹੈ। ਪਰ ਮੈਂ ਕਿਸ ਗੱਲ ਦੀ ਆਸ ਰੱਖਾਂ? ਮੈਨੂੰ ਪਤਾ ਹੈ, ਜਿਸ ਪਲ ਮੇਰੇ ਗਲ ਵਿਚ ਫਾਂਸੀ ਦਾ ਰੱਸਾ ਪਿਆ ਤੇ ਮੇਰੇ ਪੈਰਾਂ ਹੇਠੋਂ ਤਖ਼ਤੇ ਖੋਲ੍ਹ ਦਿੱਤੇ ਗਏ, ਤਾਂ ਉਹ ਮੇਰਾ ਆਖ਼ਿਰੀ ਪਲ ਹੋਏਗਾ। ਮੇਰਾ ਜਾਂ ਵੇਦਾਂਤਕ ਬੋਲੀ 'ਚ ਆਖੀਏ, ਮੇਰੀ ਆਤਮਾ ਦਾ ਬਿਲਕੁਲ ਖ਼ਾਤਮਾ ਹੋ ਜਾਏਗਾ। ਇਸ ਪਲ ਪਿੱਛੋਂ ਕੁਝ ਵੀ ਨਹੀਂ ਹੋਣਾ। ਜੇ ਇਨਾਮ ਦੀ ਗੱਲ ਕਰਨ ਦਾ ਹੌਸਲਾ ਕਰਾਂ, ਤਾਂ ਸ਼ਾਨਦਾਰ ਅੰਤ ਤੋਂ ਵਾਂਝੀ ਜੱਦੋ-ਜਹਿਦ ਭਰੀ ਛੋਟੀ-ਜਿਹੀ ਜ਼ਿੰਦਗਾਨੀ ਹੀ ਮੇਰਾ ਇਨਾਮ ਹੋਏਗੀ। ਇਸ ਤੋਂ ਵਧ ਤਾਂ ਕੁਝ ਨਹੀਂ।'

ਤੁਰਕੀ ਕਵੀ ਨਾਜ਼ਮ ਹਿਕਮਤ ਦੀ ਰੁਬਾਈ ਹੈ: ਇਕ ਦਿਨ ਮਾਂ ਕੁਦਰਤ ਮੈਨੂੰ ਆਖੇਗੀ: ਬਸ ਕਰ ਹੁਣ, ਮੇਰੇ ਬੱਚੇ। ਤੇਰਾ ਹਾਸਾ ਵੀ ਮੁੱਕਿਆ ਤੇ ਹੰਝੂ ਵੀ। ਫੇਰ ਅਸਗਾਹ ਅਨੰਤ ਜ਼ਿੰਦਗੀ ਸ਼ੁਰੂ ਹੋਏਗੀ; ਨਾ ਦੇਖਣ, ਨਾ ਬੋਲਣ ਤੇ ਨਾ ਸੋਚਣ ਦੀ ਜ਼ਿੰਦਗੀ। - ਹਿਕਮਤ ਅਪਣੀ ਇਕ ਹੋਰ ਰੁਬਾਈ ਵਿਚ ਮੌਤ ਨੂੰ ਇੰਜ ਬਿਆਨ ਕਰਦਾ ਹੈ: ਅਲਵਿਦਾ ਦੁਨੀਆ। ਮਰਹਬਾ ਕਾਇਨਾਤ।

ਨਿਕਰਾਗੁਆ ਦਾ ਕਵੀ ਅਰਨੈਸਤੋ ਕਾਰਦੇਨਾਲ ਆਖਦਾ ਹੈ:

ਤਾਰਿਆਂ ਭਰੀ ਅਨੰਤ ਕਾਲੀ ਰਾਤ
ਇਕ ਦੂਜੇ ਨੂੰ ਪਿਆਰ ਕਰਦੇ ਇਨਸਾਨਾਂ ਨਾਲ ਭਰੀ
ਧਰਤੀ ਹੀ ਜੰਨਤ ਹੈ
ਇਹੀ ਖ਼ੁਦਾਈ ਸਲਤਨਤ ਹੈ
ਬੱਚੇ ਨੂੰ ਚੁੰਮਣਾ
ਘੁੱਟਵੀਂ ਗਲਵੱਕੜੀ ਚ ਬੱਝੇ ਔਰਤ-ਮਰਦ
ਹੱਥਾਂ ਨੂੰ ਦੁਲਾਰਦੇ ਹੱਥ
ਮੋਢੇ 'ਤੇ ਟਿਕੀ ਨਿੱਕੜੀ-ਜਿਹੀ ਹਥੇਲੀ
ਇਨਸਾਨ ਨੂੰ ਛੁਹ ਰਿਹਾ ਇਨਸਾਨ
ਇਨਸਾਨੀ ਚਮੜੀ ਨਾਲ ਇਨਸਾਨੀ ਚਮੜੀ
ਦੇ ਸੁਮੇਲ ਦਾ ਮਤਲਬ ਹੈ
ਕਾਮਰੇਡ
ਅਪਣੀ ਉਂਗ਼ਲ ਨਾਲ ਕਮਿਊਨਿਜ਼ਮ ਨੂੰ ਛੁਹਣਾ
ਜੰਨਤ ਨੂੰ ਛੁਹਣਾ।

## ਪੁਰਾਣਾ ਸ਼ਹਿਦ

***ਹਜ਼ਾਰਾਂ ਗੁੰਮਨਾਮ ਸੂਰਮਿਆਂ ਦੀਆਂ ਬਹੁਤ ਹੀ ਦਿਲਚਸਪ ਅਣਲਿਖੀਆਂ ਕਹਾਣੀਆਂ (ਜਿਨ੍ਹਾਂ ਵਿਚ ਸਿੱਖਿਆ ਵੀ ਹੈ, ਇਤਿਹਾਸ ਵੀ ਤੇ ਸਾਹਿਤ ਵੀ) ਨੂੰ ਪਾਠਕਾਂ ਤਕ ਪੁਜਦਾ ਕਰਨ ਲਈ ਅਸੀਂ ਇਹ ਨਵਾਂ ਕਾਲਮ 'ਪੁਰਾਣਾ ਸ਼ਹਿਦ' ਸ਼ੁਰੂ ਕਰਨ ਜਾ ਰਹੇ ਹਾਂ। ਸਾਨੂੰ ਆਸ ਹੈ ਕਿ ਪਾਠਕਾਂ ਵਲੋਂ ਭਰਪੂਰ ਹੁੰਗਾਰਾ ਮਿਲੇਗਾ। -ਸੰਪਾਦਕ***

# ਬਟਵਾਰੇ ਦੇ ਮਹਾਂ ਦੁਖਾਂਤ ਦੀਆਂ ਜੜ੍ਹਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦਿਆਂ-2

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

ਪੰਜਾਬ ਦੀ ਵੰਡ ਅਤੇ ਉਸ ਸਮੇਂ ਹੋਏ ਕਤਲੇਆਮ ਦੇ ਸਿਲਸਿਲੇ ਵਿਚ ਪੰਜਾਬੀ ਸ਼ਾਇਰ ਤੇ ਦਾਨਿਸ਼ਵਰ ਅਮਰਜੀਤ ਚੰਦਨ ਨੇ ਆਪਣੀਆਂ ਲਿਖਤ ਸੰਨ ਸੰਤਾਲੀ ਦੇ ਗੁਨਾਹਾਂ ਦਾ ਲੇਖਾ ਵਿਚ ਇਹ ਸਵਾਲ ਉਠਾਇਆ ਹੈ ਕਿ ਪੰਜਾਬੀਆਂ ਨੇ ਕਦੀ ਵੀ 1947 ਵਿਚ ਕੀਤੇ ਕਤਲੇਆਮ, ਜਬਰ-ਜਨਾਹ ਤੇ ਹਿੰਸਾ ਦਾ ਕੁਫ਼ਾਰਾ ਕਿਉਂ ਨਹੀਂ ਕੀਤਾ। ਜਿੱਥੇ ਸਿੱਖ ਕਤਲੇਆਮ ਤੇ ਜਬਰ-ਜਨਾਹ ਦੀਆਂ ਘਟਨਾਵਾਂ ਵਿਚ ਆਮ ਲੋਕ ਸ਼ਾਮਲ ਸਨ, ਉਥੇ ਇਸ ਨੂੰ ਰੂਪ ਦੇਣ ਵਿਚ ਮੁਸਲਿਮ, ਸਿੱਖ ਤੇ ਹਿੰਦੂ ਸਿਆਸੀ ਆਗੂਆਂ, ਹਰ ਫਿਰਕੇ ਦੀ ਨੌਕਰਸ਼ਾਹੀ, ਸਿਆਸੀ ਕਾਰਕੁਨਾਂ, ਰਾਜੇ-ਰਜਵਾੜਿਆਂ, ਫ਼ੌਜ 'ਚੋਂ ਵਾਪਸ ਆਏ ਸੈਨਿਕਾਂ ਤੇ ਅਫ਼ਸਰਾਂ, ਸਥਾਨਕ ਗੁੰਡਿਆਂ, ਸਭ ਨੇ ਅਹਿਮ ਭੂਮਿਕਾਵਾਂ ਨਿਭਾਈਆਂ; ਉਨ੍ਹਾਂ 'ਚੋਂ ਕਿਸੇ ਨੇ ਵੀ ਕਦੀ ਵੀ ਨਾ ਤਾਂ ਆਪਣੇ ਗੁਨਾਹਾਂ ਦਾ ਇਕਬਾਲ ਕੀਤਾ ਅਤੇ ਪਛਤਾਵਾ ਪ੍ਰਗਟ ਕੀਤਾ ਅਤੇ ਨਾ ਹੀ ਸਰਕਾਰਾਂ ਜਾਂ ਸਮਾਜ ਨੇ ਅਜਿਹੇ ਅਸਮਾਜਿਕ ਤੇ



**ਸਵਰਾਜਬੀਰ**
**ਫੋਨ: 98560-02003**

ਹਿੰਸਕ ਤੱਤਾਂ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ। ਇਸ ਤੋਂ ਉਲਟ ਅਜਿਹਾ ਕਰਨ ਵਾਲਿਆਂ ਨੂੰ ਸਮਾਜਿਕ ਪੱਧਰ 'ਤੇ ਨਾਇਕ ਮੰਨ ਲਿਆ ਗਿਆ ਜਿਸ ਦੀ ਦਿਲ ਹਲੂਣਵੀਂ ਤਸਵੀਰਕਸ਼ੀ ਗੁਰਦੇਵ ਸਿੰਘ ਰੁਪਾਣਾ ਨੇ ਆਪਣੀ ਕਹਾਣੀ 'ਸ਼ੀਸ਼ਾ' ਵਿਚ ਕੀਤੀ ਹੈ ਜਿਸ ਵਿਚ ਪਿੰਡ ਦੇ ਇਕ ਸ਼ਖ਼ਸ ਦੁਆਰਾ ਕਿਸੇ ਕਾਫ਼ਲੇ ਵਿਚ ਹੋਏ ਕਤਲੇਆਮ ਤੋਂ ਬਾਅਦ ਬਚ ਗਏ ਬੱਚਿਆਂ ਨੂੰ ਬੱਕਰੇ-ਬੱਕਰੀਆਂ ਵਾਂਗ ਮਾਰਨ ਨੂੰ ਪੁੰਨ ਦਾ ਕਾਰਜ ਮੰਨ ਲਿਆ ਗਿਆ। ਇਸ ਸੰਬੰਧ ਵਿਚ ਅਮਰਜੀਤ ਚੰਦਨ ਨੇ ਲਿਖਿਆ ਹੈ, "ਪੰਜਾਬੀ ਲੋਕਾਂ ਦੇ ਸਿਰ 'ਤੇ ਸੰਤਾਲੀ ਦੇ ਗੁਨਾਹਾਂ ਦਾ ਪਿਆ ਭਾਰ ਕਫ਼ਾਰਾ ਕਰਨ, ਭੁੱਲ ਬਖ਼ਸ਼ਾਣ ਨਾਲ ਹੀ ਹਟ ਸਕਦਾ ਹੈ।" ਉਸਨੇ ਕਰਮ ਸਿੰਘ ਮੁਹੰਮਦ, ਖੁਰਸ਼ੀਦ ਖਾਨ, ਗੰਗਵੀਰ, ਜੀਵਨ ਸਿੰਘ ਉਮਰਾਨੰਗਲ ਆਦਿ ਦੀਆਂ ਉਦਾਹਰਣਾਂ ਦਿੱਤੀਆਂ ਹਨ, ਉਹ ਬੰਦੇ ਜਿਨ੍ਹਾਂ ਨੇ ਸੰਤਾਲੀ ਦੇ ਗੁਨਾਹਾਂ ਦਾ ਇਕਬਾਲ ਕੀਤਾ ਤੇ ਮੁਆਫ਼ੀ ਮੰਗੀ। ਇਸ ਲੇਖ ਬਾਰੇ ਵੱਖ-ਵੱਖ ਦਾਨਿਸ਼ਵਰਾਂ ਦੇ ਖ਼ਿਆਲ ਪ੍ਰੀਤਨਗਰ ਤੋਂ ਛਪਦੇ ਰਸਾਲੇ ਪ੍ਰੀਤ ਲੜੀ ਅਤੇ ਲਾਹੌਰ ਤੋਂ ਛਪਦੇ ਬਾਰਾਂਮਾਂਹ ਵਿਚ ਛਪੇ ਸਨ। ਹਰੀਸ਼ ਪੁਰੀ ਹੋਰਾਂ ਲਿਖਿਆ ਸੀ, "ਚੜ੍ਹਦੇ ਤੇ ਲਹਿੰਦੇ ਪੰਜਾਬ ਵਿਚ ਦੋਵੇਂ ਪਾਸੇ ਇਲਜ਼ਾਮ ਦੂਜੇ ਦੇ ਗਲ ਮੜ੍ਹ ਕੇ ਜੁਰਮ ਤੋਂ ਪਾਸਾ ਵੱਟਣ ਜਾਂ ਆਪਣੇ ਆਪ ਨੂੰ ਬਰੀ ਕਰਨ ਦੀ ਕੋਸ਼ਿਸ਼ ਕਰਦੇ ਰਹੇ ਹਾਂ। ਕਿੰਨਾ ਸੌਖਾ ਹੁੰਦਾ ਹੈ-ਦੂਜੇ ਸਿਰ ਪਹਿਲ ਦਾ ਇਲਜ਼ਾਮ ਲਾ ਕੇ ਆਪਣੇ ਪਾਗਲਪਨ ਜਾਂ ਚਿੱਟੇ-ਸਾਫ ਸਮੂਹਕ ਜੁਰਮ ਨੂੰ ਬਦਲੇ ਦੀ ਕਾਰਵਾਈ ਵਜੋਂ ਜਾਇਜ਼ ਕਰਾਰ ਦੇਣਾ ਤੇ ਆਪਣੀ ਜ਼ਮੀਰ 'ਤੇ ਕੋਈ ਭਾਰ ਨਾ ਪੈਣ ਦੇਣਾ।" ਇਤਿਹਾਸਕਾਰ ਮਹਿੰਦਰ ਸਿੰਘ ਦਾ ਕਹਿਣਾ ਸੀ, "ਮੇਰਾ ਨਹੀਂ ਖ਼ਿਆਲ ਕਿ ਓਦੋਂ ਦੇ ਕੀਤੇ ਪਾਪਾਂ ਵਾਸਤੇ ਮੁਸਲਮ ਲੀਗੀ, ਮਹਾਸਭਾਈ ਜਾਂ ਅਕਾਲੀਆਂ ਦਾ ਕੋਈ ਨੁਮਾਇੰਦਾ ਅੱਗੇ ਹੋ ਕੇ ਮੁਆਫ਼ੀ ਮੰਗਣ ਦਾ ਹੌਸਲਾ ਕਰੇਗਾ।"

ਸੁਕੀਰਤ ਆਨੰਦ ਦਾ ਨਿਰਣਾ ਸਹੀ ਸੀ/ਹੈ, "ਦੋਹਾਂ ਪਾਸਿਆਂ ਦੇ ਹੁਕਮਰਾਨਾਂ ਨੂੰ ਇਹ ਸਭ ਫਰੋਲਣਾ (ਕਫ਼ਾਰਾ ਕਰਨਾ ਤਾਂ ਦੂਰ ਦੀ ਗੱਲ ਏ) ਗਵਾਰਾ ਹੀ ਨਾ ਹੋਵੇ।" ਮੈਂ ਆਪਣੇ ਜਵਾਬ ਵਿਚ ਚੰਦਨ ਦੇ ਇਨ੍ਹਾਂ ਸ਼ਬਦਾਂ ਵੱਲ ਧਿਆਨ ਖਿੱਚਿਆ ਸੀ, "ਉਹ (ਅਮਰਜੀਤ ਚੰਦਨ) ਆਪਣੇ ਲੇਖ ਵਿਚ ਆਪ ਹੀ ਨਿਤਾਰਾ ਕਰਦਾ ਹੈ ਕਿ ਜੇ ਪੰਜਾਬੀ ਕਿਤੇ ਰਲ ਬਹਿਣ ਬਾਰੇ ਸੋਚਣ ਵੀ ਤਾਂ ਸਾਰੇ ਰਲ ਕੇ ਬੈਠਣਗੇ ਕਿਹੜੀ ਥਾਂ? ਉਹ ਥਾਂ ਕਿੱਥੇ ਹੈ।" ਚੰਦਨ ਅਨੁਸਾਰ, "ਪੰਜਾਬੀ ਕੌਮ ਦਾ ਲੱਜਪਾਲ ਕੋਈ ਨਹੀਂ...ਵਾਹਗੇ ਦੇ ਦੋਹਵੀਂ ਪਾਸੀਂ ਪੰਜਾਬੀ ਹੁਕਮਰਾਨ ਜਮਾਤਾਂ ਨੇ ਉਹਦੀ (ਸਾਡੇ ਮਜਮੂਈ ਸ਼ਊਰ/ਸਮਾਜਿਕ ਸਮਝ/ਕਲੈਕਟਿਵ ਕੌਨਸ਼ਿਅਸ ਦੀ) ਸੂਰਤ ਆਪਣੇ ਵਰਗੀ ਕੁਹਜੀ ਬਣਾ ਛੱਡੀ ਏ। ਮੇਰਾ ਮੰਨਣਾ ਹੈ ਕਿ, "ਅਸੀਂ ਹੁਣ ਉਸ ਕੁਹਜ ਦੇ ਸਹਾਰੇ ਜੀਂਦੇ ਹਾਂ।...ਸਾਡੀ (ਪੰਜਾਬੀ) ਕੌਮ ਦੇ ਨਕਸ਼ ਹਮੇਸ਼ਾ ਅਧੂਰੇ ਰਹਿੰਦੇ ਹਨ। ਕਈ ਕੌਮਾਂ ਦੀ ਹੋਣੀ ਵਿਚ ਏਹੀ ਲਿਖਿਆ ਹੁੰਦਾ ਹੈ।" ਵੰਡ ਤੇ ਵੰਡ ਬਾਅਦ ਦੀ ਸੂਰਤ-ਏ-ਹਾਲ ਬਾਰੇ ਲਿਖੇ ਗੀਤ 'ਉਮਰਾਂ ਲੰਘੀਆਂ ਪੱਬਾਂ ਭਾਰ' ਦੇ ਲਿਖਣਹਾਰ ਮਜ਼ਹਰ ਤਿਰਮਜ਼ੀ ਅਨੁਸਾਰ 'ਲੱਖਾਂ ਬੇਉਜ਼ਰ, ਬੇਗੁਨਾਹ ਪੰਜਾਬੀਆਂ ਦੇ ਕਤਲੇਆਮ' ਦਾ ਸਵਾਸ ਪੌਣੀ ਸਦੀ ਮਗਰੋਂ ਸਾਡੇ ਜ਼ਮੀਰ ਦਾ ਸਵਾਲ ਬਣ ਗਿਆ ਹੈ।"

ਅਮਰਜੀਤ ਚੰਦਨ ਦੀ ਲਿਖਤ ਤੇ ਸਾਡੇ ਜਵਾਬ ਭਾਵੁਕ ਸਨ; ਗੁਨਾਹਾਂ ਦੇ ਕਫ਼ਾਰੇ ਦਾ ਸਵਾਲ ਡਾਢਾ ਔਖਾ ਏ, ਪੰਜਾਬੀਆਂ ਲਈ ਏਦਾਂ ਕਰਨਾ ਨਾ ਤੇ ਸੌਖਾ ਏ ਅਤੇ ਨਾ ਹੀ ਮੁਮਕਿਨ। ਸਭ ਤੋਂ ਤਕਲੀਫ਼ਦੇਹ ਗੱਲ ਇਹ ਹੈ ਕਿ ਪੰਜਾਬੀਆਂ ਨੇ ਉਨ੍ਹਾਂ ਗੁਨਾਹਾਂ ਦਾ ਕੁਫ਼ਾਰਾ ਤਾਂ ਕੀ ਕਰਨਾ ਏ, ਉਨ੍ਹਾਂ ਕੋਲ ਇਸ ਸਵਾਲ ਬਾਰੇ ਸੋਚਣ ਦੀ ਵਿਹਲ ਹੀ ਨਹੀਂ। ਸਰਮਾਏ ਤੇ ਫ਼ਿਰਕਾਪ੍ਰਸਤੀ ਦੇ ਨਿਜ਼ਾਮ ਨੇ ਲੋਕਾਂ ਦੀ ਰੱਤ ਵਿਚ ਲਾਲਚ, ਨਫ਼ਰਤ ਤੇ ਹਿੰਸਾ ਘੋਲ ਛੱਡੀ ਏ।

ਇਸ ਸੰਬੰਧ ਵਿਚ ਜੋਗਿੰਦਰ ਸਿੰਘ ਤੂਰ ਦੇ ਦੋਸਤ ਤੇ ਇਹ ਕਿਤਾਬ ਲਿਖਣ ਦੇ ਪ੍ਰੇਰਕ ਪੰਜਾਬੀ ਦਾਨਿਸ਼ਵਰ ਰਾਜਿੰਦਰ ਸਿੰਘ ਚੀਮਾ ਇਕ ਮਹੱਤਵਪੂਰਨ ਸਵਾਲ ਇਹ ਉਠਾਉਂਦੇ ਹਨ ਕਿ ਜਦੋਂ ਇਕ ਸਮਾਜ ਅਜਿਹਾ ਭਿਆਨਕ ਕਤਲੇਆਮ ਕਰਨ ਵਾਲਿਆਂ ਨੂੰ ਮੁਆਫ਼ ਕਰ ਦਿੰਦਾ ਹੈ ਤਾਂ ਸਮੂਹਕ ਕਤਲੇਆਮ ਕਰਨ ਦੀ ਵਾਜਬੀਅਤ ਤੇ ਉਸਦੀ ਮੁਆਫ਼ੀ ਉਸ ਸਮਾਜ ਦੇ ਸਮੂਹਕ ਅਵਚੇਤਨ ਅਤੇ ਚੇਤਨਤਾ ਵਿਚ ਦਾਖਲ ਹੋ ਕੇ ਸਮਾਜ ਦੀ ਸਮੂਹਕ ਸੋਚ-ਸਮਝ ਦਾ ਹਿੱਸਾ ਬਣ ਜਾਂਦੀ ਹੈ; ਇਸ ਕਾਰਨ ਸਮਾਜ ਦੀ ਸਮੂਹਿਕ ਸੋਚ-ਸਮਝ ਵਿਚ ਅਜਿਹੇ ਵਿਗਾੜ ਪੈਦਾ ਹੋ ਜਾਂਦੇ ਹਨ ਜਿਨ੍ਹਾਂ ਦਾ ਲੋਕਾਂ ਦੇ ਸਮਾਜ ਨੂੰ ਸਮਝਣ ਅਤੇ ਉਸ ਵਿਚ ਵਿਚਰਨ ਦੇ ਢੰਗ-ਤਰੀਕਿਆਂ 'ਤੇ ਮਾਰੂ ਅਸਰ ਪੈਂਦਾ ਹੈ; ਇਹੋ ਜਿਹਾ ਸਮਾਜ ਹਿੰਸਾ ਨੂੰ ਸਵੀਕਾਰ ਕਰ ਲੈਣ ਵਾਲਾ ਸਮਾਜ ਬਣ ਜਾਂਦਾ ਹੈ। ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਸਮਾਜ ਅਜਿਹੇ ਹੀ ਸਮਾਜ ਹਨ; ਇਨ੍ਹਾਂ ਵਿਚ ਹਿੰਸਾ ਨੂੰ ਮਰਦਾਨਗੀ ਦਾ ਸਬੂਤ ਮੰਨ ਲਿਆ ਗਿਆ ਹੈ।

ਲਹਿੰਦੇ ਪੰਜਾਬ ਵਿਚ ਬਣੀਆਂ ਪੰਜਾਬੀ ਫਿਲਮਾਂ ਅਤੇ ਚੜ੍ਹਦੇ ਪੰਜਾਬ ਵਿਚ ਹਿੰਸਾ, ਹਥਿਆਰਾਂ, ਮਰਦ ਪ੍ਰਧਾਨ ਸੋਚ ਤੇ ਮਸਨੂਈ ਜੱਟਵਾਦ ਦਾ ਜਸ਼ਨ ਮਨਾਉਂਦੇ ਹੋਏ ਗੀਤ ਇਸ ਦਾ ਉਦਾਹਰਣ ਹਨ। ਚੜ੍ਹਦੇ ਪੰਜਾਬ ਵਿਚ ਤਾਂ ਅਜਿਹੇ ਗਾਇਕਾਂ ਨੂੰ ਵੀ ਲੋਕ-ਨਾਇਕ ਮੰਨ ਲਿਆ ਗਿਆ ਹੈ।

ਪ੍ਰਸ਼ਨ ਇਹ ਹੈ ਕਿ ਸਮੂਹਿਕ ਕਤਲੇਆਮ 'ਚੋਂ ਗੁਜ਼ਰਨ ਵਾਲਾ ਸਮਾਜ ਜੇ ਆਪਣੇ ਗੁਨਾਹਾਂ ਦੀ ਪੜਚੋਲ ਤੇ ਉਸ ਦਾ ਕੁਫ਼ਾਰਾ ਨਹੀਂ ਕਰਦਾ ਤਾਂ ਉਸਦੇ ਭਾਈਚਾਰਕ ਵਿਕਾਸ ਦੀ ਦਿਸ਼ਾ ਕੀ ਹੋਵੇਗੀ। ਚੜ੍ਹਦੇ ਪੰਜਾਬ ਵਿਚ 1980ਵਿਆਂ ਵਿਚ ਸਰਕਾਰੀ ਤਸ਼ੱਦਦ ਕਰਨ ਵਾਲਿਆਂ ਅਤੇ 1984 ਵਿਚ ਸਿੱਖਾਂ ਦਾ ਕਤਲੇਆਮ ਕਰਨ ਵਾਲਿਆਂ ਨੂੰ ਸਜ਼ਾਵਾਂ ਨਾ ਮਿਲਣ ਦੇ ਵਰਤਾਰੇ ਦੀ ਚਰਚਾ ਤਾਂ ਹੁੰਦੀ ਹੈ ਪਰ ਅੱਤਵਾਦੀ ਹਿੰਸਾ ਦਾ ਸ਼ਿਕਾਰ ਹੋਏ ਨਿਹੱਥੇ ਹਿੰਦੂਆਂ ਅਤੇ ਉਨ੍ਹਾਂ ਦੇ ਉਜਾੜੇ ਨੂੰ ਉਨ੍ਹਾਂ ਬਿਰਤਾਂਤਾਂ 'ਚੋਂ ਮਨਫ਼ੀ ਕਰ ਦਿੱਤਾ ਜਾਂਦਾ ਹੈ। 1980ਵਿਆਂ ਦੇ ਸੰਤਾਪ ਦੀ ਆਪੋ-ਆਪਣੀ ਇਤਿਹਾਸਕਾਰੀ ਕਰਨ ਵਾਲਿਆਂ ਵਿਰੋਧੀ ਧਿਰਾਂ ਇਹ ਵੀ ਨਹੀਂ ਸੋਚਦੀਆਂ ਕਿ 1980ਵਿਆਂ 'ਚ ਹੋਈ ਹਿੰਸਾ ਦੀਆਂ ਜੜ੍ਹਾਂ 1946-47 ਵਿਚ ਹੋਈ ਹਿੰਸਾ ਵਿਚ ਪਈਆਂ ਹਨ। 1980ਵਿਆਂ 'ਚ ਹੋਈ ਹਿੰਸਾ ਉਸ ਸਮਾਜ ਵਿਚ ਹੋਈ, ਜਿਸ ਨੇ 1946-47 ਵਿਚ ਹੋਈ ਹਿੰਸਾ ਅਤੇ ਉਹ ਹਿੰਸਾ ਕਰਨ ਵਾਲਿਆਂ ਨੂੰ ਮੁਆਫ਼ ਕਰ ਦਿੱਤਾ, ਉਸ ਨੂੰ ਆਪਣੇ ਸਮੂਹਿਕ ਅਵਚੇਤਨ ਤੇ ਸੋਚ-ਸਮਝ ਦਾ ਹਿੱਸਾ ਬਣਾ ਲਿਆ, ਉਸ ਨੂੰ ਇਵੇਂ ਆਤਮ-ਸਾਤ ਕੀਤਾ ਜਿਵੇਂ ਉਹ ਹਿੰਸਾ ਬਾਹਰੋਂ ਆਏ ਕੁਝ ਬੰਦਿਆਂ ਨੇ ਕੀਤੀ ਹੋਵੇ ਜਾਂ ਰੱਬੀ ਕਹਿਰ ਹੋਇਆ ਹੋਵੇ ਤੇ ਉਸ ਵਿਚ ਪੰਜਾਬੀਆਂ ਦੀ ਕੋਈ ਭੂਮਿਕਾ ਨਾ ਹੋਵੇ।

1947 ਵਿਚ ਮਹਾਤਮਾ ਗਾਂਧੀ ਇਕੱਲੇ ਸੀ, ਜਿਵੇਂ 1985 ਵਿਚ ਸੰਤ ਹਰਚੰਦ ਸਿੰਘ ਲੌਂਗੋਵਾਲ ਇਕੱਲੇ ਸਨ। ਜਦੋਂ ਸਮਾਜ ਭਿਆਨਕ ਕਤਲੇਆਮ ਨੂੰ ਮੁਆਫ਼ ਕਰਦਾ ਹੈ ਤਾਂ ਨਾਲ ਨਾਲ ਉਹ ਇਕ ਸਮੂਹਿਕ ਸਿਮਰਤੀ-ਲੋਪੋ/ਵਿਸਿਮਰਤੀ (Collective Amnesia) ਵੀ ਸਿਰਜਦਾ ਹੈ ਜਿਸ ਵਿਚ ਉਸ ਕਤਲੇਆਮ ਨੂੰ ਸਮਾਜ ਦੀ ਸਮੂਹਿਕ ਸੋਚ-ਸਮਝ ਵਿਚੋਂ ਮਨਫ਼ੀ ਕਰ ਦਿੱਤਾ ਜਾਂਦਾ ਹੈ, ਜਿਵੇਂ ਉਹ ਹੋਇਆ ਹੀ ਨਾ ਹੋਵੇ; ਯਾਦ ਕਰਨ ਦਾ ਅਧਾਰ ਨਿੱਜੀ ਹੋ ਜਾਂਦਾ, ਜਿਵੇਂ ਜੋਗਿੰਦਰ ਸਿੰਘ ਤੂਰ ਦੀ ਕਿਤਾਬ ਦੇ ਪਹਿਲੇ ਦੋ ਅਧਿਆਵਾਂ ਵਿਚ ਹੈ।

ਇਹ ਸਵਾਲ ਵੀ ਉੱਭਰਦੇ ਹਨ ਕਿ ਵੰਡ ਦੇ ਜ਼ਖ਼ਮਾਂ ਨੂੰ ਜ਼ਬਾਨ ਏਨੀ ਦੇਰ ਬਾਅਦ ਕਿਉਂ ਮਿਲੀ? ਕਿਉਂ ਉਸ ਮਹਾਂ-ਦੁਖਾਂਤ ਦੀ ਯਾਦ ਅੰਮ੍ਰਿਤਾ ਪ੍ਰੀਤਮ, ਸਆਦਤ ਹਸਨ ਮੰਟੋ, ਯਸ਼ਪਾਲ, ਭੀਸ਼ਮ ਸਾਹਨੀ, ਸੋਹਨ ਸਿੰਘ ਸੀਤਲ, ਨਾਨਕ ਸਿੰਘ, ਸੰਤ ਸਿੰਘ ਸੇਖੋਂ, ਉਸਤਾਦ ਦਾਮਨ, ਅਬਦੁੱਲਾ ਹੁਸੈਨ, ਅਹਿਮਦ ਰਾਹੀ ਤੇ ਹੋਰ ਲੇਖਕਾਂ ਦੀਆਂ ਲਿਖਤਾਂ ਵਿਚ ਉੱਭਰਣ ਦੇ ਬਾਵਜੂਦ ਉਸਦਾ ਮਹੱਤਵ ਚੜ੍ਹਦੇ ਤੇ ਲਹਿੰਦੇ ਪੰਜਾਬ ਦੀ ਸਮੂਹਿਕ ਯਾਦ 'ਚੋਂ ਘਟਦਾ ਗਿਆ; ਕਿਉਂ



*ਅਮਰਜੀਤ ਚੰਦਨ।*

ਚੜ੍ਹਦੇ ਤੇ ਲਹਿੰਦੇ ਪੰਜਾਬ ਨੇ ਉਸ ਕਤਲੋਗਾਰਤ ਦਾ ਲੇਖਾ ਜੋਖਾ ਨਹੀਂ ਕੀਤਾ ਅਤੇ ਕਤਲੋਗਾਰਤ ਕਰਨ ਵਾਲਿਆਂ ਨੂੰ ਨਾ ਸਿਰਫ਼ ਮੁਆਫ਼ ਕੀਤਾ, ਸਗੋਂ ਉਹ ਸਿਆਸੀ ਤੇ ਸਮਾਜਿਕ ਆਗੂ ਵੀ ਬਣੇ। ਏਥੇ ਇਹ ਸਵਾਲ ਵੀ ਉਭਰਦਾ ਹੈ ਕਿ 1947 ਦੀ ਕਤਲੋਗਾਰਤ ਨੂੰ ਵਿਸਮਰਤੀ ਦੇ ਖੱਡੇ ਵਿਚ ਏਨਾ ਡੂੰਘਾ ਕਿਉਂ ਧੱਕ ਦਿੱਤਾ ਗਿਆ ਕਿ 1950ਵਿਆਂ ਤੇ 1960ਵਿਆਂ ਵਿਚ ਉਹ ਸਿਮਰਤੀ ਸਮਾਜ ਦੀ ਸਮੂਹਿਕ ਸੋਚ-ਸਮਝ 'ਚੋਂ ਵੀ ਗਾਇਬ ਰਹੀਆਂ ਅਤੇ ਸਿਆਸੀ ਤੇ ਸਮਾਜਿਕ ਪ੍ਰਵਚਨਾਂ 'ਚੋਂ ਵੀ।

ਅਕਾਦਮਿਕ ਦਾਇਰਿਆਂ ਵਿਚ 1980ਵਿਆਂ ਵਿਚ ਅਤੇ ਚੜ੍ਹਦੇ ਤੇ ਲਹਿੰਦੇ ਪੰਜਾਬ ਵਿਚ ਇੱਕੀਵੀਂ ਸਦੀ ਵਿਚ ਹੀ ਉਸ ਕਤਲੋਗਾਰਤ ਨੂੰ ਸਮਾਜ ਦੀ ਸਮੂਹਿਕ ਸਮਝ ਦੇ ਕੇਂਦਰ ਵਿਚ ਲਿਆਉਣ ਦੀ ਕੋਸ਼ਿਸ਼ ਕੀਤੀ ਗਈ; ਇਸ ਵਿਚ ਉਰਵਸ਼ੀ ਬੁਟਾਲੀਆ (ਕਿਤਾਬ ਅਦਰ ਸਾਈਡ ਆਫ ਸਾਈਲੈਂਸ), ਰਿਤੂ ਮੈਨਨ ਤੇ ਕਮਲਾ ਭਸੀਨ (ਕਿਤਾਬ ਬਾਰਡਰਜ਼ ਐਂਡ ਬਾਉਂਡਰੀਜ਼) ਅਤੇ ਕੁਝ ਹੋਰ ਇਤਿਹਾਸਕਾਰਾਂ ਨੇ ਨਿੱਜੀ ਗਵਾਹੀਆਂ ਦੇ ਆਧਾਰ 'ਤੇ ਨਵੀਂ ਤਰ੍ਹਾਂ ਦੀ ਇਤਿਹਾਸਕਾਰੀ ਆਰੰਭੀ।

ਇਸ਼ਤਿਆਕ ਅਹਿਮਦ ਨੇ ਆਪਣੀ ਕਿਤਾਬ 'ਪੰਜਾਬ' ਵਿਚ ਹਜ਼ਾਰ ਤੋਂ ਵੱਧ ਲੋਕਾਂ ਦੀਆਂ ਗਵਾਹੀਆਂ ਦਰਜ ਕੀਤੀਆਂ ਅਤੇ ਇਹ ਥੀਸਸ ਪੇਸ਼ ਕੀਤਾ ਕਿ ਵੰਡ ਦਾ ਸਮਾਂ ਅਰਾਜਕਤਾ ਦਾ ਸਮਾਂ ਸੀ, ਜਿਸ ਵਿਚ ਕਈ ਤਰ੍ਹਾਂ ਦੇ ਸਿਆਸੀ ਸਮੀਕਰਣ ਬਣੇ ਤੇ ਟੁੱਟੇ; ਇਸ਼ਤਿਆਕ ਅਹਿਮਦ ਦੀ ਸਭ ਤੋਂ ਮਹੱਤਵਪੂਰਨ ਦੇਣ ਸਾਡਾ ਧਿਆਨ ਪੰਜਾਬ ਦੇ ਪਿੰਡਾਂ ਦੇ ਛੋਟੇ ਸਭਿਆਚਾਰਾਂ (little culture) ਵੱਲ ਦਿਵਾਉਣਾ ਹੈ ਜਿਨ੍ਹਾਂ ਵਿਚ ਪਿੰਡਾਂ ਵਿਚ ਪਣਪੀ ਸਾਂਝ ਦੇ ਕਈ ਨਿਸ਼ਾਨਾਂ ਵੱਲ ਧਿਆਨ ਦਿਵਾਇਆ ਗਿਆ ਕਿ ਕਿਵੇਂ ਪਿੰਡਾਂ ਵਿਚ ਵੈਦ, ਹਕੀਮ, ਪੰਡਿਤ, ਨਜੂਮੀ, ਲੋਕ-ਗਾਇਕ, ਤੇਲੀ, ਮੋਚੀ, ਮਾਸ਼ਕੀ, ਗੁਰਦੁਆਰੇ, ਦਰਗਾਹਾਂ ਆਦਿ ਸਭ ਦੇ ਸਾਂਝੇ ਸਨ ਅਤੇ ਸ਼ਹਿਰਾਂ ਵਿਚ ਪਣਪੇ ਉਚੇਰੇ ਸਭਿਆਚਾਰ (High Culture) ਵਿਚ ਪਣਪੀ ਸਿਆਸਤ ਨੇ ਪਿੰਡਾਂ ਤੇ ਪੰਜਾਬ ਦੀ ਸਾਂਝੀਵਾਲਤਾ ਦੇ ਤਾਣੇ-ਬਾਣੇ ਨੂੰ ਲੀਰੋ-ਲੀਰ ਕਰ ਦਿੱਤਾ।

ਸਾਂਵਲ ਧਾਮੀ ਅਤੇ ਹੋਰ ਕਈ ਲੇਖਕਾਂ, ਪੱਤਰਕਾਰਾਂ ਤੇ ਇਤਿਹਾਸਕਾਰਾਂ ਨੇ ਗਵਾਹੀਆਂ ਦਰਜ ਕਰਨ ਦੀ ਰਵਾਇਤ ਨੂੰ ਵਧਾਇਆ ਹੈ ਪਰ ਸਵਾਲ ਕਾਇਮ ਰਹੇਗਾ ਕਿ ਵੰਡ ਤੋਂ ਬਾਅਦ ਦੇ ਕੁਝ ਦਹਾਕਿਆਂ ਵਿਚ ਚੜ੍ਹਦੇ ਤੇ ਲਹਿੰਦੇ ਪੰਜਾਬ ਨੇ ਸਮੂਹਿਕ ਰੂਪ ਵਿਚ ਵੰਡ ਦੇ ਦੁਖਾਂਤ ਦੀਆਂ ਯਾਦਾਂ ਤੋਂ ਪਰ੍ਹੇ ਹਟਣ ਅਤੇ ਹਟਾਉਣ ਦੀ ਕੋਸ਼ਿਸ਼ ਕੀਤੀ। ਦਲੀਲ ਦਿੱਤੀ ਜਾ ਸਕਦੀ ਹੈ ਕਿ ਅਜਿਹੀ ਕਤਲੋਗਾਰਤ ਤੇ ਦੁਖਾਂਤ 'ਚੋਂ ਗੁਜ਼ਰੇ ਸਮਾਜ ਦੀ ਮਾਨਸਿਕਤਾ ਏਨੀ ਜ਼ਖ਼ਮੀ ਹੋ ਗਈ ਹੋਵੇਗੀ ਕਿ ਉਹ ਇਸ ਨੂੰ ਚੇਤਨ ਰੂਪ ਵਿਚ ਯਾਦ ਨਹੀਂ ਕਰਨਾ ਚਾਹੁਣਗੇ ਪਰ ਇਸ ਦੇ ਨਾਲ ਨਾਲ ਇਸ ਤੱਥ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਉਹ ਕਤਲੋਗਾਰਤ ਦੀ ਦਰਿੰਦਗੀ ਸਮਾਜ ਦੇ ਸਮੂਹਿਕ ਅਵਚੇਤਨ ਵਿਚ ਹਮੇਸ਼ਾ ਹਾਜ਼ਰ ਰਹੇਗੀ। ਜੋਗਿੰਦਰ ਸਿੰਘ ਤੂਰ ਹੋਰੀਂ ਵੀ ਇਸ ਕਿਤਾਬ ਵਿਚ ਨਿੱਜੀ ਦੁੱਖ ਨੂੰ ਬਹੁਤ ਸੰਖੇਪਤਾ ਨਾਲ ਪੇਸ਼ ਕਰਦੇ ਹਨ।

ਉਨ੍ਹਾਂ ਦੇ ਤਾਏ ਦੇ ਪਰਿਵਾਰ ਦੇ ਅੱਧੇ ਤੋਂ ਵੱਧ ਜੀਅ ਕਤਲੋਗਾਰਤ ਦਾ ਸ਼ਿਕਾਰ ਹੋਏ; ਉਸ ਬਾਰੇ ਕੁਝ ਸਤਰਾਂ ਹਨ; ਉਨ੍ਹਾਂ ਸਤਰਾਂ ਵਿਚ ਉਸ ਦੁੱਖ ਦੀ ਅਕਹੀ ਦਾਸਤਾਨ ਪਈ ਹੈ ਜਿਹੜੀ ਕਦੇ ਵੀ ਪੂਰੀ ਤਰ੍ਹਾਂ ਲਿਖੀ ਨਹੀਂ ਜਾ ਸਕਦੀ। ਇੱਥੇ ਇਹ ਵੀ ਧਿਆਨ ਦੇਣ ਯੋਗ ਹੈ ਕਿ ਜਿਹੜੇ ਸਮਾਜ ਆਪਣੇ ਫ਼ਰਦਾਂ ਦੁਆਰਾ ਕੀਤੀ ਗਈ ਕਤਲੋਗਾਰਤ ਨੂੰ ਵਿਸਿਮਰਤੀ ਦੇ ਮਾਰੂਥਲ (ਦਸ਼ਤ-ਏ-ਫਰਾਮੋਸ਼ੀ) ਵਿਚ ਧੱਕ ਕੇ ਉਸ ਦਰਿੰਦਗੀ ਨੂੰ ਆਪਣੇ ਸਮੂਹਿਕ ਅਵਚੇਤਨ ਵਿਚ ਸਮੋ ਲੈਂਦੇ ਹਨ, ਉਨ੍ਹਾਂ ਸਮਾਜਾਂ ਦੇ ਲੋਕਾਂ ਵਿਚ ਇਕ ਖ਼ਾਸ ਤਰ੍ਹਾਂ ਦੀ ਬੇਗ਼ਾਨਗੀ ਉਪਜਦੀ ਹੈ ਜਿਸ ਕਾਰਨ ਉਹ ਵਾਰ-ਵਾਰ ਧਾਰਮਿਕ ਤੇ ਹੋਰ ਕਈ ਤਰ੍ਹਾਂ ਦੇ ਮੂਲਵਾਦਾਂ (fundamentalisms) ਦਾ ਸ਼ਿਕਾਰ ਹੁੰਦੇ ਹਨ, ਜਿਨ੍ਹਾਂ ਵਿਚ ਹਿੰਸਾ ਤੇ ਨਫ਼ਰਤ ਦੀਆਂ ਅਲਾਮਤਾਂ ਸ਼ਕਤੀਸ਼ਾਲੀ ਰੂਪ ਵਿਚ ਭਾਰੂ ਹੁੰਦੀਆਂ ਹਨ।

ਵੰਡ ਦਾ ਜੋ ਵੱਡਾ ਪ੍ਰਭਾਵ ਪੰਜਾਬੀਆਂ 'ਤੇ ਪਿਆ, ਉਹ ਏਥੋਂ ਤੀਕ ਸੀਮਤ ਨਹੀਂ ਸੀ ਕਿ ਇਸ ਨੇ ਦੋਹਾਂ ਪੰਜਾਬਾਂ ਦੇ ਲੋਕਾਂ ਨੂੰ ਵੰਡ ਸਮੇਂ ਹੋਈ ਦਰਿੰਦਗੀ ਨੂੰ ਆਪਣੇ ਸਮੂਹਿਕ ਅਵਚੇਤਨ ਵਿਚ ਸਮੋ ਲਿਆ, ਸਗੋਂ ਇਹ ਵੀ ਸੀ ਕਿ ਵੰਡ ਤੋਂ ਬਾਅਦ ਪੈਦਾ ਹੋਏ ਪੰਜਾਬੀ 1947 ਵਿਚ ਜਵਾਨ ਜਾਂ ਕਿਸ਼ੋਰ ਹੋ ਚੁੱਕੇ ਪੰਜਾਬੀਆਂ ਦੇ ਮੁਕਾਬਲੇ ਵੱਖਰੀ ਤਰ੍ਹਾਂ ਦੇ ਮਨੁੱਖ ਸਨ/ਹਨ। ਚੜ੍ਹਦੇ ਪੰਜਾਬ 'ਚੋਂ ਮਸਜਿਦਾਂ ਤੇ ਦਰਗਾਹਾਂ ਗਾਇਬ ਹੋ ਗਈਆਂ। ਗੁਰਦੁਆਰੇ ਤੇ ਦਰਗਾਹਾਂ ਅਣਵੰਡੇ ਪੰਜਾਬ ਵਿਚ ਸਾਂਝੀਵਾਲਤਾ ਦੀਆਂ ਵੱਡੀਆਂ ਪਾਲਨਹਾਰ ਸੰਸਥਾਵਾਂ ਬਣ ਕੇ ਉਭਰੀਆਂ ਸਨ। ਦਰਗਾਹਾਂ ਵਿਚ ਸੂਫ਼ੀਆਂ ਦੇ ਬੋਲ ਗੂੰਜਦੇ ਸਨ, ਕਵਾਲ, ਗਾਇਕ ਤੇ ਗਾਉਣ ਵਾਲੀਆਂ ਸੂਫ਼ੀ ਕਲਾਮ ਗਾਉਂਦੀਆਂ ਸਨ; ਪੰਜਾਬ ਦੇ ਹਿੰਦੂ, ਸਿੱਖ ਤੇ ਮੁਸਲਮਾਨ ਇਨ੍ਹਾਂ ਦਰਗਾਹਾਂ ਵਿਚ ਹਾਜ਼ਰੀ ਭਰਦੇ ਸਨ; ਇਹ ਦਰਗਾਹਾਂ ਧਾਰਮਿਕ ਸਥਾਨ ਹੋਣ ਦੇ ਨਾਲ ਨਾਲ ਸਭਿਆਚਾਰਕ ਅਸਥਾਨ ਵੀ ਸਨ, ਜਿੱਥੇ ਸਾਂਝੀਵਾਲਤਾ ਪਨਪਦੀ ਸੀ। 1947 ਤੋਂ ਬਾਅਦ ਚੜ੍ਹਦੇ ਪੰਜਾਬੀਆਂ ਦੇ ਕੰਨਾਂ ਵਿਚ ਸਾਂਝੀਵਾਲਤਾ ਦੇ ਇਨ੍ਹਾਂ ਬੋਲਾਂ ਦੀ ਸਮਾਜਿਕ ਹਾਜ਼ਰੀ ਗਾਇਬ ਹੋ ਕੇ ਰੇਡੀਓ, ਮੰਚਾਂ ਅਤੇ ਹੁਣ ਟੀਵੀ, ਇੰਟਰਨੈਟ 'ਤੇ ਉਪਲੱਬਧ ਗਾਇਕੀ ਤਕ ਮਹਿਦੂਦ ਹੋ ਗਈ।

ਇਸੇ ਤਰ੍ਹਾਂ ਅਣਵੰਡੇ ਪੰਜਾਬ ਵਿਚ ਗੁਰਦੁਆਰੇ ਉਹ ਸਾਂਝੇ ਸਥਾਨ ਬਣ ਗਏ ਸਨ, ਜਿਨ੍ਹਾਂ ਵਿਚ ਸਿੱਖ, ਹਿੰਦੂ ਤੇ ਮੁਸਲਮਾਨ ਸਾਰੇ ਹਾਜ਼ਰੀ ਭਰਦੇ ਸਨ। ਮੁਸਲਮਾਨ ਨੂੰ ਮੰਦਰਾਂ ਵਿਚ ਜਾਣ ਦੀ ਤਾਂ ਮਨਾਹੀ ਸੀ ਪਰ ਉਹ ਗੁਰਦੁਆਰਿਆਂ ਵਿਚ ਆਉਂਦੇ ਸਨ। ਉਨ੍ਹਾਂ ਦੇ ਕੰਨਾਂ ਵਿਚ ਸਿੱਖ ਗੁਰੂਆਂ ਤੇ ਭਗਤੀ ਲਹਿਰ ਦੇ ਸੰਤਾਂ ਦੇ ਬੋਲ ਪੈਂਦੇ ਸਨ; ਉਨ੍ਹਾਂ ਦੇ ਮਨਾਂ ਵਿਚ ਬਾਬਾ ਨਾਨਕ ਲਈ ਡੂੰਘੀ ਅਕੀਦਤ ਸੀ, ਜਿਨ੍ਹਾਂ ਨੂੰ ਉਹ ਆਪਣਾ ਪੀਰ ਅਤੇ ਤਲਵੰਡੀ ਦਾ ਪਾਤਸ਼ਾਹ ਮੰਨਦੇ ਸਨ। ਇਸ ਤਰ੍ਹਾਂ ਗੁਰਦੁਆਰੇ ਵੀ ਧਾਰਮਿਕ ਸਥਾਨ ਹੋਣ ਦੇ ਨਾਲ-ਨਾਲ ਸਭਿਆਚਾਰਕ ਅਸਥਾਨ ਸਨ ਜਿਨ੍ਹਾਂ ਵਿਚ ਸਾਂਝੀਵਾਲਤਾ ਪਣਪਦੀ ਸੀ ਜਿਸ ਦਾ ਆਗੂ ਬਾਬਾ ਨਾਨਕ ਨੂੰ ਮੰਨਿਆ ਜਾਂਦਾ ਸੀ।

ਉਪਰੋਕਤ ਵਰਤਾਰਿਆਂ ਕਾਰਨ 1947 ਤੋਂ ਬਾਅਦ ਚੜ੍ਹਦੇ ਤੇ ਲਹਿੰਦੇ ਪੰਜਾਬ ਵਿਚ ਪੈਦਾ ਹੋਏ ਪੰਜਾਬੀ ਊਣੇ ਹਨ, ਸਾਂਝੀਵਾਲਤਾ ਦੀ ਉਸ ਸਮੂਹਿਕ ਵਿਰਾਸਤ ਤੋਂ ਵਿਰਵੇ ਜੋ 1947 ਤੋਂ ਪਹਿਲਾਂ ਦੇ ਪੰਜਾਬ ਵਿਚ ਸਮਾਜਿਕ ਸੋਚ-ਸਮਝ ਤੇ ਫ਼ਿਜ਼ਾ ਵਿਚ ਘੁਲੀ-ਮਿਲੀ ਹੋਈ ਸੀ, ਜਿਵੇਂ ਉਹ ਕੋਈ ਕੁਦਰਤੀ ਵਸਤ ਜਾਂ ਵਰਤਾਰਾ ਹੋਵੇ। 1947 ਤੋਂ ਬਾਅਦ ਪੈਦਾ ਹੋਏ ਪੰਜਾਬੀ ਅੱਧ-ਅਧੂਰੇ ਹਨ ਅਤੇ ਉਨ੍ਹਾਂ ਨੂੰ 1947 ਤੋਂ ਪਹਿਲਾਂ ਵਾਲੀ ਪੰਜਾਬੀਅਤ ਤਕ ਪਹੁੰਚਣਾ ਬਹੁਤ ਮੁਸ਼ਕਿਲ ਅਤੇ ਸ਼ਾਇਦ ਨਾਮੁਮਕਿਨ ਵੀ ਹੈ ਭਾਵੇਂ ਵੰਡ ਦੇ ਲਾਗੇ ਚਾਗੇ ਪੈਦਾ ਹੋਏ ਪੰਜਾਬੀਆਂ 'ਚੋਂ ਕਈਆਂ ਨੇ ਆਪਣੇ ਮਾਪਿਆਂ ਤੋਂ ਸੁਣੀਆਂ ਕਹਾਣੀਆਂ ਕਾਰਨ ਉਸ ਪੰਜਾਬੀਅਤ ਤਕ ਪਹੁੰਚਣ ਦਾ ਉਪਰਾਲਾ ਕੀਤਾ ਹੈ। ਕਈਆਂ ਨੇ ਚੇਤਨ ਰੂਪ ਵਿਚ ਸਾਂਝੀਵਾਲਤਾ ਨੂੰ ਜੀਉਂਦੇ ਰੱਖਣ ਵਾਲੇ ਦੀਵੇ ਜਗਾਏ ਹਨ ਜਿਨ੍ਹਾਂ ਵਿਚੋਂ ਨਜ਼ਮ ਹੁਸੈਨ ਸੱਯਦ ਦੁਆਰਾ ਲਾਹੌਰ ਵਿਚ ਲਗਾਤਾਰ ਕੰਮ ਕਰਦੀ ਸੰਸਥਾ 'ਸੰਗਤ' ਦੀ ਉਦਾਹਰਣ ਪ੍ਰਮੁੱਖ ਹੈ।

ਜਿੱਥੇ ਇਤਿਹਾਸਕਾਰਾਂ ਦਾ ਮੁੱਖ ਨਿਸ਼ਾਨਾ ਦੇਸ਼ ਦੀ ਵੰਡ ਤੇ ਆਜ਼ਾਦੀ ਦੌਰਾਨ ਬਸਤੀਵਾਦੀ ਹੁਕਮਰਾਨਾਂ ਅਤੇ ਭਾਰਤ ਦੀਆਂ ਸਿਆਸੀ ਪਾਰਟੀਆਂ ਤੇ ਆਗੂਆਂ ਦੀ ਭੂਮਿਕਾ ਰਹੀ ਹੈ, ਉਥੇ 1945-1947 ਦੌਰਾਨ ਉੱਭਰ ਰਹੇ ਲੋਕ ਵਿਦਰੋਹਾਂ ਅਤੇ ਲੋਕਾਂ ਵਿਚ ਫੈਲੀ ਬੇਚੈਨੀ ਵੱਲ ਬਹੁਤ ਘੱਟ ਧਿਆਨ ਦਿੱਤਾ ਗਿਆ ਹੈ। ਇਤਿਹਾਸਕਾਰ ਸੁਮੀਤ ਸਰਕਾਰ ਅਨੁਸਾਰ ਇਕ ਪਾਸੇ ਲੋਕਾਂ ਨੂੰ ਫ਼ਿਰਕੂ ਜਨਸੰਘਾਰ ਵੱਲ ਧੱਕਿਆ ਜਾ ਰਿਹਾ ਸੀ ਜਦੋਂ ਕਿ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਸਥਾਪਤੀ ਵਿਰੁੱਧ ਵਿਦਰੋਹ ਸੁਲਘ ਰਿਹਾ ਸੀ। ਇਹ ਵਿਦਰੋਹ ਅੰਗਰੇਜ਼ਾਂ ਦੀ ਸਿਆਸੀ ਸਥਾਪਤੀ ਦੇ ਨਾਲ ਨਾਲ ਭਾਰਤ ਦੇ ਵੱਖ-ਵੱਖ ਸਮਾਜਿਕ ਵਰਗਾਂ ਦੀ ਸਥਾਪਤੀ ਵਿਰੁੱਧ ਵੀ ਸੀ।

1946 ਵਿਚ ਕੱਪੜਾ ਮਿੱਲਾਂ ਦੇ ਮਜ਼ਦੂਰਾਂ, ਟਰੈਮ ਡਰਾਈਵਰਾਂ, ਡਾਕ ਵਿਭਾਗ ਦੇ ਕਰਮਚਾਰੀਆਂ ਤੇ ਹੋਰ ਸਨਅਤੀ ਮਜ਼ਦੂਰਾਂ ਨੇ ਵੱਡੀਆਂ ਹੜਤਾਲਾਂ ਕੀਤੀਆਂ। ਯਾਸਮੀਨ ਖਾਨ, ਏ. ਕੇ. ਗੁਪਤਾ ਦੇ ਹਵਾਲੇ ਨਾਲ ਦੱਸਦੀ ਹੈ ਕਿ 1946 ਵਿਚ 1629 ਸਨਅਤੀ ਝਗੜੇ ਹੋਏ ਜਿਨ੍ਹਾਂ ਵਿਚ 20 ਲੱਖ ਮਜ਼ਦੂਰਾਂ ਨੇ ਹਿੱਸਾ ਲਿਆ; ਰੇਲ ਮਹਿਕਮੇ ਦੀ ਹੜਤਾਲ ਬਹੁਤ ਮੁਸ਼ਕਲ ਨਾਲ ਰੋਕੀ ਗਈ। ਇਸੇ ਤਰ੍ਹਾਂ ਇਹ ਵੇਰਵੇ ਵੀ ਮਿਲਦੇ ਹਨ ਕਿ ਉਸ ਸਮੇਂ ਬਿਹਾਰ, ਦਿੱਲੀ ਤੇ ਕਈ ਹੋਰ ਥਾਵਾਂ 'ਤੇ ਪੁਲੀਸ ਨੇ ਵਿਦਰੋਹ ਕੀਤਾ। ਇਸ ਸਭ ਕੁਝ ਦੇ ਨਾਲ-ਨਾਲ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਕਿਸਾਨ ਵਿਦਰੋਹ ਹੋਏ ਜਿਨ੍ਹਾਂ ਵਿਚ ਬੰਗਾਲ ਦਾ ਤਿਭਾਗਾ ਵਿਦਰੋਹ, ਤਿਲੰਗਾਨਾ ਦੀ ਮਹਾਨ ਕਿਸਾਨ ਬਗ਼ਾਵਤ ਅਤੇ ਕੇਰਲ ਪੁਨਪਰਾ-ਵਲਿਆਰ ਵਿਦਰੋਹ ਪ੍ਰਮੁੱਖ ਸਨ। (ਪੰਜਾਬ ਵਿਚ ਮੁਜ਼ਾਰਾ ਲਹਿਰ ਦਾ ਸਮਾਂ ਥੋੜ੍ਹਾ ਬਾਅਦ ਦਾ ਹੈ)। ਇਸ ਤਰ੍ਹਾਂ ਦੇ ਕੁਝ ਹਿੱਸਿਆਂ ਵਿਚ ਆਜ਼ਾਦ ਖਿੱਤੇ ਕਾਇਮ ਹੋਏ, ਜਿਨ੍ਹਾਂ ਵਿਚੋਂ ਉੱਤਰ ਪ੍ਰਦੇਸ਼ ਦੇ ਬਲੀਆ ਇਲਾਕੇ, ਬੰਗਾਲ ਦੇ ਮਿਦਨਾਪੁਰ ਅਤੇ ਮਹਾਰਾਸ਼ਟਰ ਦੇ ਸਿਤਾਰਾ ਵਿਚ ਬਣੀਆਂ ਆਜ਼ਾਦ ਜਾਂ ਵਿਦਰੋਹੀ ਸਰਕਾਰਾਂ ਪ੍ਰਮੁੱਖ ਹਨ; ਉੜੀਸਾ ਵਿਚ ਤਲੇਸ਼ਰ ਤੇ ਹੋਰ ਇਲਾਕਿਆਂ ਵਿਚ ਕਿਸਾਨ-ਮਜ਼ਦੂਰ ਰਾਜ ਤੇ ਜੈਤਿਆ ਸਰਕਾਰਾਂ ਬਣੀਆਂ; ਇਨ੍ਹਾਂ ਨੂੰ ਪ੍ਰਤੀ-ਸਰਕਾਰਾਂ (ਵਿਰੋਧੀ ਜਾਂ ਆਜ਼ਾਦ ਸਰਕਾਰਾਂ) ਕਿਹਾ ਜਾਂਦਾ ਹੈ ਅਤੇ ਇਨ੍ਹਾਂ ਸਭ ਦਾ ਸਮਾਂ 1942 ਦੇ ਬਾਅਦ ਦਾ ਹੈ। ਇਨ੍ਹਾਂ ਦੇ ਪਸਾਰ ਬਹੁਤੇ ਵਿਆਪਕ ਨਹੀਂ ਸਨ ਪਰ ਜੇ ਸਾਰੀਆਂ ਘਟਨਾਵਾਂ ਨੂੰ ਸਮੂਹਿਕ ਰੂਪ ਵਿਚ ਦੇਖੀਏ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਦੇਸ਼ ਵਿਚ ਵਿਆਪਕ ਲੋਕ ਵਿਦਰੋਹ ਅੰਗੜਾਈਆਂ ਲੈ ਰਿਹਾ ਸੀ ਜਿਸ ਕਾਰਨ ਜਾਗੀਰਦਾਰੀ ਤੇ ਦਮਨਕਾਰੀ ਸਮਾਜਿਕ ਰਿਸ਼ਤਿਆਂ ਨੂੰ ਵੱਡੀ ਚੋਟ ਪਹੁੰਚਾਈ ਜਾ ਸਕਦੀ ਸੀ ਪਰ ਸਿਆਸੀ ਅਗਵਾਈ ਦੀ ਕਮਜ਼ੋਰੀ ਕਾਰਨ ਅਜਿਹਾ ਹੋ ਨਾ ਸਕਿਆ ਅਤੇ ਲੋਕਾਂ ਨੂੰ ਫ਼ਿਰਕੂ ਕਤਲੋਗਾਰਤ ਤੇ ਨਫ਼ਰਤ ਦੇ ਤੂਫ਼ਾਨ ਵੱਲ ਧੱਕ ਦਿੱਤਾ ਗਿਆ। ਏਥੇ ਸਵਾਲ ਸਿਆਸੀ ਆਗੂਆਂ ਨੂੰ ਦੋਸ਼ ਦੇਣ ਦਾ ਨਹੀਂ ਸਗੋਂ ਹਕੀਕਤ ਨੂੰ ਸਵੀਕਾਰ ਕਰਨ ਦਾ ਹੈ ਕਿ ਹਾਲਾਤ ਅਜਿਹੇ ਸਨ ਕਿ ਸਾਡੇ ਕੋਲ ਨਾ ਤਾਂ ਵਿਆਪਕ ਵਿਦਰੋਹ ਦੀ ਅਗਵਾਈ ਕਰਨ ਵਾਲੀ ਸਿਆਸਤ ਸੀ ਅਤੇ ਨਾ ਹੀ ਅਜਿਹੇ ਸਿਆਸੀ ਆਗੂ। ਬਹੁਤ ਸਾਰੇ ਲੋਕ-ਪੱਖੀ ਆਗੂਆਂ ਦਾ ਪ੍ਰਭਾਵ ਸੀਮਤ ਸੀ।

1947 ਵਿਚ ਹੋਈਆਂ ਘਟਨਾਵਾਂ ਦਾ ਵਿਸ਼ਲੇਸ਼ਣ ਕਰਨ ਵਿਚ ਇਤਿਹਾਸਕਾਰ ਵਾਰ-ਵਾਰ ਆਪਣਾ ਧਿਆਨ ਸਿਆਸਤਦਾਨਾਂ ਤੇ ਸਿਖਰਲੇ ਅੰਗਰੇਜ਼ ਹੁਕਮਰਾਨਾਂ 'ਤੇ ਕੇਂਦ੍ਰਿਤ ਕਰਦੇ ਹਨ। ਇਸ ਸੰਬੰਧ ਵਿਚ ਮਹਾਤਮਾ ਗਾਂਧੀ, ਮੁਹੰਮਦ ਅਲੀ ਜਿਨਾਹ, ਜਵਾਹਰ ਲਾਲ ਨਹਿਰੂ, ਵੱਲਭ ਭਾਈ ਪਟੇਲ, ਲਿਆਕਤ ਅਲੀ, ਲਾਰਡ ਮਾਊਂਟਬੈਟਨ, ਰੈਡਕਲਿਫ, ਵੀ. ਪੀ. ਮੈਨਨ, ਹੋਰ ਸਿਆਸਤਦਾਨਾਂ ਤੇ ਨੌਕਰਸ਼ਾਹਾਂ 'ਤੇ ਧਿਆਨ ਕੇਂਦ੍ਰਿਤ ਕੀਤਾ ਜਾਂਦਾ ਹੈ। ਚੜ੍ਹਦੇ ਪੰਜਾਬ ਤੇ ਸਿੱਖ ਹਲਕਿਆਂ ਵਿਚ ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ, ਸਰਦਾਰ ਬਲਦੇਵ ਸਿੰਘ, ਊਧਮ ਸਿੰਘ ਨਾਗੋਕੇ, ਈਸ਼ਰ ਸਿੰਘ ਮਝੈਲ, ਮਹਾਰਾਜਾ ਯਾਦਵਿੰਦਰ ਸਿੰਘ ਆਦਿ ਇਸ ਦਾਇਰੇ ਵਿਚ ਆਉਂਦੇ ਹਨ। ਸਿੱਖ ਹਲਕਿਆਂ ਵਿਚ ਇਨ੍ਹਾਂ ਆਗੂਆਂ ਦੀ ਇਹ ਨੁਕਤਾਚੀਨੀ ਆਮ ਕੀਤੀ ਜਾਂਦੀ ਹੈ ਕਿ ਉਨ੍ਹਾਂ ਨੇ ਅੰਗਰੇਜ਼ ਹਕੂਮਤ ਸਾਹਮਣੇ ਸਿੱਖਾਂ ਦੇ ਹੱਕਾਂ ਦੀ ਵਕਾਲਤ ਨਹੀਂ ਕੀਤੀ। ਇਹ ਗੱਲ ਕਦੇ ਨਹੀਂ ਹੁੰਦੀ ਕਿ ਸਾਡੇ ਆਗੂਆਂ ਨੇ ਪੰਜਾਬ ਦੀ ਵੰਡ ਦਾ ਵਿਰੋਧ ਕਰਨ ਲਈ ਹੀਲੇ ਕਿਉਂ ਨਾ ਕੀਤੇ। ਪੰਜਾਬ ਦੀ ਵੰਡ ਨੂੰ ਅਜਿਹਾ ਵਰਤਾਰਾ ਮੰਨ ਲਿਆ ਜਾਂਦਾ ਹੈ ਜਿਸ ਦਾ ਹੋਣਾ ਅਟੱਲ ਸੀ। ਅਜਿਹੀ ਇਤਿਹਾਸਕਾਰੀ ਵਿਚ ਕੋਈ ਵੀ ਨਾਇਕ ਨਹੀਂ ਬਣ ਸਕਦਾ। ਆਗੂਆਂ ਵਿਚੋਂ ਬਹੁਤ ਸਾਰੇ ਆਜ਼ਾਦੀ ਦੇ ਸੰਘਰਸ਼ ਦੇ ਨਾਇਕ ਸਨ ਪਰ ਉਹ ਦੇਸ਼ ਦੀ ਏਕਤਾ ਨੂੰ ਬਚਾਉਣ ਦੇ ਨਾਇਕ ਨਾ ਬਣ ਸਕੇ। ਇਕੱਲਾ ਮਹਾਤਮਾ ਗਾਂਧੀ ਇਸ ਵੰਡ ਵਿਰੁੱਧ ਖੜ੍ਹਾ ਰਿਹਾ ਅਤੇ ਹਿੰਦੂ ਕੱਟੜਪੰਥੀਆਂ ਨੇ ਉਸ ਨੂੰ ਇਸ ਲਈ ਸਜ਼ਾ ਦਿੱਤੀ।

ਪੁਲੀਸ ਤੇ ਫ਼ੌਜ ਦੀ ਭੂਮਿਕਾ ਬਾਰੇ ਬਹੁਤ ਕੁਝ ਲਿਖਿਆ ਗਿਆ ਹੈ। ਬਹੁਤ ਸਾਰੇ ਇਤਿਹਾਸਕਾਰਾਂ ਤੇ ਸਿਆਸੀ ਵਿਸ਼ਲੇਸ਼ਕਾਂ ਦਾ ਮਤ ਹੈ ਕਿ ਅੰਗਰੇਜ਼ਾਂ ਨੇ ਭਾਰਤ ਵਿਚ ਹੋ ਰਹੇ ਖ਼ੂਨ-ਖ਼ਰਾਬੇ ਤੋਂ ਬਚਾਉਣ ਲਈ ਕੋਈ ਕੋਸ਼ਿਸ਼ ਨਹੀਂ ਕੀਤੀ।

*(ਬਾਕੀ ਅਗਲੇ ਸਫੇ 'ਤੇ)*

# ਭਾਰਤੀ ਵਿਦਿਆਰਥਣ ਦਾ ਵੀਜ਼ਾ ਰੱਦ; ਅਮਰੀਕੀ ਜਮਹੂਰੀਅਤ ਦੀ ਅਸਲੀਅਤ ਬੇਨਕਾਬ

ਬੂਟਾ ਸਿੰਘ ਮਹਿਮੂਦਪੁਰ

ਉਦਾਰਵਾਦੀ ਅਕਸਰ ਪ੍ਰਗਟਾਵੇ ਦੀ ਆਜ਼ਾਦੀ ਲਈ ਅਮਰੀਕਾ ਅਤੇ ਪੱਛਮੀ ਜਗਤ ਦੀਆਂ ਤਾਰੀਫ਼ਾਂ ਕਰਦੇ ਰਹਿੰਦੇ ਹਨ ਕਿ ਉੱਥੇ ਦੇਸ਼ ਅਤੇ ਵਿਦੇਸ਼ ਦੇ ਵਿਦਿਆਰਥੀਆਂ ਨੂੰ ਸਰਕਾਰੀ ਨੀਤੀਆਂ ਦੇ ਖ਼ਿਲਾਫ਼ ਵਿਰੋਧ ਪ੍ਰਦਰਸ਼ਨ ਕਰਨ ਦੀ ਖੁੱਲ੍ਹ ਹੈ। ਵੀਅਤਨਾਮ ਤੋਂ ਲੈ ਕੇ ਖਾੜੀ ਯੁੱਧ ਤੱਕ ਅਮਰੀਕੀ ਬੇਕਿਰਕੀ ਵਿਰੁੱਧ ਵਿਦਿਆਰਥੀਆਂ ਵੱਲੋਂ ਵਿਆਪਕ ਵਿਰੋਧ ਪ੍ਰਦਰਸ਼ਨ ਕੀਤੇ ਜਾਂਦੇ ਰਹੇ ਹਨ, ਪਰ ਹੁਣ ਇੰਝ ਜਾਪਦਾ ਹੈ ਕਿ ਭਾਰਤ ਵਾਂਗ ਇਹ ਵੀ ਅਤੀਤ ਦੀਆਂ ਗੱਲਾਂ ਬਣ ਕੇ ਰਹਿ ਜਾਣਗੀਆਂ।

ਅਮਰੀਕਾ ਅਤੇ ਸਮੁੱਚੇ ਯੂਰਪ ਵਿਚ ਸੱਜੇ ਪੱਖੀ ਹੁਕਮਰਾਨ ਚੋਣਾਂ ਰਾਹੀਂ ਸੱਤਾ ਵਿਚ ਆ ਰਹੇ ਹਨ, ਜੋ ਜਮਹੂਰੀਅਤ ਦਾ ਮਾੜਾ-ਮੋਟਾ ਪੜਦਾ ਵੀ ਲਾਹ ਕੇ ਕਰੂਰ ਚਿਹਰਾ ਦਿਖਾ ਰਹੇ ਹਨ। ਅਮਰੀਕਾ ਦੀ ਕੋਲੰਬੀਆ ਯੂਨੀਵਰਸਿਟੀ ਵੱਲੋਂ ਪਿਛਲੇ ਸਾਲ ਕੈਂਪਸ ਵਿਚ ਫ਼ਲਸਤੀਨ ਪੱਖੀ ਮੁਜ਼ਾਹਰਿਆਂ ਵਿਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਦੇ ਖ਼ਿਲਾਫ਼ ਕਾਰਵਾਈ ਕਰਨੀ ਸ਼ੁਰੂ ਕੀਤੀ ਗਈ ਹੈ, ਇਸ ਤੋਂ ਬਾਅਦ ਭਾਰਤੀ ਵਿਦਿਆਰਥਣ ਰੰਜਨੀ ਸ੍ਰੀਨਿਵਾਸਨ ਅਮਰੀਕਾ ਛੱਡ ਕੇ ਆ ਗਈ ਹੈ।

ਪਿਛਲੇ ਸਾਲ ਹੈਮਿਲਟਨ ਹਾਲ ਉੱਪਰ ਕਬਜ਼ਾ ਕਰਨ ਦੀ ਮੁਹਿੰਮ ਵਿਚ ਸ਼ਾਮਲ ਰਹੇ ਕੁਝ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਨੇ ਜਾਂ ਤਾਂ ਮੁਅੱਤਲ ਕਰ ਦਿੱਤਾ ਹੈ ਜਾਂ ਉਨ੍ਹਾਂ ਨੂੰ ਕੱਢ ਦਿੱਤਾ ਹੈ। ਟਰੰਪ ਪ੍ਰਸ਼ਾਸਨ ਨੇ ਕੋਲੰਬੀਆ ਯੂਨੀਵਰਸਿਟੀ ਦੀ 40 ਕਰੋੜ ਡਾਲਰ ਦੀ ਫੰਡਿਗ ਇਹ ਕਹਿੰਦੇ ਹੋਏ ਰੋਕ ਦਿੱਤੀ ਹੈ ਕਿ ਪ੍ਰਸ਼ਾਸਨ ਕੈਂਪਸ ਵਿਚ ਯਹੂਦੀ ਵਿਰੋਧੀ ਭਾਵਨਾ ਨਾਲ ਲੜਨ 'ਚ ਨਾਕਾਮ ਰਿਹਾ ਹੈ।

ਯੂਨੀਵਰਸਿਟੀ ਪ੍ਰਸ਼ਾਸਨ ਦੀ ਇਹ ਕਾਰਵਾਈ ਕੋਲੰਬੀਆ ਯੂਨੀਵਰਸਿਟੀ ਕੈਂਪਸ ਦੇ ਕਾਰਕੁਨ ਮਹਿਮੂਦ ਖ਼ਲੀਲ ਦੀ ਗ੍ਰਿਫ਼ਤਾਰੀ ਤੋਂ ਬਾਅਦ ਸ਼ੁਰੂ ਹੋਈ ਹੈ। ਖ਼ਲੀਲ ਨੂੰ ਹਾਲ ਹੀ ਵਿਚ ਸੰਘੀ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਹਿਰਾਸਤ ਵਿਚ ਲਿਆ ਸੀ। ਯੂਨੀਵਰਸਿਟੀ ਪ੍ਰਸ਼ਾਸਨ ਨੇ ਵੀਰਵਾਰ ਨੂੰ ਇਕ ਬਿਆਨ ਜਾਰੀ ਕੀਤਾ। ਯੂਨੀਵਰਸਿਟੀ ਜੁਡੀਸ਼ੀਅਲ ਬੋਰਡ (ਯੂ.ਜੇ.ਬੀ.) ਨੇ ਵਿਦਿਆਰਥੀਆਂ 'ਤੇ ਪਾਬੰਦੀ ਲਗਾ ਦਿੱਤੀ ਹੈ। ਇਸ ਵਿਚ 'ਕਈ ਸਾਲਾਂ ਲਈ ਮੁਅੱਤਲੀ ਤੋਂ ਲੈ ਕੇ ਡਿਗਰੀਆਂ ਨੂੰ ਅਸਥਾਈ ਤੌਰ 'ਤੇ ਰੱਦ ਕਰਨ ਅਤੇ ਕੱਢੇ ਜਾਣ ਤੱਕ' ਤੱਕ ਸ਼ਾਮਲ ਹੈ।

ਯੂਨੀਵਰਸਿਟੀ ਵੱਲੋਂ ਭੇਜੀ ਗਈ ਈ-ਮੇਲ ਤੋਂ ਸੰਕੇਤ ਮਿਲਦਾ ਹੈ ਕਿ ਯੂਨੀਵਰਸਿਟੀ ਨੇ ਦਰਜਨਾਂ ਵਿਦਿਆਰਥੀਆਂ ਵਿਰੁੱਧ ਪਾਬੰਦੀਆਂ ਲਗਾਈਆਂ ਹਨ। ਯੂਨੀਵਰਸਿਟੀ ਦੇ ਬਿਆਨ ਵਿਚ ਕਿਹਾ ਗਿਆ ਹੈ, 'ਮੁਅੱਤਲ ਕੀਤੇ ਗਏ ਵਿਦਿਆਰਥੀਆਂ ਦੀ ਵਾਪਸੀ ਦੇ ਮੁੱਦੇ ਨੂੰ ਕੋਲੰਬੀਆ ਯੂਨੀਵਰਸਿਟੀ ਦੇ ਲਾਈਫ਼ ਆਫਿਸ ਵੱਲੋਂ ਦੇਖਿਆ ਜਾਵੇਗਾ। ਕੋਲੰਬੀਆ ਯੂਨੀਵਰਸਿਟੀ ਨਿਯਮਾਂ ਤੇ ਨੀਤੀਆਂ ਅਤੇ ਸਾਡੀਆਂ ਅਨੁਸ਼ਾਸਨੀ ਪ੍ਰਕਿਰਿਆਵਾਂ ਵਿਚ ਸੁਧਾਰ ਲਈ ਵਚਨਬੱਧ ਹੈ'। ਭਾਰਤੀ ਨਾਗਰਿਕ ਰੰਜਨੀ ਸ਼੍ਰੀਨਿਵਾਸਨ ਕੋਲੰਬੀਆ ਯੂਨੀਵਰਸਿਟੀ ਵਿਚ ਸ਼ਹਿਰੀ ਯੋਜਨਾਬੰਦੀ ਵਿਚ ਪੀਐਚ.ਡੀ. ਕਰ ਰਹੀ ਸੀ।

ਉਸ ਦਾ ਵੀਜ਼ਾ ਕਥਿਤ ਤੌਰ 'ਤੇ ਕੈਂਪਸ ਵਿਚ ਫਲਸਤੀਨੀ ਪੱਖੀ ਵਿਰੋਧ ਪ੍ਰਦਰਸ਼ਨਾਂ ਅਤੇ ਹਮਾਸ ਦੀ ਹਮਾਇਤ ਕਰਨ ਕਰਕੇ ਰੱਦ ਕਰ ਦਿੱਤਾ ਗਿਆ ਸੀ। ਰੰਜਨੀ ਦੇ ਅਮਰੀਕਾ ਛੱਡ ਜਾਣ ਦੀ ਪੁਸ਼ਟੀ ਗ੍ਰਹਿ ਸੁਰੱਖਿਆ ਵਿਭਾਗ ਨੇ ਵੀ ਕੀਤੀ ਹੈ। ਇਸ ਵਿਭਾਗ ਦੇ ਮੰਤਰੀ ਕ੍ਰਿਸਟੀ ਨੋਮ ਨੇ ਇਸ ਦੀ ਪੁਸ਼ਟੀ ਕੀਤੀ। ਕ੍ਰਿਸਟੀ ਨੋਮ ਨੇ 'ਐਕਸ' ਉੱਪਰ ਇੱਕ ਵੀਡੀਓ ਕਲਿੱਪ ਪੋਸਟ ਕੀਤੀ ਜਿਸ ਵਿਚ ਰੰਜਨੀ ਆਪਣੇ ਸੂਟਕੇਸ ਲੈ ਕੇ ਜਾ ਰਹੀ ਹੈ।

ਉਸ ਨੇ ਲਿਖਿਆ, "ਸੰਯੁਕਤ ਰਾਜ ਅਮਰੀਕਾ ਵਿਚ ਰਹਿਣ ਅਤੇ ਪੜ੍ਹਨ ਲਈ ਵੀਜ਼ਾ ਦਿੱਤਾ ਜਾਣਾ ਸਨਮਾਨ ਵਾਲੀ ਗੱਲ ਹੈ। ਜਦੋਂ ਤੁਸੀਂ



ਹਿੰਸਾ ਅਤੇ ਦਹਿਸ਼ਤਵਾਦ ਦੀ ਵਕਾਲਤ ਕਰਦੇ ਹੋ, ਤਾਂ ਉਸ ਵਿਸ਼ੇਸ਼ ਅਧਿਕਾਰ ਨੂੰ ਰੱਦ ਕਰ ਦਿੱਤਾ ਜਾਣਾ ਚਾਹੀਦਾ ਹੈ ਅਤੇ ਤੁਹਾਨੂੰ ਇਸ ਮੁਲਕ ਵਿਚ ਨਹੀਂ ਰਹਿਣਾ ਚਾਹੀਦਾ। ਮੈਨੂੰ ਕੋਲੰਬੀਆ ਯੂਨੀਵਰਸਿਟੀ ਦੇ ਦਹਿਸ਼ਤਵਾਦ ਦੇ ਵਕੀਲਾਂ ਵਿਚੋਂ ਇਕ ਨੂੰ ਸੀ.ਬੀ.ਪੀ. ਹੋਮ ਐਪ ਦੀ ਵਰਤੋਂ ਸਵੈ-ਡਿਪੋਰਟ ਕਰਨ ਲਈ ਕਰਦਿਆਂ ਹੋਇਆਂ ਦੇਖ ਕੇ ਖ਼ੁਸ਼ੀ ਹੋਈ।"

ਮੀਡੀਆ ਰਿਪੋਰਟਾਂ ਅਨੁਸਾਰ ਰੰਜਨੀ ਦਾ ਵੀਜ਼ਾ ਗ੍ਰਹਿ ਮੰਤਰਾਲੇ ਨੇ 5 ਮਾਰਚ ਨੂੰ ਸੁਰੱਖਿਆ ਕਾਰਨਾਂ ਕਰਕੇ ਰੱਦ ਕਰ ਦਿੱਤਾ ਸੀ, ਜਿਸ ਤੋਂ ਬਾਅਦ ਉਸ ਨੇ 11 ਮਾਰਚ ਨੂੰ ਸੀ.ਬੀ.ਪੀ. ਹੋਮ ਐਪ ਦੀ ਵਰਤੋਂ ਕਰਦਿਆਂ ਆਪਣੇ ਆਪ ਨੂੰ ਖ਼ੁਦ ਹੀ ਡਿਪੋਰਟ ਕਰ ਲਿਆ ਸੀ। 'ਟਾਈਮਜ਼ ਆਫ਼ ਇੰਡੀਆ' ਦੀ ਇਕ ਰਿਪੋਰਟ ਅਨੁਸਾਰ, ਰੰਜਨੀ ਸ਼੍ਰੀਨਿਵਾਸਨ ਕੋਲੰਬੀਆ ਯੂਨੀਵਰਸਿਟੀ ਤੋਂ ਸ਼ਹਿਰੀ ਯੋਜਨਾਬੰਦੀ ਵਿਚ ਪੀਐਚ. ਡੀ. ਕਰ ਰਹੀ ਹੈ। ਫੁਲਬ੍ਰਾਈਟ ਸਕਾਲਰਸ਼ਿਪ ਹਾਸਲ ਕਰਨ ਵਾਲੀ ਰੰਜਨੀ ਨੇ ਕੋਲੰਬੀਆ ਯੂਨੀਵਰਸਿਟੀ ਤੋਂ ਹੀ ਸ਼ਹਿਰੀ ਯੋਜਨਾਬੰਦੀ ਵਿਚ ਐੱਮਫਿਲ ਕੀਤੀ ਹੈ। ਉਸ ਨੇ ਹਾਰਵਰਡ ਯੂਨੀਵਰਸਿਟੀ ਤੋਂ ਡਿਜ਼ਾਈਨ ਵਿਚ ਮਾਸਟਰ ਅਤੇ ਸੀਈਪੀਟੀ ਯੂਨੀਵਰਸਿਟੀ, ਅਹਿਮਦਾਬਾਦ ਤੋਂ ਡਿਜ਼ਾਈਨ ਵਿਚ ਬੈਚਲਰ ਦੀ ਡਿਗਰੀ ਹਾਸਲ ਕੀਤੀ ਹੈ।

ਹਮਾਸ ਦੀ ਹਮਾਇਤ ਕਰਨ ਤੋਂ ਇਲਾਵਾ ਰੰਜਨੀ ਦਾ ਵੀਜ਼ਾ ਰੱਦ ਕਰਨ ਦੇ ਹੋਰ ਖ਼ਾਸ ਕਾਰਨ ਕੀ ਸਨ? ਅਮਰੀਕੀ ਸਰਕਾਰ ਨੇ ਇਸ ਬਾਰੇ ਹੋਰ ਵੇਰਵੇ ਨਹੀਂ ਦਿੱਤੇ। ਪਿਛਲੇ ਸਾਲ ਅਪ੍ਰੈਲ ਵਿਚ, ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਹੈਮਿਲਟਨ ਹਾਲ ਉੱਤੇ ਕਬਜ਼ਾ ਕਰ ਲਿਆ ਸੀ ਅਤੇ ਗਾਜ਼ਾ ਵਿਚ ਇਜ਼ਰਾਈਲ ਦੀਆਂ ਕਾਰਵਾਈਆਂ ਦੇ ਵਿਰੋਧ ਵਿਚ ਕੈਂਪਸ ਵਿਚ ਤੰਬੂ ਲਗਾ ਲਏ ਸਨ। ਵਿਦਿਆਰਥੀਆਂ ਨੇ ਆਪਣੇ ਆਪ ਨੂੰ ਇਮਾਰਤ ਦੇ ਅੰਦਰ ਬੰਦ ਕਰ ਰੱਖਿਆ ਸੀ। ਪੁਲਿਸ ਨੇ ਕੋਲੰਬੀਆ ਯੂਨੀਵਰਸਿਟੀ ਦੇ ਅਧਿਕਾਰੀਆਂ ਦੀ ਬੇਨਤੀ 'ਤੇ ਦਰਜਨਾਂ ਲੋਕਾਂ ਨੂੰ ਗ੍ਰਿਫਤਾਰ ਤਾਂ ਕੀਤਾ ਸੀ, ਪਰ ਉਨ੍ਹਾਂ ਵਿਚੋਂ ਕਿਸੇ ਦੇ ਵਿਰੁੱਧ ਵੀ ਕੋਈ ਅਪਰਾਧਕ ਦੋਸ਼ ਦਰਜ ਨਹੀਂ ਸੀ ਕੀਤਾ ਗਿਆ।

ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਇਹ ਤਾਜ਼ਾ ਕਾਰਵਾਈ ਖ਼ਲੀਲ ਨੂੰ ਹਿਰਾਸਤ ਵਿਚ ਲੈਣ ਤੋਂ ਬਾਅਦ ਸਾਹਮਣੇ ਆਈ ਹੈ। ਸੀਰੀਆ ਵਿਚ ਜਨਮੇ ਅਤੇ ਕੋਲੰਬੀਆ ਦੇ ਗ੍ਰੈਜੂਏਟ ਖ਼ਲੀਲ ਨੂੰ ਬੁੱਧਵਾਰ ਨੂੰ ਲੂਸੀਆਨਾ ਵਿਚ ਅਦਾਲਤ ਦੀ ਸੁਣਵਾਈ ਤੋਂ ਬਾਅਦ ਹਿਰਾਸਤ ਵਿਚ ਲਿਆ ਗਿਆ ਸੀ। ਖ਼ਲੀਲ ਦੇ ਮਾਮਲੇ ਨੇ ਕਾਲਜ ਕੈਂਪਸ ਵਿਚ ਬੋਲਣ ਦੀ ਆਜ਼ਾਦੀ ਅਤੇ ਸਥਾਈ ਅਮਰੀਕੀ ਨਾਗਰਿਕਾਂ ਨੂੰ ਉੱਥੋਂ ਕੱਢ ਦੇਣ ਦੀ ਇਜਾਜ਼ਤ ਦੇਣ ਵਾਲੀ ਕਾਨੂੰਨੀ ਪ੍ਰਕਿਰਿਆ ਬਾਰੇ ਸਵਾਲ ਖੜ੍ਹੇ ਕੀਤੇ ਹਨ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵਾਰ-ਵਾਰ ਖ਼ਲੀਲ ਸਮੇਤ ਫਲਸਤੀਨੀ ਪੱਖੀ ਕਾਰਕੁਨਾਂ 'ਤੇ ਹਮਾਸ ਦੀ ਹਮਾਇਤ ਕਰਨ ਦਾ ਦੋਸ਼ ਲਗਾਉਂਦਾ ਆ ਰਿਹਾ ਹੈ ਅਤੇ ਇਹ ਕਹਿ ਰਿਹਾ ਹੈ ਕਿ ਉਨ੍ਹਾਂ ਨੂੰ ਅਮਰੀਕਾ ਵਿਚੋਂ ਕੱਢ ਦਿੱਤਾ ਜਾਣਾ ਚਾਹੀਦਾ ਹੈ।

ਟਰੰਪ ਇਹ ਚੇਤਾਵਨੀ ਵੀ ਦੇ ਚੁੱਕਾ ਹੈ ਕਿ ਉਨ੍ਹਾਂ ਸਕੂਲਾਂ ਅਤੇ ਯੂਨੀਵਰਸਿਟੀਆਂ ਨੂੰ ਫੰਡ ਬੰਦ ਕਰ ਦਿੱਤੇ ਜਾਣਗੇ ਜੋ 'ਗੈਰ ਕਾਨੂੰਨੀ ਪ੍ਰਦਰਸ਼ਨਾਂ' ਦੀ ਇਜਾਜ਼ਤ ਦੇਣਗੇ। ਸੰਯੁਕਤ ਰਾਜ ਅਮਰੀਕਾ ਵਿਚ ਵਿਦਿਅਕ ਸੰਸਥਾਵਾਂ, ਖ਼ਾਸ ਕਰਕੇ ਯੂਨੀਵਰਸਿਟੀਆਂ, ਕੋਲ ਬਹੁਤ ਜ਼ਿਆਦਾ ਖ਼ੁਦਮੁਖਤਿਆਰੀ ਹੈ, ਇਸੇ ਕਰਕੇ ਯੂਨੀਵਰਸਿਟੀਆਂ ਉੱਥੇ ਹਮੇਸ਼ਾ ਰਾਜਨੀਤਕ ਅੰਦੋਲਨਾਂ ਦੇ ਕੇਂਦਰ ਰਹੀਆਂ ਹਨ, ਪਰ ਟਰੰਪ ਵੱਲੋਂ ਫੰਡ ਰੋਕ ਦੇਣ ਦਾ ਮਾਮਲਾ ਦਰਸਾਉਂਦਾ ਹੈ ਕਿ ਅਮਰੀਕੀ ਯੂਨੀਵਰਸਿਟੀਆਂ ਵਿਚ ਵੀ ਫਾਸ਼ੀਵਾਦ ਦਾ ਖ਼ਤਰਾ ਬਹੁਤ ਤੇਜ਼ੀ ਨਾਲ ਵੱਧ ਰਿਹਾ ਹੈ।

## 'ਆਦਿਵਾਸੀਆਂ ਨੂੰ ਮਾਰਨ ਤੋਂ ਬਾਅਦ ਨੀਮ-ਫ਼ੌਜੀ ਲਸ਼ਕਰ ਨੱਚ ਕੇ ਜਸ਼ਨ ਮਨਾਉਂਦੇ ਹਨ': ਸੋਨੀ ਸੋਰੀ

*(ਸਫਾ 11 ਦਾ ਬਾਕੀ)*

ਜਾਂਦੇ। ਕਿਉਂਕਿ ਇੱਥੇ ਸਭ ਤੋਂ ਖ਼ਤਰਨਾਕ ਚੀਜ਼ ਬਲਾਤਕਾਰ ਹੈ।

ਔਰਤਾਂ ਨੂੰ ਤਸੀਹੇ ਦਿੱਤੇ ਜਾਂਦੇ ਹਨ, ਉਨ੍ਹਾਂ ਨਾਲ ਬਦਤਮੀਜ਼ੀ ਕੀਤੀ ਜਾਂਦੀ ਹੈ, ਉਨ੍ਹਾਂ ਨੂੰ ਜ਼ਖ਼ਮੀ ਕੀਤਾ ਜਾਂਦਾ ਹੈ, ਬਲਾਤਕਾਰ ਕੀਤਾ ਜਾਂਦਾ ਹੈ ਅਤੇ ਫਿਰ ਗੋਲੀਆਂ ਮਾਰ ਕੇ ਮਾਰ ਦਿੱਤਾ ਜਾਂਦਾ ਹੈ। ਮੈਂ ਕਿੰਨੀਆਂ ਔਰਤਾਂ ਦੇ ਜ਼ਖਮੀ ਅਤੇ ਸੁੱਜੇ ਹੋਏ ਗੁਪਤ ਅੰਗ ਅੱਖੀਂ ਦੇਖੇ ਹਨ! ਮੈਨੂੰ ਕਿੰਨੇ ਸੁੱਜੇ ਅਤੇ ਵਲੂੰਧਰੇ ਹੋਏ ਪੱਟ ਦੇਖਣੇ ਪਏ ਹਨ!

ਇਹ ਕੁਝ ਬਸਤਰ ਵਿਚ ਨਿੱਤ ਵਾਪਰਦਾ ਹੈ। ਪਰ ਜੇ ਤੁਸੀਂ ਇਸ ਬਾਰੇ ਗੱਲ ਕਰਦੇ ਹੋ, ਤਾਂ ਤੁਹਾਡੇ ਉੱਪਰ 'ਮਾਓਵਾਦੀ' ਦਾ ਠੱਪਾ ਲਾ ਦਿੱਤਾ ਜਾਂਦਾ ਹੈ। ਲੋਕਾਂ ਨੂੰ ਬੇਰਹਿਮੀ ਨਾਲ ਜ਼ਿਬਾਹ ਕੀਤਾ ਜਾਂਦਾ ਹੈ, ਉਨ੍ਹਾਂ ਦੇ ਅੰਗ ਵੱਢ ਦਿੱਤੇ ਜਾਂਦੇ ਹਨ। ਇਕ ਔਰਤ ਨੇ ਮੈਨੂੰ ਦੱਸਿਆ ਕਿ ਉਨ੍ਹਾਂ ਨੇ ਉਸਦੇ ਪਤੀ, ਪੁੱਤਰ, ਭਰਾ ਦੇ ਗੁਪਤ ਅੰਗ ਵੱਢ ਦਿੱਤੇ ਜਦੋਂ ਉਹ ਜ਼ਿੰਦਾ ਸਨ। ਇੱਥੇ ਔਰਤਾਂ, ਬੱਚੇ, ਭਰਾ, ਪਿਤਾ, ਜੰਗਲ, ਜਾਨਵਰ ਅਤੇ ਪੰਛੀ, ਕੁਝ ਵੀ ਸੁਰੱਖਿਅਤ ਨਹੀਂ ਹੈ।

ਉਹ ਲੋਕਾਂ 'ਤੇ ਗੋਲੀਆਂ ਚਲਾਉਂਦੇ ਹਨ ਅਤੇ ਔਰਤਾਂ ਨਾਲ ਬਲਾਤਕਾਰ ਕਰਦੇ ਹਨ ਤਾਂ ਜੋ ਉਹ ਉੱਥੋਂ ਚਲੇ ਜਾਣ। ਸਲਵਾ ਜੁਡਮ ਦੇ ਸਮੇਂ, ਲੱਖਾਂ ਲੋਕ ਭੱਜ ਕੇ ਵਾਰੰਗਲ ਚਲੇ ਗਏ ਸਨ। ਇਹ ਸਭ ਲੋਕਾਂ ਨੂੰ ਜ਼ਮੀਨ ਤੋਂ ਉਜਾੜਨ ਲਈ ਕੀਤਾ ਜਾ ਰਿਹਾ ਹੈ। ਜ਼ਮੀਨ ਖਾਲੀ ਕਰਨ ਤੋਂ ਬਾਅਦ, ਉਹ ਇਸਨੂੰ ਆਪਣੇ ਚਹੇਤੇ ਵੱਡੇ ਸਰਮਾਏਦਾਰਾਂ ਨੂੰ ਦੇਣਾ ਚਾਹੁੰਦੇ ਹਨ।

ਸਵਾਲ: ਜਦੋਂ ਦੋ ਸਾਲ ਪਹਿਲਾਂ ਮੈਂ ਬਸਤਰ ਆਈ ਸੀ ਤਾਂ ਮੈਂ ਦੇਖਿਆ ਕਿ ਲੋਕਾਂ ਕੋਲ ਪੀਣ ਵਾਲਾ ਪਾਣੀ ਨਹੀਂ ਹੈ, ਬਿਜਲੀ ਨਹੀਂ ਹੈ। ਸਕੂਲ ਅਤੇ ਹਸਪਤਾਲ ਬਹੁਤ ਦੂਰ ਸਨ। ਪਰ ਜੋ ਸੜਕਾਂ ਬਣਾਈਆਂ ਜਾ ਰਹੀਆਂ ਸਨ, ਉਹ ਅੱਠ-ਮਾਰਗੀ ਹਾਈਵੇਅ ਸਨ। ਨੀਮ-ਫ਼ੌਜੀ ਲਸ਼ਕਰ ਔਨਲਾਈਨ ਇਸ਼ਤਿਹਾਰਬਾਜ਼ੀ ਕਰ ਰਹੇ ਸਨ ਕਿ ਉਹ ਏਕੀਕ੍ਰਿਤ ਵਿਕਾਸ ਕੇਂਦਰਾਂ ਦੇ ਰੂਪ ਵਿਚ ਕੈਂਪ ਬਣਾ ਰਹੇ ਹਨ, ਜਿਸ ਵਿਚ ਬੈਂਕ, ਪੀਡੀਐੱਸ (ਰਾਸ਼ਨ ਦੀ ਦੁਕਾਨ), ਆਂਗਣਵਾੜੀ, ਸਕੂਲ ਅਤੇ ਹਸਪਤਾਲ ਹੋਣਗੇ। ਇਹ ਲੋਕ-ਭਲਾਈ ਸੇਵਾਵਾਂ ਸਰਕਾਰ ਦੁਆਰਾ ਮੁਹੱਈਆ ਕੀਤੀਆਂ ਜਾਂਦੀਆਂ ਹਨ; ਨੀਮ-ਫ਼ੌਜੀ ਲਸ਼ਕਰ ਇਹ ਕੰਮ ਕਿਉਂ ਕਰ ਰਹੇ ਹਨ? ਤੁਸੀਂ ਇਸਨੂੰ ਕਿਵੇਂ ਦੇਖਦੇ ਹੋ; ਇਹ ਕੈਂਪ ਬਣਾਏ ਜਾਣ ਦਾ ਉਦੇਸ਼ ਕੀ ਹੈ?

ਜਵਾਬ: ਜਦੋਂ ਉੱਥੇ ਗ੍ਰਾਮ ਸਭਾਵਾਂ ਹਨ ਜਿਨ੍ਹਾਂ ਕੋਲ ਆਪਣਾ ਸਰਪੰਚ ਅਤੇ ਸੈਕਟਰੀ ਹੈ - ਕਾਨੂੰਨ ਅਨੁਸਾਰ ਉਹ ਸਰਵਉੱਚ ਹਨ - ਤਾਂ ਨੀਮ-ਫ਼ੌਜੀ ਲਸ਼ਕਰ ਸੜਕਾਂ ਕਿਉਂ ਬਣਾ ਰਹੇ ਹਨ? ਸਾਨੂੰ ਅਜਿਹੀਆਂ ਸੜਕਾਂ ਦਿਓ ਜੋ ਸਾਡੇ ਬੱਚਿਆਂ ਦੇ ਸਕੂਲ ਜਾਣ-ਆਉਣ ਲਈ ਹੋਣ, ਅਜਿਹੀਆਂ ਸੜਕਾਂ ਜਿਨ੍ਹਾਂ ਨਾਲ ਅਸੀਂ ਮੰਡੀ ਤੱਕ ਆ ਜਾ ਸਕੀਏ। ਪਰ ਇਹ ਵੱਡੀਆਂ-ਵੱਡੀਆਂ ਸੜਕਾਂ ਜੰਗਲਾਂ ਵਿਚ ਰਹਿਣ ਵਾਲੇ ਆਦਿਵਾਸੀਆਂ ਲਈ ਨਹੀਂ ਬਣਾਈਆਂ ਜਾ ਰਹੀਆਂ। ਇਹ ਸੜਕਾਂ ਤਾਂ ਖਣਿਜਾਂ ਨਾਲ ਭਰਪੂਰ ਪਹਾੜੀਆਂ ਤੱਕ ਪਹੁੰਚਣ ਲਈ ਬਣਾਈਆਂ ਜਾ ਰਹੀਆਂ ਹਨ। ਪਹਾੜੀਆਂ ਦਾ ਸ਼ੋਸ਼ਣ ਕਰਨ, ਖਣਿਜ ਕੱਢਣ ਤੋਂ ਬਾਅਦ, ਉਹ ਖਣਿਜਾਂ ਦੀ ਢੋਆ-ਢੁਆਈ ਇਨ੍ਹਾਂ ਵੱਡੀਆਂ ਸੜਕਾਂ ਰਾਹੀਂ ਕਰਨਗੇ।

ਕੀ ਕੇਂਦਰ ਸਰਕਾਰ ਜਾਂ ਅਮਿਤ ਸ਼ਾਹ ਇਹ ਲਿਖਤੀ ਰੂਪ ਵਿਚ ਦੇ ਸਕਦੇ ਹਨ ਕਿ ਆਦਿਵਾਸੀਆਂ ਤੋਂ ਜ਼ਮੀਨ ਜਾਂ ਵਸੀਲਿਆਂ ਦਾ ਇਕ ਵੀ ਟੁਕੜਾ ਨਹੀਂ ਖੋਹਿਆ ਜਾਵੇਗਾ, ਕੋਈ ਮਾਈਨਿੰਗ ਨਹੀਂ ਹੋਵੇਗੀ, ਜ਼ਮੀਨ ਦਾ ਸ਼ੋਸ਼ਣ ਨਹੀਂ ਕੀਤਾ ਜਾਵੇਗਾ, ਅਤੇ ਵਾਤਾਵਰਣ ਨੂੰ ਤਬਾਹ ਨਹੀਂ ਕੀਤਾ ਜਾਵੇਗਾ? ਮੈਂ ਬਸਤਰ ਦੇ ਸਾਰੇ ਆਦਿਵਾਸੀਆਂ ਨੂੰ ਇਕੱਠੇ ਕਰਨ ਦੀ ਚੁਣੌਤੀ ਕਬੂਲਣ ਲਈ ਤਿਆਰ ਹਾਂ ਅਤੇ ਮਾਓਵਾਦੀਆਂ ਨਾਲ ਵੀ ਗੱਲ ਕਰਨ ਲਈ ਤਿਆਰ ਹਾਂ। ਪਰ ਸਰਕਾਰ ਨੂੰ ਪਹਿਲਾਂ ਸਾਡੇ ਨਾਲ ਗੱਲ ਕਰਨੀ ਪਵੇਗੀ, ਇਹ ਭਰੋਸਾ ਦੇਣ ਤੋਂ ਬਾਅਦ ਹੀ ਗੱਲ ਤੁਰੇਗੀ ਕਿ ਆਦਿਵਾਸੀ ਜ਼ਮੀਨ ਦਾ ਇਕ ਵੀ ਟੁਕੜਾ ਨਹੀਂ ਖੋਹਿਆ ਜਾਵੇਗਾ।

**ਸਵਾਲ:** ਸਾਰੇ ਜ਼ੁਲਮ ਵਿਕਾਸ ਦੇ ਨਾਂ 'ਤੇ ਕੀਤੇ ਜਾ ਰਹੇ ਹਨ। ਤੁਸੀਂ ਇਸ "ਵਿਕਾਸ ਪ੍ਰਵਚਨ" ਨੂੰ ਕਿਵੇਂ ਦੇਖਦੇ ਹੋ?

**ਜਵਾਬ:** ਅਸੀਂ ਕੰਪਨੀਆਂ ਦਾ ਵਿਰੋਧ ਕਰਦੇ ਹਾਂ। ਮਿਸਾਲ ਵਜੋਂ, ਐੱਨਐੱਮਡੀਸੀ (ਸਰਕਾਰੀ ਖੇਤਰ ਦਾ ਅਦਾਰਾ ਕੌਮੀ ਖਣਿਜ ਵਿਕਾਸ ਕਾਰਪੋਰੇਸ਼ਨ) ਇਸ ਖੇਤਰ ਵਿਚ 75 ਸਾਲਾਂ ਤੋਂ ਵੱਧ ਸਮੇਂ ਤੋਂ ਮਾਈਨਿੰਗ ਕਰ ਰਿਹਾ ਹੈ। ਅਸੀਂ ਸੋਚਿਆ ਸੀ ਕਿ ਇਹ ਆਉਣ ਵਾਲੀਆਂ ਪੀੜ੍ਹੀਆਂ ਦੇ ਭਲੇ ਲਈ ਹੋਵੇਗਾ; ਸਾਡੇ ਲੋਕਾਂ ਨੂੰ ਨੌਕਰੀਆਂ, ਹਸਪਤਾਲ, ਸਕੂਲ ਮਿਲਣਗੇ; ਭਵਿੱਖ ਸਾਰਿਆਂ ਲਈ ਸੁਰੱਖਿਅਤ ਹੋਵੇਗਾ। ਅੱਜ, ਪਹਾੜੀਆਂ ਖੋਖਲੀਆਂ ਕਰ ਦਿੱਤੀਆਂ ਗਈਆਂ ਹਨ ਪਰ ਪਹਾੜੀਆਂ ਤੋਂ ਹੇਠਾਂ ਰਹਿਣ ਵਾਲੇ ਲੋਕ ਲੋਹੇ ਦੀਆਂ ਖਾਣਾਂ ਨਾਲ ਜ਼ਹਿਰੀਲਾ ਹੋਇਆ, ਲਾਲ ਪਾਣੀ ਪੀਣ ਲਈ ਮਜਬੂਰ ਹਨ। ਨਿੱਕੇ ਬੱਚੇ ਬਚ ਨਹੀਂ ਸਕਦੇ; ਖੇਤੀਬਾੜੀ ਵਾਲੀਆਂ ਜ਼ਮੀਨਾਂ ਤਬਾਹ ਕਰ ਦਿੱਤੀਆਂ ਜਾਂਦੀਆਂ ਹਨ। ਉਹ ਲੋਕ ਨਿੱਕੀਆਂ-ਨਿੱਕੀਆਂ ਜੰਗਲੀ ਉਪਜਾਂ ਵੇਚ ਕੇ ਗੁਜ਼ਾਰਾ ਕਰਦੇ ਹਨ। ਜੇਕਰ ਮਾਈਨਿੰਗ ਦਾ ਨਤੀਜਾ ਇਹ ਹੈ, ਤਾਂ ਲੋਕ ਇਸਦਾ ਵਿਰੋਧ ਕਿਉਂ ਨਹੀਂ ਕਰਨਗੇ, ਤੁਸੀਂ ਦੱਸੋ?

ਪਿਡੀਆ ਪਿੰਡ 'ਚ ਕੋਈ ਸਕੂਲ ਨਹੀਂ ਹੈ। ਉਹ ਦਾਅਵਾ ਕਰਨਗੇ ਕਿ ਮਾਓਵਾਦੀ ਸਕੂਲ ਨਹੀਂ ਬਣਨ ਦਿੰਦੇ। ਕੋਈ ਹਸਪਤਾਲ ਨਹੀਂ ਹਨ। ਉਹ ਦਾਅਵਾ ਕਰਨਗੇ ਕਿ ਮਾਓਵਾਦੀ ਉਨ੍ਹਾਂ ਨੂੰ ਹਸਪਤਾਲ ਨਹੀਂ ਬਣਾਉਣ ਦਿੰਦੇ। ਲੋਕਾਂ ਕੋਲ ਜ਼ਮੀਨ ਦੇ ਕਾਗਜ਼ ਨਹੀਂ ਹਨ। ਉਹ ਕਹਿਣਗੇ ਕਿ ਮਾਓਵਾਦੀ ਉਨ੍ਹਾਂ ਨੂੰ ਜ਼ਮੀਨ ਦੇ ਕਾਗਜ਼ ਬਣਾਉਣ ਦੀ ਇਜਾਜ਼ਤ ਨਹੀਂ ਦਿੰਦੇ। ਉੱਥੇ ਕੋਈ ਆਂਗਣਵਾੜੀ ਕੇਂਦਰ ਨਹੀਂ ਹਨ। ਉਹ ਕਹਿਣਗੇ ਕਿ ਮਾਓਵਾਦੀ ਉਨ੍ਹਾਂ ਨੂੰ ਆਂਗਣਵਾੜੀ ਕੇਂਦਰ ਨਹੀਂ ਬਣਾਉਣ ਦਿੰਦੇ। ਕਿਸੇ ਵੀ ਰਸਤੇ, ਗਲੀ ਅਤੇ ਪਿੰਡ ਵਿਚ ਬਿਜਲੀ ਨਹੀਂ ਹੈ। ਉਹ ਕਹਿਣਗੇ ਕਿ ਮਾਓਵਾਦੀ ਉਨ੍ਹਾਂ ਨੂੰ ਬਿਜਲੀ ਦੀਆਂ ਲਾਈਨਾਂ ਨਹੀਂ ਵਿਛਾਉਣ ਦਿੰਦੇ।

ਪਿੰਡ ਦੀਆਂ ਸਾਰੀਆਂ ਸੜਕਾਂ ਬਣਾਈਆਂ ਜਾਣੀਆਂ ਚਾਹੀਦੀਆਂ ਹਨ; ਬਿਜਲੀ, ਹਸਪਤਾਲ, ਪਾਣੀ ਦੇ ਕੁਨੈਕਸ਼ਨ ਅਤੇ ਬੱਚਿਆਂ ਲਈ ਸਹੂਲਤਾਂ ਹੋਣੀਆਂ ਚਾਹੀਦੀਆਂ ਹਨ। ਵਿਕਾਸ ਉੱਥੋਂ ਸ਼ੁਰੂ ਹੁੰਦਾ ਹੈ। ਇਸ ਤੋਂ ਬਾਅਦ ਹੀ ਵੱਡੀਆਂ ਸੜਕਾਂ ਆਉਣੀਆਂ ਚਾਹੀਦੀਆਂ ਹਨ। ਪਰ ਉਹ ਸਿਰਫ਼ ਵੱਡੀਆਂ ਸੜਕਾਂ ਦੀ ਗੱਲ ਕਰਦੇ ਹਨ।

ਜਦੋਂ ਪੱਤਰਕਾਰ ਮੁਕੇਸ਼ ਚੰਦਰਾਕਰ ਨੇ ਸੜਕਾਂ ਦਾ ਮੁੱਦਾ ਚੁੱਕਿਆ ਤਾਂ ਉਸਨੂੰ ਮਾਰ ਦਿੱਤਾ ਗਿਆ। ਕੀ ਤੁਸੀਂ ਉਸਨੂੰ ਵਿਕਾਸ ਵਿਰੋਧੀ ਕਹੋਗੇ? ਜੋ ਸੱਚ ਬੋਲਦੇ ਹਨ ਉਨ੍ਹਾਂ ਨੂੰ ਕੁਚਲ ਦਿੱਤਾ ਜਾਂਦਾ ਹੈ। ਉਸਨੇ ਸੱਚਾਈ ਸਾਹਮਣੇ ਲਿਆਂਦੀ।

ਅਸੀਂ ਵੀ ਵਿਕਾਸ ਚਾਹੁੰਦੇ ਹਾਂ, ਪਰ ਉਸ ਤਰ੍ਹਾਂ ਦਾ ਵਿਕਾਸ ਨਹੀਂ ਜਿਸ ਤਰ੍ਹਾਂ ਦੇ ਵਿਕਾਸ ਦੀ ਗੱਲ ਉਹ ਕਰਦੇ ਹਨ। ਪਹਿਲਾਂ ਸਾਨੂੰ ਸਾਡੇ ਮੌਲਿਕ ਅਧਿਕਾਰ ਦੇਣ। ਉਸ ਤੋਂ ਬਾਅਦ ਉਹ ਵਿਕਾਸ ਕਰ ਸਕਦੇ ਹਨ। ਪਰ ਇਸ ਦੀ ਬਜਾਏ, ਉਹ ਸਿਰਫ਼ ਇਨ੍ਹਾਂ ਕੰਪਨੀਆਂ ਦੀ ਸੇਵਾ ਕਰਨਾ ਚਾਹੁੰਦੇ ਹਨ।

*(ਪਿਛਲੇ ਸਫੇ ਦਾ ਬਾਕੀ)*

ਸੁਮੀਤ ਸਰਕਾਰ ਨੇ ਮੈਨਸਰਗ (Mansergh, Transfer of Pofer, Vols. II-III) ਦੇ ਹਵਾਲੇ ਨਾਲ ਦਲੀਲ ਦਿੱਤੀ ਹੈ ਕਿ ਜੂਨ 1946 ਵਿਚ ਅੰਗਰੇਜ਼ ਹਕੂਮਤ ਨੂੰ ਖਦਸ਼ਾ ਸੀ ਕਿ ਕਾਂਗਰਸ ਫਿਰ ਵੱਡਾ ਜਨ-ਅੰਦੋਲਨ ਸ਼ੁਰੂ ਕਰ ਸਕਦੀ ਸੀ ਅਤੇ ਉਸ ਲਈ ਉਹ ਅੰਗਰੇਜ਼ੀ ਫ਼ੌਜ ਦੀਆਂ ਪੰਜ ਡਿਵੀਜ਼ਨਾਂ ਲਿਆਉਣ ਲਈ ਸੋਚ ਰਹੀ ਸੀ; ਇਹ ਦਲੀਲ ਵੀ ਦਿੱਤੀ ਗਈ ਹੈ ਕਿ 1942 ਵਿਚ ਕਈ ਥਾਵਾਂ 'ਤੇ ਵਿਦਰੋਹ ਨੂੰ ਦਬਾਉਣ ਲਈ ਹਵਾਈ ਫ਼ੌਜ ਨੇ ਮਸ਼ੀਨਗੰਨਾਂ ਨਾਲ ਗੋਲੀ ਚਲਾਈ ਪਰ 1947 ਦੀ ਹਿੰਸਾ ਦੌਰਾਨ ਅਜਿਹੀ ਕੋਈ ਕਾਰਵਾਈ ਨਾ ਕੀਤੀ ਗਈ; ਪੈਂਡਰਨ ਮੂਨ ਨੇ ਲਿਖਿਆ ਹੈ ਕਿ ਮਾਰਚ 1947 ਵਿਚ ਅੰਮ੍ਰਿਤਸਰ ਦੇ ਬਾਜ਼ਾਰ ਸੜ ਰਹੇ ਸਨ ਪਰ ਇਕ ਵੀ ਗੋਲੀ ਨਾ ਚਲਾਈ ਗਈ ਜਦੋਂਕਿ 1919 ਵਿਚ ਇਸੇ ਸ਼ਹਿਰ ਵਿਚ ਜਲ੍ਹਿਆਂਵਾਲਾ ਬਾਗ਼ ਵਿਚ ਸ਼ਾਂਤਮਈ ਲੋਕਾਂ 'ਤੇ ਅੰਧਾਧੁੰਦ ਗੋਲੀਆਂ ਚਲਾਈਆਂ ਗਈਆਂ ਹਨ। ਇਸ ਦਲੀਲ ਦਾ ਜਵਾਬ ਸ਼ਾਇਦ ਇਹੀ ਬਣਦਾ ਹੈ ਕਿ 1947 ਵਿਚ ਬਸਤੀਵਾਦੀ ਹਕੂਮਤ ਭਾਰਤ ਛੱਡਣ ਦਾ ਫ਼ੈਸਲਾ ਕਰ ਚੁੱਕੀ ਸੀ ਅਤੇ ਉਸ ਨੂੰ ਇਸ ਨਾਲ ਕੋਈ ਫ਼ਰਕ ਨਹੀਂ ਸੀ ਪੈਂਦਾ ਕਿ ਮੁਕਾਮੀ ਲੋਕ ਫ਼ਿਰਕੂ ਹਿੰਸਾ ਨਾਲ ਇਕ ਦੂਸਰੇ ਨੂੰ ਕਿਵੇਂ ਤਬਾਹ ਕਰਦੇ ਹਨ; ਸਗੋਂ ਅਜਿਹੀ ਹਿੰਸਾ ਉਨ੍ਹਾਂ ਦੇ ਇਸ ਬਿਰਤਾਂਤ ਵਿਚ ਫਿੱਟ ਹੁੰਦੀ ਸੀ ਕਿ ਇਹ ਲੋਕ ਖ਼ੁਦ ਹਕੂਮਤ ਕਰਨ ਦੇ ਕਾਬਿਲ ਨਹੀਂ ਹਨ।

ਇਹ ਨਿਸ਼ਚਤ ਹੈ ਕਿ ਅੰਗਰੇਜ਼ ਹਕੂਮਤ ਫ਼ਿਰਕੂ ਫ਼ਸਾਦਾਂ ਵਿਚ ਅੰਗਰੇਜ਼ ਫ਼ੌਜਾਂ ਨੂੰ ਧੱਕਣਾ ਨਹੀਂ ਸੀ ਚਾਹੁੰਦੀ, ਜਦੋਂਕਿ ਵੱਖ-ਵੱਖ ਧਰਮਾਂ ਤੇ ਜਾਤਾਂ 'ਤੇ ਆਧਾਰਿਤ ਪਲਟਨਾਂ ਦੀ ਭੂਮਿਕਾ ਨਿਰਪੱਖ ਨਹੀਂ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬ, ਹਰਿਆਣਾ, ਦਿੱਲੀ, ਬਿਹਾਰ, ਬੰਗਾਲ ਆਦਿ ਦੇ ਵੱਡੇ ਹਿੱਸਿਆਂ ਨੂੰ ਅਜਿਹੀ ਸਥਿਤੀ ਵੱਲ ਧੱਕ ਦਿੱਤਾ ਗਿਆ ਸੀ ਜਿਸ ਨੂੰ ਅਰਾਜਕਤਾ ਤੋਂ ਬਿਨਾਂ ਕੁਝ ਹੋਰ ਨਹੀਂ ਕਿਹਾ ਜਾ ਸਕਦਾ। ਇਹ ਆਪਣੇ ਆਪ ਨੂੰ ਸਭਿਅਕ ਤੇ ਜਮਹੂਰੀ ਅਖਵਾਉਣ ਵਾਲੀ ਅੰਗਰੇਜ਼ ਸਰਕਾਰ ਦਾ ਭਾਰਤ ਦੇ ਲੋਕਾਂ ਨੂੰ ਆਖਰੀ 'ਤੋਹਫ਼ਾ' ਸੀ ਜਿਸ ਨੂੰ ਪੈਂਡਰਲ ਮੂਨ ਦੀ ਕਿਤਾਬ ਦਾ ਨਾਂ ਪਾੜੋ ਤੇ ਛੱਡ ਜਾਓ (Divide And Quit) ਬਹੁਤ ਸਹੀ ਸ਼ਬਦਾਂ ਵਿਚ ਪ੍ਰਗਟ ਕਰਦਾ ਹੈ। ਇਹ ਦਲੀਲ ਦਿੱਤੀ ਜਾ ਸਕਦੀ ਹੈ ਕਿ 20ਵੀਂ ਸਦੀ ਵਿਚ ਸਾਮਰਾਜਵਾਦ ਬਸਤੀਵਾਦ ਦੀ ਕਰੂਰਤਾ ਜੋ ਪਹਿਲੀ ਆਲਮੀ ਜੰਗ, ਨਾਜ਼ੀਵਾਦ, ਫ਼ਾਸ਼ੀਵਾਦ, ਨਸਲਵਾਦ, ਬਸਤੀਵਾਦ ਦੇ ਗੁਲਾਮ ਦੇਸ਼ਾਂ ਦੇ ਲੋਕਾਂ 'ਤੇ ਜ਼ੁਲਮਾਂ (ਜਿਨ੍ਹਾਂ ਦੀਆਂ ਪ੍ਰਮੁੱਖ ਮਿਸਾਲਾਂ ਵਿਚੋਂ ਜਲ੍ਹਿਆਂਵਾਲਾ ਬਾਗ਼ ਵਾਲਾ ਸਾਕਾ ਹੈ) ਉਹ (ਕਰੂਰਤਾ) 1946-47 ਵਿਚ ਹਿੰਦੋਸਤਾਨੀ ਬਰੇ-ਸਗੀਰ ਵਿਚ ਵੰਡ ਦੇ ਤਬਹਾਕੁਨ ਰੂਪ ਵਿਚ ਪ੍ਰਗਟ ਹੋਈ। ਉਪਰੋਕਤ ਵਰਤਾਰਿਆਂ ਵਿਚ ਸਿਖਤ ਸਾਮਰਾਜਵਾਦੀਆਂ ਨੂੰ ਨਾ ਤਾਂ ਮਨੁੱਖੀ ਜਾਨਾਂ ਪ੍ਰਤੀ ਕੋਈ ਇਨਸਾਨੀ ਲਗਾਓ ਸੀ ਅਤੇ ਨਾ ਹੀ ਮੁਲਕਾਂ ਦੀਆਂ ਨਵੀਆਂ ਸਰਹੱਦਾਂ ਬਣਾਉਣ ਅਤੇ ਨਾ ਹੀ ਧਰਤੀ ਦੇ ਸੀਨੇ 'ਤੇ ਲੀਕਾਂ ਮਾਰ ਕੇ ਨਵੇਂ ਮੁਲਕ ਬਣਾਉਣ ਵਿਚ; ਉਨ੍ਹਾਂ ਏਸ਼ੀਆ ਤੇ ਅਫ਼ਰੀਕਾ ਦੇ ਗੁਲਾਮ ਦੇਸ਼ਾਂ ਵਿਚ ਲਗਭਗ ਹਰ ਇਕ ਵਿਚ ਵਸਦੇ ਫ਼ਿਰਕਿਆਂ ਨੂੰ ਇਕ ਦੂਸਰੇ ਵਿਰੁੱਧ ਚੁੱਕਿਆ, ਲੜਾਇਆ ਤੇ ਚਿਰੰਜੀਵੀ ਨਫ਼ਰਤ ਦੇ ਸੰਸਾਰ ਪੈਦਾ ਕੀਤੇ ਸਨ। ਹਿੰਦੋਸਤਾਨੀ ਬਰੇ- ਸਗੀਰ (ਉਪ-ਮਹਾਂਦੀਪ) ਵਿਚ ਵੀ ਇਹ ਜ਼ਿਹਨੀਅਤ ਹਿੰਦੋਸਤਾਨ ਦੇ ਦੋ ਟੋਟੇ ਕਰ ਦੇਣ ਦੇ ਰੂਪ ਵਿਚ ਅਮਲ ਵਿਚ ਆਈ, ਲੋਕਾਂ ਨੂੰ ਧਰਮ ਦੇ ਆਧਾਰ 'ਤੇ ਵੰਡਦੀ ਹੋਈ, ਸਾਂਝੀਵਾਲਤਾ ਦੀਆਂ ਪਰੰਪਰਾਵਾਂ ਨੂੰ ਖੇਰੂੰ-ਖੇਰੂੰ ਕਰਦੀ ਹੋਈ ਅਤੇ ਆਜ਼ਾਦ ਹੋ ਰਹੇ ਭਾਰਤ ਅਤੇ ਨਵੇਂ ਬਣ ਰਹੇ ਪਾਕਿਸਤਾਨ ਨੂੰ ਦੁਸ਼ਮਣੀ ਦੀ ਗੁੜ੍ਹਤੀ ਦਿੰਦੀ ਹੋਈ। ਇਹ ਸਹੀ ਹੈ ਕਿ ਦੂਸਰੀ ਆਲਮੀ ਜੰਗ ਵਿਚ ਅੰਗਰੇਜ਼ਾਂ ਦਾ ਭਾਰਤ ਵਿਚ ਰਹਿਣਾ ਨਾਮੁਮਕਿਨ ਹੋ ਗਿਆ ਸੀ। ਉਸਦੇ ਕਈ ਕਾਰਨ ਸਨ ਜਿਨ੍ਹਾਂ ਵਿਚੋਂ ਬਰਤਾਨੀਆ ਦੀ ਤਾਕਤ ਨੂੰ ਵੱਡਾ ਖੋਰਾ ਲੱਗਣਾ ਇਕ ਮਹੱਤਵਪੂਰਨ ਕਾਰਨ ਸੀ।ਸਿਰਫ਼ ਬਰਤਾਨੀਆ ਦਾ ਆਰਥਿਕ ਪੱਖ ਤੋਂ ਹੀ ਨੁਕਸਾਨ ਨਹੀਂ ਸੀ ਹੋਇਆ ਸਗੋਂ ਮਨੁੱਖੀ ਤੇ ਮਾਨਸਿਕ ਪੱਖ ਤੋਂ ਹੋਏ ਨੁਕਸਾਨ ਵੀ ਬਹੁਤ ਵੱਡੇ ਸਨ। ਬਰਤਾਨੀਆ ਇਕ ਬਸਤੀਵਾਦੀ ਤਾਕਤ ਬਣੇ ਰਹਿਣ ਦੀ ਆਰਥਿਕ ਤੇ ਮਾਨਸਿਕ ਸ਼ਕਤੀ ਤੋਂ ਵਿਰਵਾ ਹੋ ਗਿਆ ਸੀ ਪਰ ਕਮਜ਼ੋਰ ਹੋਏ ਇਸ ਦੇਸ਼ ਦੇ ਹਾਕਮਾਂ ਅਤੇ ਨੌਕਰਸ਼ਾਹਾਂ ਕੋਲ ਏਸ਼ੀਆ ਤੇ ਅਫ਼ਰੀਕਾ ਦੇ ਦੇਸ਼ਾਂ ਦੇ ਲੋਕਾਂ ਤੇ ਉਨ੍ਹਾਂ ਆਗੂਆਂ ਦੇ ਮੁਕਾਬਲੇ ਰਾਜ ਕਰਨ, ਉਨ੍ਹਾਂ ਨੂੰ ਆਪਸ ਵਿਚ ਲੜਾਉਣ ਤੇ ਉਲਝਾਉਣ ਤੇ ਖ਼ੁਦ ਫਾਇਦਾ ਲੈਣ, ਬੇਰਹਿਮੀ ਨਾਲ ਫ਼ੈਸਲਾ ਕਰਨ, ਮੁਕਾਮੀ ਆਗੂਆਂ, ਰਾਜਿਆਂ ਤੇ ਰਜਵਾੜਿਆਂ ਨੂੰ ਆਪਣੇ ਵੱਲ ਖਿੱਚਣ ਦੇ ਤਜਰਬੇ ਕਿਤੇ ਜ਼ਿਆਦਾ ਸਨ।

**(ਚੱਲਦਾ)**

# ਪੰਜਾਬ ਨਾਟਸ਼ਾਲਾ ਵਿਚ 'Forever Queen ਮਹਾਰਾਣੀ ਜਿੰਦਾਂ' ਦਾ ਸਫਲ ਮੰਚਨ



ਅਨਾਮਿਕਾ ਆਰਟਸ ਐਸੋਸੀਏਸ਼ਨ ਅੰਮ੍ਰਿਤਸਰ ਵੱਲੋਂ ਪੰਜਾਬ ਨਾਟਸ਼ਾਲਾ ਦੇ ਸਹਿਯੋਗ ਨਾਲ ਔਰਤ ਦੇ ਸੰਘਰਸ਼ ਦੀ ਕਹਾਣੀ ਬਿਆਨ ਕਰਦੇ ਨਾਟਕ "Forever Queen ਮਹਾਰਾਣੀ ਜਿੰਦਾਂ" ਦਾ ਮੰਚਨ ਕੀਤਾ ਗਿਆ। ਡਾ. ਆਤਮਾ ਸਿੰਘ ਗਿੱਲ ਦੁਆਰਾ ਲਿਖੇ ਅਤੇ ਈਮੈਨੂਅਲ ਸਿੰਘ ਦੁਆਰਾ ਨਿਰਦੇਸ਼ਿਤ ਨਾਟਕ 'Forever Queen ਮਹਾਰਾਣੀ ਜਿੰਦਾਂ' ਰਾਹੀਂ ਅੱਜ ਦੀ ਨਵੀਂ ਪੀੜ੍ਹੀ ਨੂੰ ਪੰਜਾਬ ਦੇ ਉਸ ਸੁਨਹਿਰੀ ਦੌਰ ਨਾਲ ਜਾਣੂ ਕਰਵਾਉਣ ਦਾ ਸਫਲ ਯਤਨ ਕੀਤਾ ਗਿਆ ਜਿਸ ਨੂੰ ਖਾਲਸਾ ਰਾਜ ਜਾਂ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਨਾਟਕ ਵਿੱਚ ਸਿੱਖ ਰਾਜ ਦੀ ਅਧੋਗਤੀ ਦੇ ਨਾਲ ਮਹਾਰਾਣੀ ਜਿੰਦਾਂ ਅਤੇ ਮਹਾਰਾਜਾ ਦਲੀਪ ਸਿੰਘ ਦੇ ਦੁਖਾਂਤ ਨੂੰ ਵਿਭਿੰਨ ਨਾਟਕੀ ਜੁਗਤਾਂ ਰਾਹੀਂ ਪ੍ਰਸਤੁਤ ਕੀਤਾ ਗਿਆ। ਨਾਟਕ ਵਿੱਚ ਮਹਾਰਾਣੀ ਜਿੰਦਾਂ ਦੇ ਜੀਵਨ ਸੰਘਰਸ਼ ਅਤੇ ਖੁੱਸੇ ਹੋਏ ਸਿੱਖ ਰਾਜ ਦੀ ਮੁੜ ਪ੍ਰਾਪਤੀ ਲਈ ਅਤੇ ਬਾਲਕ ਮਹਾਰਾਜੇ ਦਲੀਪ ਸਿੰਘ ਨੂੰ ਉਸਦੇ ਹਕੂਕ ਦਿਵਾਉਣ ਲਈ ਜਦੋ-ਜਹਿਦ ਦ੍ਰਿਸ਼ਟੀਗੋਚਰ ਹੁੰਦੀ ਹੈ।


ਮਹਾਰਾਣੀ ਜਿੰਦਾਂ ਉਹ ਮਹਾਨ ਔਰਤ ਸੀ ਜੋ ਅੰਗਰੇਜ਼ਾਂ ਤੋਂ ਬਾਗੀ ਹੋ ਕੇ ਸਾਰੀ ਉਮਰ ਸ਼ੇਰਨੀ ਵਾਂਗ ਸਿੱਖ ਰਾਜ ਵਾਸਤੇ ਲੜਦੀ ਰਹੀ ਤੇ ਅਖੀਰ ਆਪਣੇ ਪ੍ਰਭਾਵ ਸਦਕਾ ਈਸਾਈ ਬਣੇ ਦਲੀਪ ਸਿੰਘ ਵਿੱਚ ਮੁੜ ਸਿੱਖ ਰਾਜ ਦਾ ਮਹਾਰਾਜਾ ਬਨਣ ਲਈ ਚਿਣਗ ਪੈਦਾ ਕਰਦੀ ਹੈ। ਸ਼ਾਹ ਮੁਹੰਮਦ ਦੀ ਕਵਿਤਾ ਸਿੰਘਾਂ ਤੇ ਫਰੰਗੀਆਂ ਨੂੰ ਅਧਾਰ ਬਣਾ ਕੇ ਤੇ ਇਸ ਦੇ ਲਿਖਤਕਾਰ ਸ਼ਾਹ ਮੁਹੰਮਦ ਨੂੰ ਹੀ ਸੂਤਰਧਾਰ ਬਣਾ ਕੇ, ਨਾਟਕੀ ਪੇਸ਼ਕਾਰੀ ਨੂੰ ਕਿੱਸਾਗੋਈ, ਲੋਕ ਵਾਰ-ਕਵੀਸ਼ਰੀ ਦੀ ਵਿਧਾ ਰਾਹੀਂ ਲੋਕਧਾਰਾਈ ਅੰਦਾਜ਼ ਵਿੱਚ ਪੇਸ਼ ਕੀਤਾ ਗਿਆ। ਮੁੱਖ ਮਹਿਮਾਨ ਵੱਜੋਂ ਸ਼ਾਮਿਲ ਹੋਏ ਪ੍ਰਿੰਸੀਪਲ ਡਾ. ਇੰਦਰਜੀਤ ਸਿੰਘ ਗੋਗੋਆਣੀ ਨੇ ਨਾਟਕ ਦੀ ਪ੍ਰਸਤੁਤੀ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਇਤਿਹਾਸਕ ਨਾਟਕ ਦਾ ਮੰਚਨ ਚੁਣੌਤੀ ਭਰਪੂਰ ਕਾਰਜ ਹੈ ਜਿਸ ਦੀ ਈਮੈਨੂਅਲ ਸਿੰਘ ਅਤੇ ਉਸਦੀ ਟੀਮ ਦੁਆਰਾ ਬਾਕਮਾਲ ਪੇਸ਼ਕਾਰੀ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਨਾਟਕ ਵਿੱਚ ਤਾਰੀਖ਼ਾਂ ਘਟਨਾਵਾਂ ਅਤੇ ਮਹਾਰਾਣੀ ਜਿੰਦਾਂ ਦੀਆਂ ਚਿੱਠੀਆਂ ਦੇ ਅਸਲ ਰੂਪ ਨੂੰ ਪੇਸ਼ ਕੀਤਾ ਗਿਆ ਅਤੇ ਖਾਲਸਾ ਰਾਜ ਦੇ ਤਖ਼ਤ ਦੀ ਹੂ-ਬ-ਹੂ ਨਕਲ ਰਾਹੀਂ ਉਸ ਸਮੇਂ ਦੇ ਸੁਨਹਿਰੀ ਇਤਿਹਾਸ ਨੂੰ ਦਰਸਾਇਆ ਗਿਆ।

ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਪ੍ਰਿੰਸੀਪਲ ਡਾ. ਸੁਰਿੰਦਰ ਕੌਰ, ਪ੍ਰਿੰਸੀਪਲ ਡਾ. ਕਰਨਜੀਤ ਸਿੰਘ, ਪ੍ਰਿੰਸੀਪਲ ਅਮਰਜੀਤ ਸਿੰਘ ਗਿੱਲ, ਡਾ. ਜਸਵੰਤ ਸਿੰਘ, ਪ੍ਰਿੰਸੀਪਲ ਪੀ.ਕੇ. ਜੌਹਨ, ਪੰਡਤ ਕ੍ਰਿਸ਼ਨ ਦਵੇਸਰ, ਡਾ. ਜਸਵਿੰਦਰ ਸਿੰਘ ਜੱਜ, ਮਾਸਟਰ ਕੁਲਜੀਤ ਵੇਰਕਾ ਤੋਂ ਇਲਾਵਾ ਸਤਿੰਦਰ ਸਿੰਘ ਓਠੀ, ਸ. ਸੁਖਪਾਲ ਸਿੰਘ ਸੰਧੂ, ਲਾਡੀ ਸੈਂਸਰਾ, ਨਵਪ੍ਰੀਤ ਸਿੰਘ ਲਵਲੀ ਤੋਂ ਇਲਾਵਾ ਵੱਖ-ਵੱਖ ਸਕੂਲਾਂ ਕਾਲਜਾਂ ਦੇ ਪ੍ਰਿੰਸੀਪਲ, ਅਧਿਆਪਕ ਅਤੇ ਸ਼ਹਿਰ ਦੇ ਪਤਵੰਤੇ ਸੱਜਣਾਂ ਨੇ ਵੱਡੀ ਗਿਣਤੀ ਵਿਚ ਹਾਜ਼ਰੀ ਭਰੀ। ਡਾ. ਸਰਘੀ ਦੁਆਰਾ ਮੰਚ ਸੰਚਾਲਨ ਦੀ ਭੂਮਿਕਾ ਨਿਭਾਈ ਗਈ। ਨਾਟਕ ਵਿੱਚ ਪ੍ਰੀਤਪਾਲ ਹੁੰਦਲ, ਗੁਰਪਿੰਦਰ ਕੌਰ, ਈਮੈਨੂਅਲ ਸਿੰਘ, ਮਰਕਸਪਾਲ ਗੁਮਟਾਲਾ, ਡਾ. ਆਤਮਾ ਸਿੰਘ ਗਿੱਲ,ਆਲਮ ਸਿੰਘ, ਲਖਵਿੰਦਰ ਲੱਕੀ, ਪ੍ਰੋ. ਅਜੈਪਾਲ ਸਿੰਘ ਚਵਿੰਡਾ, ਸਾਰੰਗੀ ਵਾਦਕ ਪ੍ਰੋ. ਸੁਖਵਿੰਦਰ ਸਿੰਘ, ਜਸਵਿੰਦਰ ਸਿੰਘ ਡਾ. ਕਰਨ ਗੁਲਜ਼ਾਰ, ਪ੍ਰੀਆਦੀਪ ਕੌਰ, ਹੈਨਰੀ ਬੈਂਜਾਮਿਨ, ਰਵੀ ਕੁਮਾਰ, ਵਿਕਰਮ ਗੁਮਟਾਲਾ, ਜੀਆ, ਸਮਰਿੱਧੀ, ਮਾਨਸੀ, ਨਿਕਿਤਾ, ਸੁਰਭੀ, ਸੈਲਿਸ, ਅਚਲ, ਮੁਸਕਾਨ, ਗੁਰਲੀਨ ਕੌਰ, ਅਨਮੋਲ ਰਾਣਾ, ਦਿਵਾਂਸ਼ੂ, ਪ੍ਰਿੰਸ, ਹਰਨੂਰ ਸਿੰਘ, ਗਤਕਾ ਟੀਮ ਆਦਿ ਅਦਾਕਾਰਾਂ ਨੇ ਨਾਟਕ ਵਿੱਚ ਅਹਿਮ ਭੂਮਿਕਾ ਨਿਭਾਈ।

## ਕਲਾ ਪਰਿਕਰਮਾ

# 'ਦੀਪ ਕੋਟੜਾ ਵਾਲਾ' ਦੀਆਂ ਲਘੂ ਫਿਲਮਾਂ ਤੇ ਵੈੱਬਸੀਰੀਜ਼ ਮਿਲੀਅਨ ਵਿਊਜ਼ ਲੈ ਚਰਚਾ ਦਾ ਵਿਸ਼ਾ ਬਣਦੀਆਂ ਹਨ

ਪੰਜਾਬੀ ਫਿਲਮ ਜਗਤ ਦੀ ਇਕ ਅਜਿਹੀ ਅਜ਼ੀਮ ਸਖਸ਼ੀਅਤ ਨਾਲ ਤੁਹਾਨੂੰ ਰੁਬਰੂ ਕਰਵਾਉਣ ਜਾ ਰਿਹਾ, ਜੋ ਸਮਾਜਿਕ ਤਾਲੀਮ ਹਾਸਿਲ ਕਰ ਤਕਰੀਬਨ 200 ਦੇ ਕਰੀਬ ਲਘੂ ਫ਼ਿਲਮ ਦਾ ਨਿਰਮਾਣ ਕਰ, ਇਕ ਚੰਗਾ ਲੇਖਕ, ਡਾਇਰੈਕਟਰ ਤੇ ਪ੍ਰੋਡਿਊਸਰ ਅਤੇ ਅਦਾਕਾਰੀ ਦੇ ਖੇਤਰ 'ਚ ਮੂਹਰਲੀ ਕਤਾਰ ਆਣ ਖੜ ਗਿਆ । ਆਪਣਾ ਫਿਲਮੀ ਸਫ਼ਰ 2013 ਤੋ ਸ਼ੁਰੂ ਕੀਤਾ ਅੱਜ ਓਨਾਂ ਦੀਆਂ ਲਘੂ ਫਿਲਮਾਂ ਤੇ ਵੈੱਬਸੀਰੀਜ਼ ਮਿਲੀਅਨ ਵਿਊਜ਼ ਲੈ ਚਰਚਾ ਦਾ ਵਿਸ਼ਾ ਬਣੀਆਂ ਹੋਈਆਂ ਨੇ।ਪਰ ਓਨਾਂ ਦੇ ਸੁਪਨੇ ਚੱਲਦੇ- ਚੱਲਦੇ ਹੋਰ ਵੀ ਵੱਡੇ ਹੋ ਰਹੇ ਨੇ ਅਤੇ ਆਉਣ ਵਾਲੇ ਸਮੇ ਵਿਚ ਫ਼ਿਲਮ ਇੰਡਸਟ੍ਰੀਜ ਵਿਚ ਕੁਝ ਨਵਾਂ ਕਰਨ ਦੀ ਕਾਹਲ 'ਚ ਹਨ । ਓਨਾਂ ਦੀਆਂ ਫਿਲਮਾਂ ਦੇ ਵਿਸ਼ੇ ਸਮਾਜਿਕ ਵਰਤਾਰੇ ਨੂੰ ਪੇਸ਼ ਕਰਨ ਤੇ ਸਮਾਜ ਲਈ ਚਾਨਣ ਮੁਨਾਰੇ ਦਾ ਕੰਮ ਕਰਦੇ ਹਨ।






ਓਹਨਾਂ ਦੀਆਂ ਕੁਝ ਫਿਲਮਾਂ ਦਾ ਜਿਕਰ ਕਰਦੇ ਹਾਂ :- ਜਿਵੇ 'ਪੇਕੇ ਹੋਣ ਭਰਾਵਾਂ ਨਾਲ', ਮਾਂ ਤੇ ਮਾਂ ਵਿਚ ਫਰਕ, ਅਹਿਸਾਸ ਆਪਣਿਆ ਦਾ, ਦੂਜਾ ਵਿਆਹ, ਭੂਆ ਦੀ ਦੀਵਾਲੀ, ਧੀ ਦੀ ਬਰਬਾਦੀ, ਬੇਗਾਨੀ ਧੀ ਬੇਗਾਨੀ ਸੱਸ, ਰੱਖੜੀ ਦਾ ਮੁੱਲ, ਪੇਕੇ ਹੁੰਦੇ ਮਾਵਾਂ ਨਾਲ ਤੇ ਮਾਹੀ ਮੇਰਾ ਚੰਨ ਵਰਗਾ ਆਦਿ ਫਿਲਮਾਂ ਆਪਣਾ ਸ਼ੁਮਾਰ ਕਰਵਾਉਦੀਆਂ ਹਨ। ਮੈ ਉਸ ਮਾਣਮੱਤੇ ਸੂਖਮ ਸੋਚ ਦੇ ਮਾਲਕ ਦੀ ਗੱਲ ਕਰਨ ਜਾ ਰਿਹਾ, ਜੋ ਪੰਜਾਬ ਦੇ ਜ਼ਿਲਾ ਬਠਿੰਡਾ ਦੇ ਪਿੰਡ 'ਕੋਟੜਾ ਕੌੜਾ' ਵਿਚ ਮਾਤਾ ਸ੍ਰੀਮਤੀ ਬਲਜੀਤ ਕੌਰ ਤੇ ਪਿਤਾ ਸ੍ਰ ਸੁਖਦੇਵ ਸਿੰਘ ਦੇ ਘਰ ਜਨਮੇ ਉਸ ਨੌਜਵਾਨ ''ਪਰਦੀਪ ਸਿੰਘ'' ਦੀ ਪਛਾਣ ਅੱਜ ਫ਼ਿਲਮ ਜਗਤ ਵਿੱਚ ''ਦੀਪ ਕੋਟੜੇ ਵਾਲਾ'' ਨਾਲ ਬਣੀ ਹੋਈ ਹੈ। ਬਚਪਨ ਤੋ ਐਕਟਿੰਗ ਦਾ ਸ਼ੌਕ ਰੱਖਣ ਵਾਲਾ ਨੌਜਵਾਨ,ਅੱਜ ਖੁਦ ਫ਼ਿਲਮ ਲੇਖਕ, ਡਾਇਰੈਕਟਰ, ਪ੍ਰੋਡਿਊਸਰ ਤੇ ਅਦਾਕਾਰੀ ਕਰ ਆਪਣੇ ਸੁਪਨੇ ਸਾਕਾਰ ਕਰਨ ਵਿਚ ਰੁਝਿਆ ਹੋਇਆਂ ਹੈ।

ਗੱਲਬਾਤ ਦੌਰਾਨ ਓਨਾਂ ਦੱਸਿਆਂ ਆਉਣ ਵਾਲੇ ਸਮੇ ਦੌਰਾਨ ਓਹ ਸੰਗੀਤ ਜਗਤ ਵਿਚ ਆਪਣਾ ਗੀਤ ਰੀਲੀਜ਼ ਕਰ, ਸੰਗੀਤ ਪ੍ਰੇਮੀਆਂ ਤੋ ਦਾਦ ਲੈਣ ਜਾ ਰਿਹਾ ।

ਯੂਟਿਊਬ "ਦੀਪ ਕੋਟੜੇ ਵਾਲਾ" ਤੇ ਚੱਲ ਰਹੀ ਉਸਦੀ ਲਘੂ ਫ਼ਿਲਮ "ਸੁਣ ਵੇ ਰੱਬਾ" ਦਰਸ਼ਕਾਂ ਵੱਲੋ ਖ਼ੂਬ ਪਸੰਦ ਕੀਤੀ ਜਾ ਰਹੀ ਹੈ। ਇਸ ਲਘੂ ਫ਼ਿਲਮ ਦੀ ਕਹਾਣੀ ਪ੍ਰਸਿੱਧ ਕਹਾਣੀਕਾਰ 'ਗੁਰਮੀਤ ਬਾਠ' ਵੱਲੋਂ ਲਿਖੀ ਗਈ ਹੈ। ਜੋ ਸਮਾਜਿਕ ਤਾਣੇ ਬਾਣੇ ਬਾਰੇ ਭਲੀਭਾਂਤ ਜਾਣੂ ਹਨ।ਇਸ ਲਘੂ ਫ਼ਿਲਮ ਨੂੰ ਡਾਇਰੈਕਟਰ, ਪ੍ਰੋਡਿਊਸਰ ਤੇ ਅਦਾਕਾਰ ਵਜੋ ''ਦੀਪ ਕੋਟੜੇ ਵਾਲਾ'' ਤੇ ਏਨਾਂ ਦੀ ਟੀਮ ਨੇ ਦਿਨ ਰਾਤ ਦੀ ਮਿਹਨਤ ਲਗਨ ਨਾਲ ਤਿਆਰ ਕੀਤਾ ਹੈ।

ਇਸ ਫ਼ਿਲਮ ਵਿਚ ਸਟਾਰ ਕਾਸਟ ਖੁਦ "ਦੀਪ ਕੋਟੜੇ ਵਾਲਾ", ਅਵਤਾਰ ਹਰੀਏ ਵਾਲਾ, ਕੁਲਦੀਪ ਦੋਸਾਂਝ,ਅਰਸ ਗਿੱਲ,ਜੈਜ ਕੌਰ,ਹਰਜੱਸ ,ਅਮਨ ਸੁਖਲਾਡਾ,ਸੁਖਪਾਲ ਸਿੰਘ,ਪੋਮੀ ਗਿੱਲ ਤੇ ਕਿਰਨਾ ਕੌਰ ਆਦਿ ਅਦਾਕਾਰੀ ਦੇ ਜੌਹਰ ਦਿਖਾਏ ਹਨ। ਕੈਮਰਾਮੈਨ "ਹੈਪੀ" ਵੱਲੋ ਖ਼ੂਬਸੂਰਤ ਦ੍ਰਿਸ਼ ਕੈਮਰੇ ਵਿਚ ਕੈਦ ਕਰ ਦਰਸ਼ਕਾਂ ਦੀ ਕਚਹਿਰੀ ਹਾਜ਼ਰ ਕੀਤੇ ਗਏ ਨੇ ਅਤੇ ਫਿਲਮ ਦਾ ਪੋਸਟਰ ਕੁਦਰਤ ਦੇ ਰੰਗਾਂ ਨੂੰ ਲੈ ਤਿਆਰ ਕੀਤਾ ਗਿਆ ਹੈ।

**-ਸ਼ਿਵਨਾਥ ਦਰਦੀ ਫ਼ਰੀਦਕੋਟ**

# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 29 ਮਾਰਚ 2025 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-683



*ਲਾ ਕੇ ਧਾਂਕਾਂ ਅੱਸੀ ਕਰੋੜ ਲਈ, ਹੈ ਗੁਦਾਮ ਤੋਂ ਬਾਹਰ ਟਿਕਾਈ,*
*ਮਾਲ ਸਰਕਾਰੀ ਸਮਝ ਪੰਛੀਆਂ, ਹੈ ਦੇਖੋ ਆ ਮਹਿਫ਼ਲ ਸਜਾਈ।*
*ਗੁਟਰਗੂੰ ਗੁਟਰਗੂੰ ਕਰ ਸੈਨਤਾਂ, ਹੈ ਮੰਨੋ ਪੂਰੀ ਬ੍ਰਿਗੇਡ ਬੁਲਾਈ,*
*ਤਾਬੜ-ਤੋੜ ਰ.ਲ ਹਮਲਾ ਕੀਤਾ, ਝੱਟ ਕੌਲ਼ਾਂ ਕੱਢ ਦੇਰ ਨ ਲਾਈ।*

## ਕੈਪਸ਼ਨ ਮੁਕਾਬਲਾ-681



ਫਸਲਾਂ ਦੇ ਨਾਲ ਸੱਧਰਾਂ ਮਰੀਆਂ
ਕੁਦਰਤ ਐਸਾ ਕਹਿਰ ਕਮਾਇਆ।
ਮਿਹਨਤ ਸਾਰੀ ਮਿੱਟੀ ਹੋ ਗਈ
ਅੰਨ-ਦਾਤੇ ਦਾ ਮਨ ਮੁਰਝਾਇਆ।
ਚੜ੍ਹਿਆ ਕਰਜ਼ਾ ਲਹਿਣਾ ਨਾਹੀਂ
ਸਰਕਾਰਾਂ ਫੋਕਾ ਲਾਰਾ ਲਾਇਆ।
ਸੁਰਤ ਟਿਕਾਣੇ ਲਿਆ ਦੇਣਗੇ
ਕਿਸਾਨਾਂ ਨੇ ਜਦ ਘੇਰਾ ਪਾਇਆ।

***- ਜਗਮੀਤ ਸਿੰਘ ਪੰਧੇਰ***
***ਕਲਾਹੜ (ਲੁਧਿਆਣਾ)***
***ਫ਼ੋਨ: 98783-37222***

---

ਧਾਨ ਜੀਰੀ ਨੂੰ ਵੇਚ ਵੱਟ,
ਜੱਟ ਕਣਕ ਦੁਆਲੇ ਹੋਇਆ।
ਵਾਹ ਬੀਜ ਕੇ ਫੇਰ ਸੁਹਾਗਾ,
ਮਿੱਠੇ ਸੁਫਨਿਆਂ ਮੋਹਿਆ
ਜਿਉਂ ਜਾਵੇ ਭਰ-ਭਰ ਟਰਾਲੀਆਂ,
ਮੰਡੀ ਢੇਰ ਕਣਕ ਦੇ ਲਾਏ!
ਬਿਜਲੀ ਕੜਕੀ ਸੁਫ਼ਨਾ ਟੁੱਟਾ,
ਡਰ ਸ਼ਾਹ ਦਾ ਵੱਢ-ਵੱਢ ਖਾਏ!
ਪੱਕਣ ਨੇੜੇ ਕਣਕ ਸੀ ਹੋਈ,
ਗਿੱਠ-ਗਿੱਠ ਪਾਣੀ ਭਰਿਆ।
ਵੇਖ-ਵੇਖ ਦਿਲ ਗ਼ੋਤੇ ਖਾਵੇ,
ਗੜਿਆਂ ਚਿੱਟਾ ਖੇਤ ਸੀ ਕਰਿਆ।
ਬਹੁੜੀ ਨਾ, ਰਤਾ ਖ਼ਬਰ ਹੀ ਲੀਤੀ,
ਸਰਕਾਰ ਨੇ ਜਿਸਨੂੰ ਕਹਿੰਦੇ।
ਹੋਣੀ ਏਹੀਓ ਅੰਨ ਦਾਤੇ ਦੀ,
ਖਾਣ ਜ਼ਹਿਰ, ਗੱਲ ਫਾਹਾ ਲੈਂਦੇ।
ਵਾਂਗ ਕੱਖਾਂ ਉਹ ਰੁਲਦੇ ਰਹਿੰਦੇ।
ਦੁੱਖ ਅਸਹਿ ਤਾ-ਉਮਰਾ ਸਹਿੰਦੇ।

***-ਗੁਰਬਖਸ਼ ਸਿੰਘ 'ਨਾਕਾਮ'***
***ਫੋਨ: +1 864 318 5500***

---

ਜਾਇਦਾਦਾਂ ਦੇ ਠੇਕੇਦਾਰਾਂ ਨੇ
ਨਹੀਂ ਛੱਡਿਆ ਕੋਈ ਥਾਂ।
ਜ਼ਮੀਨਾਂ ਸ਼ਾਹੂਕਾਰਾਂ ਨੂੰ ਗਹਿਣੇ ਰੱਖੀਆਂ,
ਖੇਤੀ ਫ਼ਸਲਾਂ ਵਾਸਤੇ ਥੁੜ੍ਹੀਆਂ ਜਗਾਂ।
ਮੌਸਮੀ ਆਫਤਾਂ ਵੀ
ਕਿਸਾਨੀ ਦਾ ਲੱਕ ਤੋੜਿਆ
ਕੀਹਦੀ ਮਾਸੀ ਨੂੰ ਆਖਾਂ ਮਾਂ।
ਧਤੀ ਹੇਠਲਾ ਪਾਣੀ ਵੀ ਡੂੰਘਾ ਹੋਇਆ
ਸਰਕਾਰਾਂ ਵੀ ਮਦਦ ਤੋਂ
ਕਰ ਜਾਂਦੀਆਂ ਨਾਂਹ।

***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ ਪਟਿਆਲਾ***
***ਫੋਨ: 98784-69639***

---

ਮਹਾਮਾਰੀ ਗੜੇ ਬਾਰਿਸ਼
ਇਕ ਕੁਦਰਤੀ ਆਫ਼ਤ
ਛਿੱਟੇ ਅੰਦਰ ਕਸੀਰਾਂ ਨਾਲ
ਢੱਕਿਆ ਪੱਕ ਦਾਣਾ
ਪੂਰੇ ਜੋਬਨ 'ਤੇ ਸੁਨਹਿਰੀ ਰੰਗ 'ਚ ਹੋਵੇ
ਮਾਰ ਥਪੇੜਾ ਵਾਛੜ ਗੜਿਆਂ ਹੈ ਮਧੋਲ ਦਿੱਤਾ
ਦੇਖ ਢਹੀ ਹੋਈ ਫ਼ਸਲ
ਵਾਂਗ ਪੁੱਤਾਂ ਜੋ ਸੀ ਪਾਲੀ
ਸਿਰ ਸਿੱਟ ਜਰਬਾਂ ਘਟਾਓ ਜਮ੍ਹਾਂ ਕਰ ਕਰ
ਆਪਣਾ ਹੀ ਸੰਤੁਲਨ ਗੁਆ ਬਹਿੰਦਾ।
ਲੱਗਿਆ ਮੁੱਲ ਹੀ ਮੁੜ ਆਵੇ
ਸੋਚਸਾ ਕਾਸ਼ਤਕਾਰ
ਸਰਕਾਰਾਂ ਮੂੰਹ ਪੋਚਾ ਕਰ ਰਾਹ ਪੈਂਦੀਆਂ
ਜਿਸ ਤਨ ਲਾਗੈ ਸੋਈ ਜਾਣੇ।

***-ਦਰਸ਼ਨ ਪਾਲ ਦੋਸਾਂਝ***

# ਕੈਰੀਬੀਅਨ ਟਾਪੂਆਂ ਦੀ ਸੈਰ

*1. ਕਰੂਜ਼-ਸ਼ਿਪ-ਸਮੁੰਦਰ ਵਿਚ ਤੈਰਦਾ ਸੰਸਾਰ*

ਕਰੂਜ਼ਸ਼ਿਪ ਦਰਅਸਲ ਇਕ ਮਿੰਨੀ ਦੁਨੀਆ। ਵੱਖੋ-ਵੱਖ ਕੌਮੀਅਤ ਵਾਲੇ ਲੋਕਾਂ ਦਾ ਸਮੂਹ। ਨਿੱਤ ਦੇ ਰੁਝੇਵਿਆਂ ਤੋਂ ਅੱਕਿਆਂ ਲਈ ਮਾਨਸਿਕ ਰਾਹਤ ਵਾਸਤੇ ਇਕੱਠਿਆਂ ਸਮਾਂ ਬਿਤਾਉਣ ਦੀ ਸੱਥ। ਪਰਿਵਾਰ ਵਲੋਂ ਇਕ ਦੂਜੇ ਦੀ ਨੇੜਤਾ ਮਾਨਣ ਅਤੇ ਸਾਂਝ ਪਾਉਣ ਦਾ ਸਬੱਬ। ਦੁਨੀਆਂ ਦੇ ਸ਼ੋਰ-ਸ਼ਰਾਬੇ ਅਤੇ ਦੁਨਿਆਵੀ ਝੰਜਟਾਂ ਤੋਂ ਰਹਿਤ। ਆਪਣੀ ਮਸਤੀ ਤੇ ਆਪਣੇ ਰੰਗ ਵਿਚ ਜਿਊਣ ਦਾ ਵਕਤ। ਆਪਣੇ ਹਿੱਸੇ ਦੀ ਜ਼ਿੰਦਗੀ ਨੂੰ ਆਪਣੇ ਅੰਦਾਜ਼ ਵਿਚ ਮਾਨਣ ਅਤੇ ਮਨਾਉਣ ਦਾ ਰੰਗ-ਢੰਗ।

ਕਰੂਜ਼, ਸੁੰਗੜੀ ਹੋਈ ਛੋਟੀ ਜਹੀ ਦੁਨੀਆ। ਵਿਸ਼ਾਲ ਦੁਨੀਆਂ ਤੋਂ ਦੂਰ, ਸਮੁੰਦਰ ਦੀ ਆਗੋਸ਼ ਵਿਚ ਕੁਦਰਤ ਨਾਲ ਕੁਝ ਸਮਾਂ ਬਿਤਾਉਣ ਦਾ ਨਿਵੇਕਲਾ ਢੰਗ। ਇਸ ਵਿਚ ਦੁਨੀਆਂ ਭਰ ਦੇ ਖਾਣਿਆਂ ਲਈ ਵੱਖ ਵੱਖ ਰੈਸਟੋਰੈਂਟ, ਹਰੇਕ ਦੇ ਮਨੋਰੰਜਨ ਲਈ ਕੁਝ ਨਾ



**ਡਾ. ਗੁਰਬਖਸ਼ ਸਿੰਘ ਭੰਡਾਲ**
**ਫੋਨ: 216-556-2080**

ਕੁਝ ਕਿਰਿਆਵਾਂ। ਕਸਰਤ ਕਰਨ, ਸਵਿੰਮਿੰਗ, ਖੇਡਣ, ਗਾਉਣ, ਵਜਾਉਣ ਅਤੇ ਖ਼ਰੀਦਦਾਰੀ ਕਰਨ ਦੀ ਸਹੂਲਤ ਆਦਿ। ਚੌਵੀ ਘੰਟੇ ਹਰ ਸਰਵਿਸ ਉਪਲੱਬਧ। ਕਰੂਜ਼ ਸ਼ਿਪ ਮਸਤ ਚਾਲੇ ਆਪਣੀ ਮੰਜ਼ਲ ਵੱਲ ਵਧਦਾ। ਸਮੁੰਦਰ ਇਸਨੂੰ ਰਾਹ ਦਿੰਦਾ, ਲਹਿਰਾਂ ਦੀ ਪਾਣੀਆਂ 'ਤੇ ਕਲਾਕਾਰੀ ਦੂਰ ਤੀਕ ਨਜ਼ਰ ਆਉਂਦੀ। ਪਰ ਕੁਝ ਕੁ ਪਲ ਬਾਅਦ ਸਭ ਕੁਝ ਮਿਟ ਜਾਂਦਾ ਕਿਉਂਕਿ ਸਮੁੰਦਰ ਨਹੀਂ ਚਾਹੁੰਦਾ ਕਿ ਕੋਈ ਉਸਦੀ ਹਿੱਕ 'ਤੇ ਆਪਣੀਆਂ ਪੈੜਾਂ ਦੇ ਨਿਸ਼ਾਨ ਛੱਡੇ।

ਕਰੂਜ਼-ਸ਼ਿਪ ਇਕ ਵੱਡਾ ਨਗਰ ਵਰਗਾ ਹੈ ਜਿਸਦੀ ਅਬਾਦੀ ਸੱਤ ਕੁ ਹਜ਼ਾਰ ਹੈ। ਸਾਢੇ ਚਾਰ ਹਜ਼ਾਰ ਤਾਂ ਸੈਲਾਨੀ ਹਨ ਅਤੇ ਦੋ ਹਜ਼ਾਰ ਤੋਂ ਉਪਰ ਮੁਲਾਜ਼ਮ ਹਨ ਜੋ ਸਾਰੇ ਸੈਲਾਨੀਆਂ ਨੂੰ ਹਰੇਕ ਕਿਸਮ ਦੀਆਂ ਬਿਹਤਰੀਨ ਸੇਵਾਵਾਂ ਪ੍ਰਦਾਨ ਕਰਨ ਲਈ ਹਰ ਦਮ ਤਿਆਰ-ਬਰ-ਤਿਆਰ। ਇਸ ਵਿਚ ਭਾਰਤ ਸਮੇਤ ਦੁਨੀਆਂ ਦੇ 65 ਦੇਸ਼ਾਂ ਦੇ ਮੁਲਾਜ਼ਮ ਤਾਇਨਾਤ ਹਨ ਤਾਂ ਕਿ ਹਰੇਕ ਦੇਸ਼ ਤੋਂ ਆਉਣ ਵਾਲੇ ਸੈਲਾਨੀਆਂ ਦੀਆਂ ਲੋੜਾਂ ਨੂੰ ਸਮਝ ਕੇ ਚੰਗੀ ਸੇਵਾ ਪ੍ਰਦਾਨ ਕੀਤੀ ਜਾਵੇ।

ਕਰੂਜ਼ 'ਤੇ ਜਾਣ ਨਾਲ ਮਨੁੱਖ ਦਾ ਨਜ਼ਰੀਆ ਬਦਲਦਾ। ਉਸਦੀ ਸੋਚ ਅਤੇ ਦ੍ਰਿਸ਼ਟੀਕੋਣ ਵਿਚ ਬਦਲਾਅ। ਉਸਨੂੰ ਪਤਾ ਲੱਗਦਾ ਕਿ ਦੁਨੀਆਂ ਕਿੰਨੀ ਛੋਟੀ ਅਤੇ ਹੁਸੀਨ। ਤੁਸੀਂ ਇਸ ਨਿੱਕੀ ਜਹੀ ਦੁਨੀਆਂ ਵਿਚ ਵੀ ਜਦ ਆਪਣੇ ਕਿਸੇ ਨੇੜਲੇ ਨੂੰ ਮਿਲਦੇ ਹੋ ਤਾਂ ਤੁਹਾਡੇ ਅਤੇ ਮਿਲਣ ਵਾਲੇ ਸਖ਼ਸ਼ ਨੂੰ ਚੰਗਾ ਮਹਿਸੂਸ ਹੁੰਦਾ ਕਿ ਕੋਈ ਤਾਂ ਹੈ ਜੋ ਮੇਰੇ ਨਾਲ ਮੇਰੀ ਬੋਲੀ, ਮੇਰੇ ਦੇਸ਼, ਸਭਿਅਚਾਰ ਅਤੇ ਰਹਿਤਲ ਬਾਰੇ ਗੱਲ ਕਰਦਾ ਹੈ। ਪਰਾਏ ਮਾਹੌਲ ਵਿਚ ਵਿਚਰਦਿਆਂ ਬੰਦਾ ਬਹੁਤ ਤਰਸ ਜਾਂਦਾ ਹੈ ਕਿ ਕੋਈ ਤਾਂ ਉਸ ਨਾਲ ਆਪਣੀ ਬੋਲੀ ਵਿਚ ਗੱਲ ਕਰੇ?

ਕਰੂਜ਼ ਨੂੰ ਬਹੁਤ ਹੀ ਕਾਮਯਾਬ ਬਿਜ਼ਨਸ ਦਾ ਰੂਪ ਦੇਣਾ, ਕੋਈ ਕਰੂਜ਼ ਕੰਪਨੀਆਂ ਤੋਂ ਸਿੱਖੇ। ਉਹ ਕਰੂਜ਼ 'ਤੇ ਜਾਣ ਵਾਲੇ ਹਰ ਸੈਲਾਨੀ ਦੇ ਆਰਥਿਕ, ਭਾਵਨਾਤਮਕ, ਸੂਹਜ-ਆਤਮਿਕ ਅਤੇ ਮਾਨਸਿਕ ਤਰਜੀਹਾਂ ਨੂੰ ਆਮ ਤੌਰ 'ਤੇ ਆਪਣੇ ਹਿੱਤਾਂ ਲਈ ਵਰਤਦੇ ਹਨ। ਕਰੂਜ਼ ਵਿਚ ਕੰਪਨੀ ਵਲੋਂ ਤਿੰਨ ਵਕਤ ਦਾ ਖਾਣਾ, ਕੌਫ਼ੀ, ਚਾਹ, ਕੋਲਡ ਡ੍ਰਿੰਕਸ ਆਦਿ ਸਭ ਕੁਝ ਮੁਫ਼ਤ ਦਿੱਤਾ ਜਾਂਦਾ ਹੈ। ਪਰ ਇਸਦੇ ਨਾਲ-ਨਾਲ ਵੱਖੋ ਵੱਖਰੀਆਂ (ਇਸ ਕਰੂਜ਼-ਸ਼ਿਪ ਦੀਆਂ 12 ਮੰਜ਼ਲਾਂ ਸਨ) ਮੰਜ਼ਲਾਂ 'ਤੇ ਰੈਸਟੋਰੈਂਟ ਵੀ ਹਨ ਜਿਥੋਂ ਤੁਸੀਂ ਪੈਸੇ ਖਰਚ ਕੇ ਆਪਣੀ ਮਨਪਸੰਦ ਦਾ ਖਾਣਾ ਖਾ ਸਕਦੇ ਹੋ, ਸ਼ਰਾਬ ਪੀ ਸਕਦੇ ਹੋ। ਕਸੀਨੋ ਵਿਚ ਜੂਆ ਖੇਡੋ, ਸ਼ਾਈਨ-ਪਲੈਕਸ ਵਿਚ ਫਿਲਮਾਂ ਦੇਖੋ। ਤੁਹਾਡੀ ਸੀਟ ਜਾਂ ਕਮਰੇ ਵਿਚ ਸਰਵਿਸ ਪ੍ਰਦਾਨ ਕਰਨ ਲਈ ਵੱਖਰੀ ਕੀਮਤ ਵਸੂਲ ਕੀਤੀ ਜਾਂਦੀ ਹੈ। ਹਰ ਸੈਲਾਨੀ ਇਸ ਮੌਕੇ ਨੂੰ ਯਾਦਗਾਰੀ ਬਣਾਉਣ ਲਈ ਰਤਾ ਵੀ ਕੰਜੂਸੀ ਨਹੀਂ ਕਰਦਾ। ਖੁੱਲ੍ਹਾ ਖਰਚ ਕਰਦਾ। ਮਨ ਦੀ ਹਰ ਤਮੰਨਾ ਅਤੇ ਰੀਝ ਨੂੰ ਪੂਰੀ ਕਰਨ ਦਾ ਤੌਲ। ਮਨਆਈਆਂ ਕਰਕੇ ਖ਼ੁਸ਼ੀ ਮਾਨਣ ਦਾ ਬਾਕਮਾਲ ਵਲ।

ਕਰੂਜ਼, ਕੁਦਰਤ ਦੀ ਗੋਦ ਵਿਚ ਪਾਣੀਆਂ ਵਿਚ ਤੈਰਦਾ ਸੰਸਾਰ। ਆਪਣੇ ਘਰਾਂ ਤੋਂ ਦੂਰ ਇਕ ਹੋਰ ਘਰ। ਬਿਗਾਨਿਆਂ ਤੋਂ ਦੂਰ ਆਪਣਿਆਂ ਦੇ ਪਰਿਵਾਰ ਵਿਚ ਕੁਝ ਸਮੇਂ ਲਈ ਨਿੱਘਾ ਵਾਤਾਵਰਣ। ਨਿੱਤ ਦੇ ਰੁਝੇਵਿਆਂ ਨੂੰ ਭੁੱਲ ਕੇ ਆਪਣੇ ਹਿੱਸੇ ਦੀ ਜ਼ਿੰਦਗੀ ਨੂੰ ਆਪਣੇ ਰੰਗ-ਢੰਗ ਨਾਲ ਮਨਾਉਣ ਦਾ ਮੌਕਾ। ਆਪਣੇ ਰੰਗ ਵਿਚ ਰੰਗਿਆ ਹਰ ਸ਼ਖ਼ਸ ਮਸਤੀ ਵਿਚ ਲੀਨ। ਉਲੇ-ਦੁਆਲੇ ਤੋਂ ਬੇਪ੍ਰਵਾਹ। ਖਾਣ-ਪੀਣ ਅਤੇ ਮੌਜ-ਮਸਤੀ ਵਿਚ ਲੀਨ। ਹਰੇਕ ਆਪਣੇ ਆਪ ਅਤੇ ਆਪਣਿਆਂ ਤੀਕ ਸੀਮਤ। ਸਭ ਬੇਪ੍ਰਵਾਹ। ਰੋਜ਼ਾਨਾ ਜੀਵਨ ਦੀ ਹਰ ਸਹੂਲਤ ਹਾਜ਼ਰ। ਅੰਦਰ ਅਤੇ ਬਾਹਰ ਦੀਆਂ ਖੇਡਾਂ ਲਈ ਗਰਾਊਂਡਾਂ। ਸਵੇਰੇ ਸਵੇਰੇ ਸਮੁੰਦਰ ਵਿਚੋਂ ਚੜ੍ਹਦੇ ਸੂਰਜ ਨੂੰ ਦੇਖੋ। ਸਮੁੰਦਰ ਨੂੰ ਸੁਨਹਿਰੀ ਰੰਗ ਵਿਚ ਰੰਗੇ ਜਾਣ ਦਾ ਦ੍ਰਿਸ਼ ਅਤੇ ਇਸਨੂੰ ਫ਼ੋਨਾਂ ਵਿਚ ਕੈਦ ਕਰ ਰਹੇ ਕੁਦਰਤ ਪ੍ਰੇਮੀ। ਸਭ ਤੋਂ ਉਪਰਲੀ ਮੰਜ਼ਲ 'ਤੇ ਖੁੱਲ੍ਹੇ ਅਕਾਸ਼ ਹੇਠ ਸੈਰ ਕਰਨਾ। ਦਰਅਸਲ ਹਫ਼ਤੇ ਭਰ ਦਾ ਇਹ ਸਮਾਂ ਜ਼ਿੰਦਗੀ ਦੀ ਹੁਸੀਨਤਾ, ਸੁੰਦਰਤਾ, ਰੱਜਤਾ ਅਤੇ ਆਨੰਦਤਾ ਨੂੰ ਖ਼ੂਬ ਮਨਾਣਾ ਹੁੰਦਾ।

ਆਪਣਿਆਂ ਦੇ ਅੰਗ-ਸੰਗ ਰਹਿੰਦਿਆਂ, ਆਪਣਿਆਂ ਵਿਚੋਂ ਗਵਾਚੀ ਅਪਣੱਤ ਨੂੰ ਭਾਲਣਾ ਅਤੇ ਨਿੱਘ ਵਿਚ ਸਿਮਟ ਜਾਣਾ। ਬੱਚਿਆਂ ਦਾ ਆਪਣੇ ਮਾਪਿਆਂ, ਦਾਦਾ/ਦਾਦੀ, ਨਾਨਾ/ਨਾਨੀ ਨਾਲ ਰਹਿੰਦਿਆਂ, ਉਨ੍ਹਾਂ ਦੇ ਜੀਵਨ ਦੀਆਂ ਬੀਤੀਆਂ ਬਹਾਰਾਂ ਦੇ ਬਿਰਤਾਂਤ ਰਾਹੀਂ ਆਪਣੀ ਮਾਣਮੱਤੀ ਵਿਰਾਸਤ ਤੋਂ ਜਾਣੂ ਹੋਣਾ। ਕਰੂਜ਼ ਦੇ ਮਾਹੌਲ ਵਿਚ ਕੋਈ ਉਚੇਚ ਨਹੀਂ। ਕੋਈ ਓਹਲਾ ਜਾਂ ਝਾਕਾ ਨਹੀਂ। ਕਮਾਲ ਦੀ ਗੱਲ ਇਹ ਹੈ ਕਿ ਇਥੇ ਕੰਮ ਕਰ ਰਿਹਾ ਹਰ ਕਰਮਚਾਰੀ ਸੈਲਾਨੀ ਦੀਆਂ ਖ਼ੁਸ਼ੀਆਂ ਨੂੰ ਦੂਣ ਸਵਾਇਆ ਕਰਨ ਲਈ ਉਤਾਵਲਾ। ਇਕ ਰਾਤ ਡਿਨਰ ਕਰਦਿਆਂ ਜਦ ਵੇਟਰਸ ਨੇ ਮੇਰੇ ਦੋਹਤੇ ਨੂੰ ਅੰਗਰੇਜ਼ੀ ਗੀਤ 'ਤੇ ਭੰਗੜਾ ਪਾਉਣ ਲਈ ਕਿਹਾ ਤਾਂ ਉਸਦੇ ਭੰਗੜੇ ਨਾਲ ਨਿਪਾਲੀ ਵੇਟਰਸ ਨੇ ਅਜੇਹਾ ਡਾਂਸ ਕੀਤਾ ਕਿ ਆਲੇ-ਦੁਆਲੇ ਦੇ ਟੇਬਲ ਵਾਲਿਆਂ ਨੇ ਤਾੜੀਆਂ ਰਾਹੀਂ ਇਸ ਭੰਗੜੇ ਰੂਪੀ ਡਾਂਸ ਦਾ ਆਨੰਦ ਮਾਣਿਆ।

*2. ਆਪਣਿਆਂ ਨੂੰ ਮਿਲਣ ਲਈ ਤਰਸਦੇ ਭਾਰਤੀ ਕਾਮੇ*

ਪਹਿਲੇ ਦਿਨ ਦੁਪਹਿਰ ਦਾ ਖਾਣਾ ਖਾਣ ਗਏ ਤਾਂ ਭਾਰਤੀ ਮੂਲ ਦਾ ਕੇਰਲਾ ਦਾ ਰਹਿਣ ਵਾਲਾ ਨੌਜਵਾਨ ਸਾਨੂੰ ਦੇਖ ਕੇ ਬੜਾ ਖ਼ੁਸ਼ ਹੋਇਆ ਜਦ ਉਸਨੇ ਸਾਨੂੰ ਦੇਖ ਕੇ ਪਛਾਣ ਲਿਆ ਕਿ ਅਸੀਂ ਪੰਜਾਬ ਦੇ ਮੂਲ ਵਾਸੀ ਹਾਂ। ਗੱਲਾਂ ਕਰਦਿਆਂ ਦੱਸਣ ਲੱਗਾ ਕਿ ਉਹ ਪਹਿਲਾਂ ਮੁੰਬਈ ਰਹਿੰਦਾ ਸੀ। ਪਰ ਪਿਤਾ ਨੂੰ ਦਿਲ ਦੀ ਬਿਮਾਰੀ ਹੋਣ ਕਾਰਨ ਉਨ੍ਹਾਂ ਦੀ ਨੌਕਰੀ ਚਲੇ ਗਈ ਅਤੇ ਉਹ ਕੇਰਲਾ ਵਿਚ ਆਪਣੇ ਪਿੰਡ ਚਲੇ ਗਏ ਹਨ। ਦੱਸਣ ਲੱਗਾ ਕਿ ਅੰਗਰੇਜ਼ੀ ਬੋਲਦਿਆਂ ਮੂੰਹ ਦੁਖਣ ਲੱਗ ਪੈਂਦਾ ਹੈ। ਬੜਾ ਚਿੱਤ ਕਰਦਾ ਹੁੰਦਾ ਕਿ ਕਦੇ ਕੋਈ ਮਿਲੇ ਤਾਂ ਮੈਂ ਹਿੰਦੀ ਜਾਂ ਕਿਸੇ ਭਾਰਤੀ ਬੋਲੀ ਵਿਚ ਗੱਲ ਕਰਾਂ। ਅੱਜ ਤੁਹਾਨੂੰ ਮਿਲ ਕੇ ਹਿੰਦੀ ਵਿਚ ਗੱਲ ਕਰਦਿਆਂ ਖ਼ੁਦ ਨੂੰ ਬੜਾ ਹਲਕਾ ਅਤੇ ਆਪਣੀ ਜਨਮ ਭੂਮੀ ਨਾਲ ਜੁੜਿਆ ਮਹਿਸੂਸ ਕਰਦਾ ਹਾਂ। ਮੇਰਾ ਕੰਮ ਹੀ ਅਜੇਹਾ ਹੈ ਕਿ ਅੱਠ ਮਹੀਨੇ ਤੱਕ ਸੱਤੇ ਦਿਨ ਦਸ ਤੋਂ 11 ਘੰਟੇ ਡਿਊਟੀ ਕਰਦਾ ਹਾਂ। ਜਦ ਦੋ ਮਹੀਨੇ ਦੀ ਛੁੱਟੀ ਮਿਲਦੀ ਹੈ ਤਾਂ ਘਰ ਜਾ



ਕੇ ਕੁਝ ਰਾਹਤ ਅਤੇ ਸਕੂਨ ਮਿਲਦਾ ਹੈ। ਘਰਦਿਆਂ ਨੂੰ ਮਿਲਣ ਨੂੰ ਤਰਸ ਜਾਈਦਾ। ਬੜਾ ਚਿੱਤ ਕਰਦਾ ਕਿ ਜਲਦੀ ਆਪਣਿਆਂ ਨੂੰ ਮਿਲੀਏ। ਪਰ ਮਜਬੂਰੀ ਹੈ ਨੌਕਰੀ ਦੀ ਕਿ ਅੱਠ ਮਹੀਨੇ ਤੋਂ ਪਹਿਲਾਂ ਘਰ ਜਾ ਹੀ ਨਹੀਂ ਸਕਦੇ।

ਦੇਰ ਤੀਕ ਚੇਤੇ ਰਹਿੰਦਾ ਹੈ ਜਦ ਕੋਈ ਭਾਰਤੀ ਕਰੂਜ਼ ਸ਼ਿਪ 'ਤੇ ਮਿਲਦਾ ਹੈ। ਮੈਂ ਦੇਖਿਆ ਕਿ ਚਾਰ ਹਜ਼ਾਰ ਸੈਲਾਨੀਆਂ ਵਿਚ ਸਿਰਫ਼ ਸਾਡਾ ਪਰਿਵਾਰ ਹੀ ਪੱਗੜੀਧਾਰੀ ਪੰਜਾਬੀ ਸੀ। ਸਾਨੂੰ ਮਿਲ ਕੇ ਉਸਦੇ ਚਿਹਰੇ 'ਤੇ ਪੈਦਾ ਹੋਈ ਖ਼ੁਸ਼ੀ ਅਤੇ ਸਕੂਨ ਨੇ ਸਾਨੂੰ ਕੁਝ ਧਰਵਾਸ ਤਾਂ ਦਿੱਤਾ ਪਰ ਇਹ ਵੀ ਮਹਿਸੂਸ ਹੋਇਆ ਕਿ ਆਪਣਿਆਂ ਤੋਂ ਬਗੈਰ ਅੱਠ ਮਹੀਨੇ ਤੀਕ ਸਮੁੰਦਰ ਵਿਚ ਰਹਿਣਾ ਅਤੇ ਆਪਣੀ ਮਾਂ ਬੋਲੀ ਵਿਚ ਗੱਲ ਕਰਨ ਨੂੰ ਤਰਸ ਜਾਣਾ, ਮਨ ਵਿਚ ਕੇਹੀ ਦਰਦਵੰਤਾ ਅਤੇ ਮਾਯੂਸੀ ਪੈਦਾ ਕਰਦਾ ਹੋਵੇਗਾ? ਇਹ ਸਿਰਫ਼ ਉਹੀ ਜਾਣ ਸਕਦਾ ਜਿਸਨੇ ਇਸ ਸਥਿਤੀ ਨੂੰ ਖ਼ੁਦ ਹੰਢਾਇਆ ਹੋਵੇ। ਧੰਨ ਸਨ ਪਹਿਲੇ ਸਮਿਆਂ ਵਿਚ ਅਫ਼ਰੀਕਾ, ਅਮਰੀਕਾ, ਕੈਨੇਡਾ, ਇੰਗਲੈਂਡ ਆਦਿ ਦੇਸ਼ਾਂ ਵਿਚ ਸਮੁੰਦਰੀ ਜਹਾਜ਼ਾਂ ਰਾਹੀਂ ਜਾਣ ਵਾਲੇ ਸਾਡੇ ਬਜ਼ੁਰਗ ਜਿਨ੍ਹਾਂ ਦੇ ਸੁੱਖੀਂ ਸਾਂਦੀ ਪਹੁੰਚਣ ਦੀ ਚਿੱਠੀ ਕਈ ਮਹੀਨਿਆਂ ਬਾਅਦ ਘਰਦਿਆਂ ਨੂੰ ਮਿਲਦੀ ਸੀ। ਕਈ ਤਾਂ ਸਮੁੰਦਰੀ ਰਸਤੇ ਜਾਂਦਿਆਂ, ਸਫ਼ਰ ਦੌਰਾਨ ਪੈਦਾ ਹੋਣ ਵਾਲੀਆਂ ਬਿਮਾਰੀਆਂ ਕਾਰਨ ਜਾਨ ਵੀ ਗਵਾ ਬਹਿੰਦੇ ਸਨ। ਧੰਨ ਸਨ ਬਾਬਾ ਸੋਹਣ ਸਿੰਘ ਭਕਨਾ ਦੀ ਅਗਵਾਈ ਹੇਠ ਕਾਮਾਗਾਟਾ ਮਾਰੂ ਜਹਾਜ਼ ਰਾਹੀਂ ਕੈਨੇਡਾ ਪਹੁੰਚਣ ਅਤੇ ਫਿਰ ਵਾਪਸ ਮੋੜੇ ਗਏ ਗਦਰੀ ਬਾਬੇ। ਉਨ੍ਹਾਂ ਦੀਆਂ ਸਮੁੰਦਰੀ ਸਫ਼ਰ ਦੀਆਂ ਕਠਿਨਾਈਆਂ ਤੇ ਸੀਨੇ ਵਿਚ ਦੇਸ਼ ਭਗਤੀ ਦਾ ਜਜ਼ਬਾ ਤਾਂ ਅਸੀਂ ਕੀ ਸਮਝਣਾ ਸੀ, ਅਸੀਂ ਤਾਂ ਉਨ੍ਹਾਂ ਦੀਆਂ ਕੁਰਬਾਨੀਆਂ ਵਿਚੋਂ ਵੀ ਆਪਣੇ ਰਾਜਸੀ ਲਾਭਾਂ ਦੀ ਪੂਰਤੀ ਕਰਨ ਤੀਕ ਹੀ ਸੀਮਤ ਹੋ ਗਏ।

ਕਰੂਜ਼ ਦੌਰਾਨ ਜਦ ਵੀ ਤੁਸੀਂ ਖਾਣਾ ਖਾਣ ਜਾਂਦੇ ਹੋ ਤਾਂ ਤੁਹਾਨੂੰ ਕੋਈ ਨਾ ਕੋਈ ਭਾਰਤੀ ਜ਼ਰੂਰ ਮਿਲਦਾ ਹੈ। ਸਾਡੇ ਦੇਸ਼ ਵਿਚਲੀ ਬੇਰੁਜ਼ਗਾਰੀ ਤੋਂ ਅੱਕਿਆ ਅਤੇ ਆਪਣੇ ਪਰਿਵਾਰ ਲਈ ਚੰਗੇ ਭਵਿੱਖ ਦੀ ਸਿਰਜਣਾ ਕਰਨ ਦੀ ਤਮੰਨਾ ਅਤੇ ਵਧੀਆ ਜ਼ਿੰਦਗੀ ਜਿਊਣ ਦਾ ਸੁਪਨਾ ਲੈ ਕੇ ਪਰਵਾਸ ਕਰਦਾ। ਜਿਹੜਾ ਵੀ ਵਿਦੇਸ਼ ਵਿਚ ਨੌਕਰੀ ਕਰਦਾ ਹੈ, ਉਸਦੇ ਮਨ ਵਿਚ ਆਪਣੇ ਰਾਜ, ਇਸਦੇ ਲੋਕਾਂ ਪ੍ਰਤੀ ਫ਼ਿਕਰਮੰਦੀ ਅਤੇ ਚਿੰਤਾ ਹਰਦਮ ਰਹਿੰਦੀ ਹੈ। ਇਕ ਰਾਤ ਖਾਣਾ ਖਾਣ ਗਏ ਤਾਂ ਮਨੀਪੁਰ ਦੀ ਰਹਿਣ ਵਾਲੀ ਲੜਕੀ ਸਾਡੇ ਟੇਬਲ 'ਤੇ ਸਰਵ ਕਰਨ ਵਾਲਿਆਂ ਵਿਚ ਸ਼ਾਮਲ ਸੀ। ਜਦ ਉਸਦੇ ਬੋਲਣ ਦੇ ਲਹਿਜ਼ੇ ਤੋਂ ਅੰਦਾਜ਼ਾ ਲਾ ਕੇ ਪੁੱਛਿਆ ਕਿ ਉਹ ਇੰਡੀਆ ਤੋਂ ਹੈ? ਤਾਂ ਉਸਨੇ ਦੱਸਿਆ ਕਿ ਉਹ ਮਨੀਪੁਰ ਦੀ ਰਹਿਣ ਵਾਲੀ ਹੈ। ਮਨੀਪੁਰ ਵਿਚ ਹੋ ਰਹੀਆਂ ਨਸਲੀ ਹਿੰਸਕ ਘਟਨਾਵਾਂ ਅਤੇ ਸੁੱਖੀ ਸਾਂਦੀ ਵੱਸਦੇ ਦੋਹਾਂ ਕਬੀਲਿਆਂ ਵਿਚ ਤਿੜਕ ਚੁੱਕੀ ਭਾਈਚਾਰਕ ਸਾਂਝ ਦਾ ਦਰਦ ਉਸਦੇ ਬੋਲਾਂ ਵਿਚ ਉਤਰ ਆਇਆ। ਉਸਦੇ ਲਹਿਜ਼ੇ ਵਿਚੋਂ ਮਨੀਪੁਰ ਰਹਿੰਦੇ ਉਸ ਦੇ ਆਪਣਿਆਂ ਦੀ ਪੀੜਾ ਦੀ ਚੀਸ ਸਮਝੀ ਜਾ ਸਕਦੀ ਸੀ।

ਉਸਦੀ ਵੇਦਨਾ ਨੂੰ ਸਮਝਿਆ ਜਾ ਸਕਦਾ ਹੈ। ਜਦ ਤੁਸੀਂ ਆਪਣਿਆਂ ਤੋਂ ਦੂਰ, ਆਪਣਿਆਂ ਦੀ ਚਿੰਤਾ ਕਰਦੇ ਅਤੇ ਉਨ੍ਹਾਂ ਦੀ ਜੀਵਨੀ ਰੱਖਿਆ ਲਈ ਹਰ ਦਮ ਫ਼ਿਕਰਮੰਦ ਰਹਿੰਦੇ ਹੋ ਤਾਂ ਤੁਹਾਡੇ ਲਈ ਸਾਹ ਲੈਣਾ ਵੀ ਦੁਸ਼ਵਾਰ ਹੋ ਜਾਂਦਾ ਹੈ। ਅਜੇਹੀ ਹੀ ਮਨੋਸਥਿਤੀ ਉਸ ਦੀ ਸੀ ਪਰ ਸਾਨੂੰ ਮਿਲ ਕੇ ਉਸਨੂੰ ਕੁਝ ਰਾਹਤ ਮਿਲੀ ਕਿਉਂਕਿ ਉਸਨੂੰ ਲੱਗਾ ਕਿ ਕੋਈ ਤਾਂ ਹੈ ਜਿਸ ਨਾਲ ਮੈਂ ਆਪਣੇ ਦਿਲ ਦੀ ਗੱਲ ਕਰ ਕੇ ਮਨ ਦਾ ਭਾਰ ਕੁਝ ਹਲਕਾ ਕਰ ਸਕਦੀ ਹਾਂ।

ਅਗਲੇ ਦਿਨ ਬ੍ਰੰਚ ਕਰਦਿਆਂ ਇਕ ਨੌਜਵਾਨ ਔਰਤ ਨੇ ਜਦ ਸਾਨੂੰ ਪੁੱਛਿਆ ਕਿ ਉਹ ਬ੍ਰੰਚ ਵਿਚ ਕੀ ਖਾਣਗੇ ਤਾਂ ਉਸਦੀ ਡਰੈਸ 'ਤੇ ਲੱਗੀ ਨੇਮ ਪਲੇਟ ਤੋਂ ਸਪੱਸ਼ਟ ਹੋਇਆ ਕਿ ਉਹ ਭਾਰਤੀ ਮੂਲ ਦੀ ਹੈ। ਉਸਨੇ ਦੱਸਿਆ ਕਿ ਉਹ ਦਾਰਜੀਲਿੰਗ ਦੀ ਰਹਿਣ ਵਾਲੀ ਹੈ। ਉਸਨੇ ਛੋਟੇ ਹੁੰਦਿਆਂ ਦਿੱਲੀ ਵਿਚ ਰਹਿੰਦਿਆਂ, ਗਵਾਂਢ ਵਿਚ ਰਹਿਣ ਵਾਲੀ ਭਾਰਤ ਦੀ ਸਭ ਤੋਂ ਪਹਿਲੀ ਲੇਡੀ ਆਈਪੀਐਸ ਅਫ਼ਸਰ ਕਿਰਨ ਬੇਦੀ ਕੋਲੋਂ ਬਹੁਤ ਕੁਝ ਸਿਖਿਆ ਹੈ ਅਤੇ ਉਸਨੇ ਬੇਦੀ ਦੇ ਲਾਡ-ਪਿਆਰ ਨੂੰ ਵੀ ਮਾਣਿਆ ਹੈ। ਉਸਨੇ ਜਲੰਧਰ ਦੀ ਲਵਲੀ ਯੂਨੀਵਰਸਿਟੀ ਵਿਚੋਂ ਕੰਪਿਊਟਰ ਸਾਇੰਸ ਦੀ ਡਿਗਰੀ ਕੀਤੀ ਹੈ। ਉਸਨੂੰ ਬਹੁਤ ਨੇੜਤਾ ਮਹਿਸੂਸ ਹੋਈ ਜਦ ਉਸਨੂੰ ਪਤਾ ਲੱਗਾ ਕਿ ਅਸੀਂ ਵੀ ਜਲੰਧਰ-ਕਪੂਰਥਲਾ ਤੋਂ ਹਾਂ। ਦੁੱਖ ਹੋਇਆ ਕਿ ਭਾਰਤ ਵਿਚ ਪੜ੍ਹੇ ਲਿਖੇ, ਡਿਗਰੀ ਯਾਫ਼ਤਾ ਨੌਜਵਾਨਾਂ ਦੀ ਕੇਹੀ ਬਦਹਾਲੀ ਹੈ ਕਿ ਕੰਪਿਊਟਰ ਵਿਚ ਡਿਗਰੀ ਹੋਣ ਦੇ ਬਾਵਜੂਦ ਉਸਨੂੰ ਕਰੂਜ਼ ਵਿਚਲੇ ਰੈਸਟੋਰੈਂਟ ਵਿਚ ਕੰਮ ਕਰਨ ਦੀ ਮਜਬੂਰੀ ਹੈ। ਦਰਅਸਲ ਜਦ ਅਸੀਂ ਆਪਣੇ ਨੌਜਵਾਨਾਂ ਦੀਆਂ ਵਿਦਿਅਕ ਯੋਗਤਾਵਾਂ, ਉਨ੍ਹਾਂ ਦੀਆਂ ਸੇਵਾਵਾਂ ਆਪਣੇ ਦੇਸ਼ ਲਈ ਅਰਪਿਤ ਕਰਨ ਤੋਂ ਆਨਾਕਾਨੀ ਕਰਦੇ ਹਾਂ ਤਾਂ ਨੌਜਵਾਨ ਵਰਗ ਵਿਚ ਪੈਦਾ ਹੋਈ ਮਾਯੂਸੀ



ਬਹੁਤ ਸਾਰੀਆਂ ਅਲਾਮਤਾਂ ਪੈਦਾ ਕਰਦੀ ਹੈ।

ਸਮੁੰਦਰ 'ਤੇ ਤੈਰ ਰਹੀ ਇਸ ਨਿੱਕੀ ਜਹੀ ਦੁਨੀਆ ਵਿਚ ਰਹਿੰਦਿਆਂ, ਕਈ ਵਾਰ ਅਚਨਚੇਤ ਹੀ ਤੁਹਾਨੂੰ ਆਪਣਾ ਵੀ ਮਿਲ ਹੀ ਜਾਂਦਾ ਹੈ। ਸਾਡੇ ਕਮਰੇ ਵਿਚਲਾ ਲਾਕਰ ਖੁੱਲ੍ਹ ਨਹੀਂ ਸੀ ਰਿਹਾ। ਜਦ ਇਸ ਬਾਰੇ ਸਰਵਿਸ ਡੈਸਕ 'ਤੇ ਫ਼ੋਨ ਕੀਤਾ ਤਾਂ ਉਨ੍ਹਾਂ ਨੇ ਟੈਕਨੀਸ਼ੀਅਨ ਨੂੰ ਭੇਜਿਆ। ਜਿਹੜਾ ਸ਼ਖ਼ਸ ਲਾਕਰ ਠੀਕ ਕਰਨ ਆਇਆ, ਉਹ ਸਾਨੂੰ ਦੇਖ ਕੇ ਅਚੰਭਤ ਹੋ ਗਿਆ ਅਤੇ ਅਸੀਂ ਵੀ ਹੈਰਾਨ। ਨਵਾਂ ਸ਼ਹਿਰ ਦੇ ਰਹਿਣ ਵਾਲੇ ਇਸ ਨੌਜਵਾਨ ਦੇ ਨਾਨਕੇ ਕਪੂਰਥਲੇ ਲਾਗਲੇ ਪਿੰਡ ਬਲੇਰ ਖਾਨ ਪੁਰ ਵਿਖੇ ਸਨ ਜਿਸਦੇ ਨਾਲ ਦਾ ਪਿੰਡ ਸਿੱਧਪੁਰ ਮੇਰੇ ਸਾਢੂੰ ਸਾਹਿਬ ਦਾ ਹੈ। ਪੰਜਾਬੀ ਵਿਚ ਗੱਲ ਕਰਦਿਆਂ ਉਸ ਨੇ ਦੱਸਿਆ ਕਿ ਪਿਛਲੇ ਦੋ ਸਾਲ ਤੋਂ ਮੈਂ ਮਿਆਮੀ ਵਿਚ ਕੰਮ ਕਰ ਰਿਹਾ ਹਾਂ। ਇਹ ਪਹਿਲੀ ਵਾਰ ਹੈ ਕਿ ਮੈਨੂੰ ਪੰਜਾਬੀ ਪਰਿਵਾਰ ਮਿਲਿਆ ਹੈ। ਇਸ ਤੋਂ ਪਹਿਲਾਂ ਐਰੋਲੈਂਡੋ ਵਿਚ ਕੰਮ ਕਰਦਿਆਂ ਇਕ ਪੰਜਾਬੀ ਪਰਿਵਾਰ ਮਿਲਿਆ ਸੀ। ਆਪਣੀ ਮਿੱਟੀ ਦੇ ਜਾਏ ਦਾ ਬੜੇ ਲੰਮੇ ਵਕਫ਼ੇ ਬਾਅਦ ਆਪਣੀ ਮਾਂ ਬੋਲੀ ਵਿਚ ਗੱਲ ਕਰਨਾ ਸਾਨੂੰ ਅਤੇ ਉਸਨੂੰ ਬਹੁਤ ਚੰਗਾ ਲੱਗਾ। ਪੰਜਾਬੀਆਂ ਦੀ ਆਪਸੀ ਸਾਂਝ ਨਿੱਕਲ ਹੀ ਆਉਂਦੀ ਹੈ। ਗੱਲਾਂ ਗੱਲਾਂ 'ਚ ਨਿੱਜੀ ਨੇੜਤਾ ਤੱਕ ਪਹੁੰਚਣ ਨਾਲ ਉਸ ਨੂੰ ਅਸੀਮ ਖ਼ੁਸ਼ੀ ਮਿਲੀ। ਜਾਣ ਲੱਗਾ ਕਹਿਣ ਲੱਗਾ ਕਿ ਜਦ ਵੀ ਲੋੜ ਹੋਵੇ ਮੈਂ ਹਾਜ਼ਰ ਹਾਂ।

*3. ਜਮਾਇਕਾ 'ਚ ਡਨ ਦਰਿਆ ਦੇ ਝਰਨੇ*

ਸਮੁੰਦਰ ਵਿਚ ਦੋ ਰਾਤਾਂ ਅਤੇ ਇਕ ਦਿਨ ਗੁਜ਼ਾਰਨ ਤੋਂ ਬਾਅਦ ਸਾਡਾ ਸ਼ਿਪ ਸਵੇਰੇ ਅੱਠ ਵਜੇ ਜਮਾਇਕਾ ਦੇ ਸ਼ਹਿਰ ਫਾਲਮਾਊਥ ਦੀ ਕਰੂਜ਼ ਪੋਰਟ ਵਿਖੇ ਰੁਕਿਆ। ਇਥੇ ਜਹਾਜ਼ ਨੇ ਸ਼ਾਮ 4 ਵਜੇ ਤੱਕ ਰੁਕਣਾ ਸੀ ਅਤੇ ਅਗਲੇ ਸਫ਼ਰ 'ਤੇ ਤੁਰ ਪੈਣਾ ਸੀ। ਸਾਡੇ ਬੱਚਿਆਂ ਦਾ ਮਨ ਸੀ ਕਿ ਇਥੋਂ ਕਾਰ 'ਤੇ ਦੋ ਕੁ ਘੰਟੇ ਦੀ ਦੂਰੀ 'ਤੇ ਡਨ ਦਰਿਆ ਦੇ ਝਰਨਿਆਂ ਦਾ ਨਜ਼ਾਰਾ ਦੇਖਿਆ ਜਾਵੇ। ਨਾਲ ਹੀ ਜਮਾਇਕਾ ਦੀਆਂ ਸੜਕਾਂ 'ਤੇ ਜਾਂਦਿਆਂ, ਲੋਕਾਂ ਦੇ ਰਹਿਣ-ਸਹਿਣ, ਸੜਕੀ ਆਵਾਜਾਈ, ਅਤੇ ਚੌਗਿਰਦੇ ਨੂੰ ਨੇੜਿਉਂ ਦੇਖਿਆ ਜਾਵੇ। ਸਾਡੀ ਟੈਕਸੀ ਦਾ ਡਰਾਈਵਰ ਬਹੁਤ ਸਮਝਦਾਰ, ਮਿਲਣ ਸਾਰ ਅਤੇ ਮਦਦਗਾਰ ਸਾਬਤ ਹੋਇਆ ਜਿਸਨੇ ਗੱਲਾਂ ਗੱਲਾਂ ਵਿਚ ਆਪਣੇ ਦੇਸ਼, ਲੋਕਾਂ ਦੇ ਜੀਵਨ, ਇਸਦੀਆਂ ਰਹੁ-ਰੀਤਾਂ, ਖਾਣ-ਪੀਣ ਵਾਸਤੇ ਬਿਹਤਰ ਥਾਂ ਬਾਰੇ ਜਾਣਕਾਰੀ ਦਿੰਦਿਆਂ, ਡਨ ਦਰਿਆ 'ਤੇ ਜਾਣ ਵੇਲੇ ਸਾਰਿਆਂ ਦਾ ਜੀਅ ਲਾਈ ਰੱਖਿਆ। ਦਰਅਸਲ ਜਮਾਇਕਾ ਇਕ ਕੈਰੀਬੀਅਨ ਟਾਪੂ ਹੈ। ਕੁਦਰਤੀ ਖਣਿਜਾਂ ਨਾਲ ਭਰਪੂਰ। ਸਾਰਾ ਸਾਲ ਮੌਸਮ ਗਰਮ ਹੀ ਰਹਿੰਦਾ ਹੈ। ਇਸ ਲਈ ਚਾਰੇ ਪਾਸੇ ਹਰਿਆਵਲ ਹੀ ਰਹਿੰਦੀ ਹੈ। ਕਦੇ ਇਥੇ ਗੋਰਿਆਂ ਨੇ ਖੰਡ ਮਿੱਲਾਂ ਲਾਈਆਂ ਸਨ ਕਿਉਂਕਿ ਇਥੇ ਗੰਨਾ ਵੀ ਬਹੁਤ ਹੁੰਦਾ ਹੈ। ਅੰਬਾਂ ਅਤੇ ਕੇਲਿਆਂ ਲਈ ਮਸ਼ਹੂਰ ਜਮਾਇਕਾ ਦਰਅਸਲ ਸੈਲਾਨੀਆਂ ਦੀ ਮਨਪਸੰਦ ਜਗ੍ਹਾ ਹੈ। ਇਥੋਂ ਦੇ ਲੋਕਾਂ ਦੀ ਉਪਜੀਵਕਾ ਵਿਚ ਸੈਲਾਨੀਆਂ ਦਾ ਵੱਡਾ ਯੋਗਦਾਨ ਹੈ। ਖਾਸ ਗੱਲ ਇਹ ਹੈ ਕਿ ਸੈਲਾਨੀਆਂ ਨੂੰ ਲੈ ਕੇ ਜਾਣ ਵਾਲੇ ਹਰ ਟੈਕਸੀ ਵਾਲੇ ਦਾ ਸਾਰਾ ਰਿਕਾਰਡ ਪੁਲੀਸ ਵਲੋਂ ਰੱਖਿਆ ਜਾਂਦਾ ਹੈ। ਕਿਹੜੇ ਸੈਲਾਨੀਆਂ ਨੂੰ ਲੈ ਕੇ ਜਾ ਰਿਹਾ ਹੈ, ਕਿਥੇ ਜਾ ਰਿਹਾ ਹੈ ਅਤੇ ਡਰਾਈਵਰ ਦਾ ਲਾਇਸੈਂਸ ਨੰਬਰ ਅਤੇ ਗੱਡੀ ਦਾ ਨੰਬਰ ਆਦਿ ਸਭ ਨੋਟ ਕਰਨਾ, ਸੈਲਾਨੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਹੈ।

ਡਨ ਦਰਿਆ ਸੈਲਾਨੀਆਂ ਲਈ ਵੱਡੀ ਖਿੱਚ ਦਾ ਕਾਰਨ ਹੈ। ਇਥੇ ਨਿੱਕੇ ਨਿੱਕੇ ਝਰਨੇ ਹਨ ਜਦ ਇਹ ਦਰਿਆ ਪਹਾੜੀਆਂ ਤੋਂ ਹੇਠਾਂ ਵੱਲ ਨੂੰ ਵਗਦਾ ਹੈ। ਸੈਲਾਨੀਆਂ ਲਈ ਬਹੁਤ ਹੀ ਰੁਮਾਂਚਕ, ਹਿੰਮਤ ਅਤੇ ਹੌਂਸਲੇ ਤੇ ਸਿਰੜ ਵਾਲੀ ਚੜ੍ਹਾਈ ਹੈ। ਵਗਦੇ ਦਰਿਆ ਦੇ ਹੇਠਲੇ ਪਾਸੇ ਤੋਂ ਉਪਰ ਵੱਲ ਨੂੰ 960 ਫੁੱਟ ਦੀ ਚੜ੍ਹਾਈ ਚੜ੍ਹਨੀ। ਪੱਥਰਾਂ ਦੇ ਛੋਟੇ ਵੱਡੇ ਟੁਕੜਿਆਂ 'ਤੇ ਸੰਤੁਲਨ ਬਣਾ ਕੇ ਉਪਰ ਨੂੰ ਚੜ੍ਹਨਾ ਜਦ ਪਾਣੀ ਦਾ ਵਹਾਅ ਵੀ ਕਾਫ਼ੀ ਤੇਜ਼ ਹੋਵੇ। ਕਾਫ਼ੀ ਔਖਾ ਤੇ ਸਰੀਰਕ ਮਜ਼ਬੂਤੀ ਨਾਲ ਧਿਆਨ ਨਾਲ ਪੈਰ ਟਿਕਾਉਣਾ, ਆਪਣਾ ਸੰਤੁਲਨ ਕਾਇਮ ਰੱਖ ਕੇ ਉਪਰ ਨੂੰ ਜਾਣਾ ਹੁੰਦਾ ਹੈ। ਪੈਰ ਤਿਲਕਣ 'ਤੇ ਤੁਸੀਂ ਹੇਠਾਂ ਡਿਗ ਸਕਦੇ ਹੋ ਅਤੇ ਪੱਥਰਾਂ 'ਤੇ



ਡਿਗ ਕੇ ਸੱਟ ਵੀ ਲੱਗ ਸਕਦੀ ਹੈ। ਕਈ ਵਾਰ ਤਾਂ ਦਸ ਕੁ ਫੁੱਟ ਹੇਠਾਂ ਵੀ ਡਿਗ ਸਕਦੇ ਹੋ। ਪਰ ਇਹ ਚੜ੍ਹਾਈ ਬਹੁਤ ਰੁਮਾਂਚਕ ਹੁੰਦੀ ਹੈ ਜਦ ਤੁਸੀਂ ਆਪਣੇ ਪਰਿਵਾਰ ਨਾਲ ਜਾਂਦੇ ਹੋ। ਪਰਿਵਾਰਕ ਮੈਂਬਰਾਂ ਦੀ ਹੱਲਾਸ਼ੇਰੀ ਨਾਲ ਇਸ ਚੜ੍ਹਾਈ ਨੂੰ ਪੂਰਾ ਕਰਨਾ, ਤੁਹਾਨੂੰ ਖ਼ੁਸ਼ੀ ਦਿੰਦਾ ਅਤੇ ਸਰੀਰਕ ਸਮਰੱਥਾ ਦਾ ਅਹਿਸਾਸ ਵੀ ਕਰਵਾਉਂਦਾ ਹੈ। ਦੋ ਕੁ ਘੰਟੇ ਇਸ ਕੁਦਰਤੀ ਖ਼ੂਬਸੂਰਤੀ ਵਾਲੀ ਜਗ੍ਹਾ ਦਾ ਆਨੰਦ ਮਾਨਣ ਤੋਂ ਬਾਅਦ ਵਾਪਸੀ 'ਤੇ ਡਰਾਈਵਰ ਨੇ ਇਕ ਢਾਬਾਨੁਮਾ ਰੈਸਟੋਰੈਂਟ 'ਤੇ ਕਾਰ ਰੋਕੀ ਤਾਂ ਕਿ ਜਮਾਇਕਾ ਦੇ ਰਵਾਇਤੀ ਫ਼ੂਡ ਯਾਨੀ ਜਰਕਚਿਕਨ, ਕਰੀ ਗੋਟ, ਕਰੀ ਚਿਕਨ ਆਦਿ ਦਾ ਲੁਤਫ਼ ਲਿਆ ਜਾਵੇ। ਖਾਸ ਗੱਲ ਹੈ ਕਿ ਇਥੇ ਪੰਜਾਬ ਵਾਂਗ ਕਰੀ ਗੋਟ ਨਾਲ ਰੋਟੀ ਵੀ ਮਿਲਦੀ ਹੈ। ਦਰਅਸਲ ਇਹ ਢਾਬੇ ਇਸ ਪਿਕਨਿਕ ਜਗ੍ਹਾ ਨੂੰ ਜਾਣ ਵਾਲੀ ਸੜਕ ਦੇ ਦੋਹੀਂ ਪਾਸੇ ਖੁੱਲ੍ਹੇ ਹੋਏ ਹਨ ਜਿਵੇਂ ਦਿੱਲੀ ਨੂੰ ਜਾਂਦਿਆਂ, ਥਾਂ ਪੁਰ ਥਾਂ ਢਾਬੇ ਖੁੱਲ੍ਹੇ ਰਹਿੰਦੇ ਹਨ। ਸੜਕ ਕਿਨਾਰੇ ਰਹਿਣ ਵਾਲਿਆਂ ਦੀਆਂ ਕਾਰਾਂ ਅਤੇ ਅੰਬ, ਨਾਰੀਆਲ ਅਤੇ ਰਵਾਇਤੀ ਜਮਾਇਕੀ ਫਲਾਂ ਦੀਆਂ ਰੇੜੀਆਂ ਤੁਹਾਨੂੰ ਸੜਕ ਦੇ ਦੋਹੀਂ ਪਾਸੀਂ ਦੇਖਣ ਨੂੰ ਮਿਲਦੀਆਂ ਹਨ। ਸੈਲਾਨੀਆਂ ਨੂੰ ਇਹ ਫਲ ਕਾਫ਼ੀ ਮਹਿੰਗੇ ਵੇਚੇ ਜਾਂਦੇ ਹਨ। ਸਿੰਗਲ ਸੜਕ ਹੋਣ ਕਾਰਨ ਟ੍ਰੈਫ਼ਿਕ ਦਾ ਵਾਪਸ ਆਉਣ ਵੇਲੇ ਹਾਲ ਮਾੜਾ ਸੀ ਅਤੇ ਅਸੀਂ ਮਸਾਂ ਹੀ ਸਮੇਂ ਸਿਰ ਕਰੂਜ਼ ਸ਼ਿਪ 'ਤੇ ਪਹੁੰਚ ਸਕੇ। ਜਾਂਦੇ ਸਾਰ ਗਰਮ-ਗਰਮ ਚਾਹ ਦਾ ਕੱਪ ਪੀ ਕੇ ਖ਼ੁਦ ਨੂੰ ਤਰੋ-ਤਾਜ਼ਾ ਕੀਤਾ ਅਤੇ ਜਮਾਇਕਾ ਦੀਆਂ ਪਿਆਰੀਆਂ ਯਾਦਾਂ ਲੈ ਕੇ ਅਗਲੇ ਸਫ਼ਰ 'ਤੇ ਤੁਰ ਪਏ।

# ਸੂਚਨਾ ਦਾ ਬਿਰਤਾਂਤ: ਸਚਾਈ ਨੂੰ ਲੁਕਾਉਣ ਦਾ ਯਤਨ

ਸਮਾਜ ਜਿਸ ਦੌਰ ਵਿਚੋਂ ਲੰਘ ਰਿਹਾ ਹੈ ਉਸ ਵਿਚ ਬਹੁਤ ਸਾਰੀ ਸੂਚਨਾ ਅਤੇ ਅੰਕੜੇ ਇਕੱਠੇ ਕੀਤੇ ਜਾ ਰਹੇ ਹਨ। ਇਨ੍ਹਾਂ ਵਿਚੋਂ ਕੁਝ ਅੰਕੜਿਆਂ ਨਾਲ ਲੋਕਾਂ 'ਤੇ ਵੱਖ-ਵੱਖ ਤਰੀਕਿਆਂ ਨਾਲ ਸੂਚਨਾ ਦੀ ਬੰਬਾਰੀ ਹੋ ਰਹੀ ਹੈ। ਇਹ ਬੰਬਾਰੀ ਕਈ ਪਾਸਿਆਂ ਤੋਂ ਹੋ ਰਹੀ ਹੈ। ਇਸ ਵਿਚ ਸਰਕਾਰ ਅਤੇ ਮੀਡੀਆ ਤੋਂ ਇਲਾਵਾ ਹੋਰ ਤੱਤ ਵੀ ਸ਼ਾਮਲ ਹੋ ਗਏ ਹਨ। ਨਵੀਂ ਤਕਨਾਲੌਜੀ ਦੇ ਆਉਣ ਨਾਲ ਨਵੇਂ ਤਰੀਕੇ ਵੀ ਆ ਗਏ ਹਨ ਅਤੇ ਨਵੀਆਂ ਆਰਥਿਕ ਸਮਾਜਿਕ ਤਬਦੀਲੀਆਂ ਨੇ ਇਸ ਵਾਸਤੇ ਮਾਹੌਲ ਵੀ ਪੈਦਾ ਕਰ ਦਿੱਤਾ ਹੈ। ਲੋਕਾਂ ਨੂੰ ਸੂਚਨਾ ਦੇ ਹੜ੍ਹ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਨ੍ਹਾਂ ਸਮਿਆਂ ਵਿਚ ਇਹ ਸਮਝਣਾ ਅਤੇ ਨਿਰਣਾ ਕਰਨਾ ਮੁਸ਼ਕਲ ਹੋ ਗਿਆ ਹੈ ਕਿ ਅਸਲੀਅਤ ਕੀ ਹੈ ਅਤੇ ਅਫਵਾਹ ਕੀ ਹੈ? ਮਸਲਿਆਂ ਦੀ ਤਹਿ ਤੱਕ ਪਹੁੰਚਣ ਲਈ ਬਣੀਆਂ ਸੰਸਥਾਵਾਂ ਜਾਂ ਤਾਂ ਕੰਮ ਨਹੀਂ ਕਰ ਰਹੀਆਂ ਜਾਂ ਕਮਜ਼ੋਰ ਕਰ ਦਿੱਤੀਆਂ ਗਈਆਂ ਹਨ। ਇਸ ਕਰਕੇ ਲੋਕਾਂ ਤੋਂ ਸੱਚ ਛੁਪਾਇਆ ਜਾ ਰਿਹਾ ਜਾਂ ਗ਼ਾਇਬ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।



ਸੁੱਚਾ ਸਿੰਘ ਗਿੱਲ

ਕੁਝ ਦਹਾਕੇ ਪਹਿਲਾਂ ਲੋਕਾਂ ਕੋਲ ਸੂਚਨਾ ਅਖ਼ਬਾਰਾਂ, ਰਸਾਲਿਆਂ ਜਾਂ ਸਰਕਾਰੀ ਰੇਡੀਓ ਅਤੇ ਟੈਲੀਵਿਜ਼ਨ ਰਾਹੀਂ ਪਹੁੰਚਦੀ ਸੀ। ਇਨ੍ਹਾਂ ਦੇ ਐਡੀਟਰ ਅਤੇ ਪੱਤਰਕਾਰ ਉਹ ਹੀ ਸੂਚਨਾ ਲੋਕਾਂ ਤੱਕ ਪਹੁੰਚਾਉਂਦੇ ਸਨ ਜਿਸ ਦੇ ਸਹੀ ਜਾਂ ਸੱਚੇ ਹੋਣ ਬਾਰੇ ਉਨ੍ਹਾਂ ਨੂੰ ਯਕੀਨ ਹੁੰਦਾ ਸੀ। ਮਿਆਰੀ ਅਖ਼ਬਾਰ ਅਤੇ ਰਸਾਲੇ ਸੂਚਨਾ ਦੇ ਠੀਕ ਹੋਣ ਬਾਰੇ ਤਸਦੀਕ ਕਰਨ ਦਾ ਯਤਨ ਕਰਦੇ ਸਨ। ਸੱਚ ਨੂੰ ਉਜਾਗਰ ਕਰਨ ਵਾਸਤੇ ਖੋਜੀ ਪੱਤਰਕਾਰੀ ਹੋਂਦ ਵਿਚ ਆ ਗਈ ਸੀ ਜਿਸ ਨਾਲ ਲੋਕਾਂ ਦਾ ਵਿਸ਼ਵਾਸ ਅਖ਼ਬਾਰਾਂ ਦੀਆਂ ਖ਼ਬਰਾਂ ਦੇ ਠੀਕ ਹੋਣ ਵਿਚ ਕਾਫੀ ਵਧ ਗਿਆ ਸੀ। ਜਿਨ੍ਹਾਂ ਅਖ਼ਬਾਰਾਂ ਜਾਂ ਰਸਾਲਿਆਂ ਵਿਚ ਖਬਰਾਂ ਦੀ ਅਸਲੀਅਤ ਵੱਲ ਧਿਆਨ ਨਹੀਂ ਸੀ ਦਿੱਤਾ ਜਾਂਦਾ ਉਨ੍ਹਾਂ ਦੀ ਪਾਠਕਾਂ ਵਿਚ ਮਕਬੂਲੀਅਤ ਨਾ ਹੋਣ ਕਾਰਨ ਬਹੁਤ ਘੱਟ ਗਿਣਤੀ ਵਿਚ ਪੜ੍ਹੇ ਜਾਂਦੇ ਸਨ। ਅਕਾਦਮਿਕ ਖੋਜ ਵਿਸ਼ੇਸ਼ ਰਸਾਲਿਆਂ ਵਿਚ ਖੋਜ ਪੱਤਰ ਜਾਂ ਖੋਜ ਅਧਾਰਿਤ ਕਿਤਾਬਾਂ ਦੇ ਰੂਪ ਵਿਚ ਛਾਪੀ ਜਾਂਦੀ ਸੀ। ਇਨ੍ਹਾਂ ਦੇ ਛਾਪਣ ਤੋਂ ਪਹਿਲਾਂ ਕਿਸੇ ਮਾਹਿਰ ਤੋਂ ਖੋਜ ਪੱਤਰ ਜਾਂ ਕਿਤਾਬ ਦੇ ਛਪਣਯੋਗ ਹੋਣ ਬਾਰੇ ਰਾਇ ਲੈਣਾ ਵੀ ਲਾਜ਼ਮੀ ਕੀਤਾ ਜਾਂਦਾ ਸੀ। ਇਸ ਤਰ੍ਹਾਂ ਖੋਜ ਤੋਂ ਉਜਾਗਰ ਤੱਥਾਂ ਦੀ ਪੇਸ਼ਕਾਰੀ ਤੋਂ ਪਹਿਲਾਂ ਸਾਰੀਆਂ ਸਾਵਧਾਨੀਆਂ ਲਈਆਂ ਜਾਂਦੀਆਂ ਸਨ ਤਾਂ ਕਿ ਤੱਥਾਂ ਦੀ ਸਚਾਈ ਬਾਰੇ ਕੋਈ ਭੁਲੇਖਾ ਨਾ ਰਹੇ।

ਅਜੋਕੇ ਸਮੇਂ ਵਿਚ ਇਹ ਸਭ ਕੁੱਝ ਬਦਲ ਗਿਆ ਹੈ। ਵੱਡੇ ਅਖ਼ਬਾਰਾਂ ਦੇ ਮਾਲਕਾਂ ਵਲੋਂ ਅਖ਼ਬਾਰਾਂ ਦੇ ਕਈ ਸਫ਼ੇ ਜਾਂ ਕਾਲਮ ਇਸ਼ਤਿਹਾਰਾਂ ਦੇ ਰੂਪ ਵਿਚ ਮਹਿੰਗੀਆਂ ਵਸਤੂਆਂ ਦੀ ਵਿਕਰੀ ਨੂੰ ਉਤਸ਼ਾਹਿਤ ਕਰਨ ਵਾਸਤੇ ਛਾਪੇ ਜਾਂਦੇ ਹਨ। ਹੌਲੀ-ਹੌਲੀ ਕੁਝ ਕਾਲਮ ਖਬਰਾਂ ਦੇ ਰੂਪ ਵਿਚ ਵੇਚੇ ਜਾਣ ਲੱਗ ਪਏ ਹਨ। ਇਸ ਨੂੰ ਵਿਕਾਊ ਖ਼ਬਰ (paid news) ਵੀ ਕਿਹਾ ਜਾਂਦਾ ਹੈ। ਸਾਧਾਰਣ ਪਾਠਕ ਇਸ ਨੂੰ ਠੀਕ ਜਾਂ ਸੱਚੀ ਖ਼ਬਰ ਸਮਝਦੇ ਹੋਏ ਵਿਸ਼ਵਾਸ ਕਰ ਲੈਂਦੇ ਹਨ। ਥੋੜ੍ਹੇ ਜਿਹੇ ਮਿਆਰੀ ਅਖ਼ਬਾਰਾਂ ਨੂੰ ਛੱਡ ਕੇ ਬਹੁਤੇ ਅਖ਼ਬਾਰ ਕਾਰਪੋਰੇਟ ਘਰਾਣਿਆਂ ਵਲੋਂ ਚਲਾਏ ਜਾ ਰਹੇ ਹਨ। ਕਾਰਪੋਰੇਟ ਅਖ਼ਬਾਰਾਂ ਦੇ ਮਾਲਕ ਹਾਕਮ ਪਾਰਟੀਆਂ ਨਾਲ ਮਿਲ ਕੇ ਚਲਦੇ ਹਨ। ਇਹ ਅਖਬਾਰ ਉਸ ਖ਼ਬਰ/ਆਰਟੀਕਲ ਨੂੰ ਪ੍ਰਕਾਸ਼ਿਤ ਨਹੀਂ ਕਰਦੇ ਜਿਹੜੇ ਸਚਾਈ 'ਤੇ ਆਧਾਰਿਤ ਹੁੰਦੇ ਹਨ ਪਰ ਸਰਕਾਰਾਂ ਨੂੰ ਮਾਫ਼ਕ ਨਹੀਂ ਆਉਂਦੇ। ਸਰਕਾਰੀ ਟੈਲੀਵਿਜ਼ਨ ਚੈਨਲਾਂ ਤੋਂ ਇਲਾਵਾ ਕਾਰਪੋਰੇਟ ਘਰਾਣਿਆਂ ਨੇ ਆਪਣੇ ਟੈਲੀਵਿਜ਼ਨ ਚੈਨਲ ਖੋਲ੍ਹੇ ਹੋਏ ਹਨ ਪਰ ਉਨ੍ਹਾਂ ਦਾ ਕਿਰਦਾਰ ਸਰਕਾਰੀ ਨੀਤੀਆਂ ਨੂੰ ਪ੍ਰਚਾਰਨ ਵਾਲਾ ਹੀ ਬਣ ਗਿਆ ਹੈ। ਇਹੋ ਜਿਹੇ ਅਖ਼ਬਾਰਾਂ ਅਤੇ ਟੈਲੀਵਿਜ਼ਨ ਚੈਨਲਾਂ ਨੂੰ 'ਗੋਦੀ ਮੀਡੀਆ' ਕਿਹਾ ਜਾਂਦਾ ਹੈ। ਜੇਕਰ ਕੋਈ ਚੈਨਲ ਆਪਣੀ ਰਾਇ ਬੇਬਾਕੀ ਨਾਲ ਪੇਸ਼ ਕਰਦਾ ਹੈ ਤਾਂ ਉਸ ਨੂੰ ਕਾਰਪੋਰੇਟ ਘਰਾਣਿਆਂ ਵਲੋਂ ਖ਼ਰੀਦ ਲਿਆ ਜਾਂਦਾ ਹੈ ਜਾਂ ਸਰਕਾਰੀ ਏਜੰਸੀਆਂ ਦੇ ਦਖਲ ਨਾਲ ਬੰਦ ਕਰਵਾ ਦਿੱਤਾ ਜਾਂਦਾ ਹੈ। ਆਜ਼ਾਦ ਅਤੇ ਨਿਰਪੱਖ ਮੀਡੀਆ ਹੁਣ ਇੱਕ ਦੁਰਲੱਭ ਚੀਜ਼ ਬਣ ਗਿਆ ਹੈ। ਪਿਛਲੇ ਕੁੱਝ ਸਾਲਾਂ ਤੋਂ ਸਾਡੇ ਦੇਸ਼ ਅਤੇ ਵਿਦੇਸ਼ਾਂ ਵਿਚ ਸੋਸ਼ਲ ਮੀਡੀਆ ਬਹੁਤ ਮਹੱਤਵਪੂਰਨ ਬਣ ਗਿਆ ਹੈ। ਇਸ ਦੀ ਮਹੱਤਤਾ ਨੂੰ ਵੇਖਦੇ ਹੋਏ ਸਾਰੀਆਂ ਸਿਆਸੀ ਪਾਰਟੀਆਂ ਵਲੋਂ ਆਪਣੇ ਆਈ ਟੀ ਸੈਲ ਕਾਇਮ ਕਰ ਲਏ ਗਏ ਹਨ। ਇਹ ਸੈਲ ਪਾਰਟੀ ਦਾ ਪ੍ਰਚਾਰ ਕਰਨ ਅਤੇ ਵਿਰੋਧੀ ਪਾਰਟੀ/ਪਾਰਟੀਆਂ ਦੇ ਖ਼ਿਲਾਫ ਭੰਡੀ ਪ੍ਰਚਾਰ ਕਰਨ ਲਈ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਇਸ ਦੌਰ ਵਿਚ ਖ਼ੋਜੀ ਪੱਤਰਕਾਰੀ ਤਾਂ ਲਗਭਗ ਖਤਮ ਹੋ ਗਈ ਹੈ। ਇਸ ਕਾਰਨ ਮੀਡੀਆ ਆਪਣੀ ਖ਼ੁਦਮੁਖ਼ਤਿਆਰੀ ਗਵਾ ਚੁੱਕਿਆ ਹੈ। ਇਹ ਹੁਣ ਡੈਮੋਕਰੇਸੀ ਦਾ ਚੌਥਾ ਥੰਮ੍ਹ ਨਹੀਂ ਰਹਿ ਗਿਆ। ਇਹ ਸੱਚ ਸਾਹਮਣੇ ਲਿਆਉਣ ਦੀ ਬਜਾਏ ਸੱਚ ਨੂੰ ਛੁਪਾਉਣ ਦਾ ਜ਼ਰੀਆ ਬਣਦਾ ਜਾ ਰਿਹਾ ਹੈ।

ਬਹੁਤ ਗੰਭੀਰ ਮਸਲਿਆਂ ਅਤੇ ਸਮੱਸਿਆਵਾਂ ਨੂੰ ਸਮਝਣ ਅਤੇ ਉਨ੍ਹਾਂ ਦੇ ਵਾਜਬ ਹੱਲ ਡੂੰਘੀ ਖੋਜ ਅਤੇ ਅਧਿਐਨ ਦੀ ਮੰਗ ਕਰਦੇ ਹਨ। ਇਸ ਕਾਰਜ ਵਾਸਤੇ ਵਿਸ਼ਵ ਦੇ ਸਾਰੇ ਦੇਸ਼ਾਂ ਵਲੋਂ ਆਧੁਨਿਕ ਯੁੱਗ ਵਿਚ ਯੂਨੀਵਰਸਿਟੀਆਂ ਅਤੇ ਕਾਲਜ ਸਥਾਪਿਤ ਕੀਤੇ ਗਏ ਹਨ। ਉੱਚ ਵਿੱਦਿਆ ਨੂੰ ਕਾਮਯਾਬ ਕਰਨ ਵਾਸਤੇ ਸਰਕਾਰੀ ਸਕੂਲ ਖੋਲ੍ਹੇ ਗਏ ਹਨ ਅਤੇ ਮਿਆਰੀ ਸਿੱਖਿਆ ਦਾ ਇੰਤਜ਼ਾਮ ਕੀਤਾ ਗਿਆ ਹੈ। ਜਿਹੜੇ ਵਿਸ਼ਿਆਂ ਨੂੰ ਹੋਰ ਗੰਭੀਰ ਅਧਿਐਨ ਦੀ ਜ਼ਰੂਰਤ ਹੁੰਦੀ ਹੈ ਉਨ੍ਹਾਂ ਵਾਸਤੇ ਸਪੈਸ਼ਲ ਖੋਜ ਸੰਸਥਾਵਾਂ ਕਾਇਮ ਕੀਤੀਆਂ ਗਈਆਂ ਹਨ। ਇਹ ਸੰਸਥਾਵਾਂ ਸਾਹਿਤ, ਵਿਗਿਆਨ, ਸਮਾਜ ਵਿਗਿਆਨ, ਕਾਨੂੰਨ, ਇੰਜੀਨੀਅਰਿੰਗ ਅਤੇ ਤਕਨਾਲੌਜੀ ਦੇ ਵਿਸ਼ਿਆਂ ਵਿਚ ਸਪੈਸ਼ਲ ਮੁਹਾਰਤ ਵਾਸਤੇ ਕਾਇਮ ਕੀਤੀਆਂ ਗਈਆਂ ਹਨ। ਸਾਡੇ ਦੇਸ਼ ਵਿਚ ਵੀ ਇਹ ਕਾਰਜ ਦੇਸ਼ ਦੀ ਆਜ਼ਾਦੀ ਤੋਂ ਬਾਅਦ ਵਿੱਢਿਆ ਗਿਆ ਸੀ। ਇਨ੍ਹਾਂ ਵਿਸ਼ਿਆਂ ਵਿਚ ਕੌਮੀ ਪੱਧਰ 'ਤੇ ਮਾਹਿਰ ਵੀ ਪੈਦਾ ਹੋਣ ਲੱਗ ਪਏ ਸਨ। ਪਰ ਪਿਛਲੇ ਤਿੰਨ ਦਹਾਕਿਆਂ ਤੋਂ ਇਸ ਵਿਦਿਆ ਦੇ ਸਿਸਟਮ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ। ਇਸ ਨਾਲ ਗੰਭੀਰ ਅਧਿਐਨ ਅਤੇ ਖੋਜ ਦੇ ਕਾਰਜਾਂ ਨੂੰ ਢਾਹ ਲੱਗੀ ਹੈ। ਪਹਿਲਾਂ ਸਕੂਲਾਂ ਦੇ ਸਿਸਟਮ ਨੂੰ ਕਮਜ਼ੋਰ ਕੀਤਾ ਗਿਆ ਅਤੇ ਫੇਰ




ਉੱਚ ਵਿੱਦਿਆ ਨੂੰ ਕਾਫੀ ਹੱਦ ਤੱਕ ਕਮਜ਼ੋਰ ਕਰ ਦਿੱਤਾ ਗਿਆ ਹੈ। ਸਿਖਿਆ ਦੇ ਡਿਗਦੇ ਮਿਆਰ ਵਿਚ ਹੋਰਨਾਂ ਕਾਰਨਾਂ ਤੋਂ ਇਲਾਵਾ ਸਕੂਲਾਂ ਤੋਂ ਲੈ ਕੇ ਯੂਨੀਵਰਸਿਟੀਆਂ ਤੱਕ ਨਿਜੀਕਰਨ ਦੀ ਨੀਤੀ ਨੇ ਅਹਿਮ ਭੂਮਿਕਾ ਨਿਭਾਈ ਹੈ। ਸਰਕਾਰੀ ਖੇਤਰ ਦੇ ਅਦਾਰਿਆਂ ਦੀਆਂ ਗ੍ਰਾਂਟਾਂ ਵਿਚ ਭਾਰੀ ਕਟੌਤੀ ਕੀਤੀ ਗਈ ਹੈ। ਇਸ ਨਾਲ ਅਧਿਆਪਨ ਅਤੇ ਖੋਜ ਕਾਰਜਾਂ ਵਿਚ ਗਿਰਾਵਟ ਆਈ ਹੈ। ਪ੍ਰਾਈਵੇਟ ਯੂਨੀਵਰਸਿਟੀਆਂ ਵਿਚ ਭਾਰੀ ਫੀਸਾਂ ਲੈ ਕੇ ਮੁੱਖ ਤੌਰ 'ਤੇ ਅਧਿਆਪਨ ਦਾ ਕਾਰਜ ਹੀ ਕੀਤਾ ਜਾਂਦਾ ਹੈ ਅਤੇ ਖੋਜ ਕਾਰਜ ਤਰਜੀਹ ਦਾ ਹਿੱਸਾ ਨਹੀਂ ਹਨ। ਸਰਕਾਰ ਦੀ ਨੁਕਤਾਚੀਨੀ ਵਾਲੇ ਆਰਟੀਕਲ ਅਖ਼ਬਾਰ ਵਿਚ ਛਾਪਣ ਕਾਰਨ ਵਾਈਸ ਚਾਂਸਲਰ ਜਾਂ ਪ੍ਰੋਫੈਸਰ ਨੂੰ ਨੌਕਰੀ ਤੋਂ ਹੱਥ ਧੋਣੇ ਪੈ ਰਹੇ ਹਨ। ਅੰਧ ਵਿਸ਼ਵਾਸ ਨੂੰ ਪ੍ਰਚਾਰਨ ਵਾਲਿਆਂ ਨੂੰ ਇਨ੍ਹਾਂ ਅਦਾਰਿਆਂ ਦੇ ਮੁਖੀ ਨਿਯੁਕਤ ਕੀਤਾ ਜਾ ਰਿਹਾ ਹੈ। ਸਰਕਾਰੀ ਯੂਨੀਵਰਸਿਟੀਆਂ ਅਤੇ ਕਾਲਜਾਂ ਦੀਆਂ ਗ੍ਰਾਂਟਾਂ ਵਿਚ ਭਾਰੀ ਕਟੌਤੀ ਕਾਰਨ ਬਹੁਤ ਸਾਰੇ ਅਦਾਰੇ ਆਪਣੇ ਲੋੜੀਂਦੇ ਕਾਰਜ, ਸਿਖਿਆ ਅਤੇ ਖੋਜ ਕਰਨ ਤੋਂ ਅਸਮਰੱਥ ਹੋ ਗਏ ਹਨ। ਖੋਜ ਸੰਸਥਾਵਾਂ ਦਾ ਹਾਲ ਵੀ ਠੀਕ ਨਹੀਂ ਰਿਹਾ। ਇਸ ਦਾ ਪ੍ਰਮਾਣ ਅੰਤਰਰਾਸ਼ਟਰੀ ਪੱਧਰ 'ਤੇ ਭਾਰਤ ਦੇ ਵਿਦਵਾਨਾਂ ਵਲੋਂ ਛਾਪੇ ਆਰਟੀਕਲਾਂ ਦੀ ਘਟਦੀ ਗਿਣਤੀ ਅਤੇ ਅਨੁਪਾਤ ਤੋਂ ਸਪੱਸ਼ਟ ਹੁੰਦਾ ਹੈ। ਵਿਸ਼ਵ ਦੀਆਂ ਪਹਿਲੀਆਂ 100 ਯੂਨੀਵਰਸਿਟੀਆਂ ਦੀ ਰੈਂਕਿੰਗ ਵਿਚ ਭਾਰਤ ਦੀ ਕਿਸੇ ਵੀ ਯੂਨੀਵਰਸਿਟੀ ਜਾਂ ਖੋਜ ਸੰਸਥਾ ਦਾ ਨਾਮ ਸ਼ਾਮਲ ਨਹੀਂ ਹੈ। ਆਨਲਾਈਨ ਖੋਜ ਪੱਤਰ ਅਤੇ ਕਿਤਾਬਾਂ ਲਿਖਣ ਅਤੇ ਛਾਪਣ ਦੇ ਘੁਟਾਲੇ ਹੋ ਰਹੇ ਹਨ। ਮਾਹਿਰਾਂ ਦੀਆਂ ਖੋਜਾਂ ਅਤੇ ਅਧਿਐਨ ਨੂੰ ਸਮਾਂ ਲਗਾ ਕੇ ਹੀ ਪੂਰਾ ਕੀਤਾ ਜਾਂਦਾ ਹੈ। ਪਰ ਕਈ ਵਾਰ ਪੁਰਾਣੇ ਅਧਿਐਨਾਂ/ ਖੋਜ ਦੇ ਨਤੀਜੇ ਮੌਜੂਦਾ ਜਾਂ ਵਰਤਮਾਨ ਵਿਚ ਪ੍ਰਸੰਗਕ ਹੁੰਦੇ ਹਨ। ਪਰ ਜੇਕਰ ਵਿਦਿਅਕ ਸੰਸਥਾਵਾਂ ਨਿਘਾਰ ਵੱਲ ਜਾ ਰਹੀਆਂ ਹੋਣ ਤਾਂ ਦੇਸ਼/ਇਲਾਕੇ ਦੇ ਬੌਧਿਕ ਵਿਕਾਸ 'ਤੇ ਮਾੜਾ ਅਸਰ ਪੈਂਦਾ ਹੈ। ਬੌਧਿਕ ਕੰਗਾਲੀ ਕਾਰਨ ਬਾਹਰੀ ਤਾਕਤਾਂ ਫਾਇਦਾ ਉਠਾ ਲੈਂਦੀਆਂ ਹਨ ਅਤੇ ਦੇਸ਼ ਵਿਚ ਅਸਥਿਰਤਾ ਪੈਦਾ ਕਰ ਸਕਦੀਆਂ ਹਨ।

ਜਦੋਂ ਆਮ ਲੋਕਾਂ 'ਤੇ ਕਈ ਪਾਸਿਆਂ ਤੋਂ ਸੂਚਨਾ ਦੀ ਬੰਬਾਰੀ ਹੋ ਰਹੀ ਹੋਵੇ ਤਾਂ ਉਨ੍ਹਾਂ ਵਾਸਤੇ ਸਚਾਈ ਨੂੰ ਸਮਝਣਾ ਮੁਸ਼ਕਲ ਹੋ ਜਾਂਦਾ ਹੈ। ਉਨ੍ਹਾਂ ਨੂੰ ਇਹ ਪਤਾ ਨਹੀਂ ਚਲਦਾ ਕਿ ਅਸਲੀਅਤ ਕੀ ਹੈ? ਕੁਝ ਸੱਚ ਤਾਂ ਸਰਕਾਰਾਂ ਵਲੋਂ ਛੁਪਾਇਆ ਜਾਂਦਾ ਹੈ। ਇਸ ਦਾ ਅੰਦਾਜ਼ਾ ਕੇਂਦਰ ਸਰਕਾਰ ਵੱਲੋਂ ਸੂਚਨਾਵਾਂ ਨੂੰ ਜਨਤਕ ਕਰਨ ਦੀ ਮਨਾਹੀ ਤੋਂ ਲਾਇਆ ਜਾ ਸਕਦਾ ਹੈ। ਇਸ ਵਿਚ ਪ੍ਰਧਾਨ ਮੰਤਰੀ ਕੇਅਰ ਫੰਡ (PM Care Fund), ਪ੍ਰਧਾਨ ਮੰਤਰੀ ਦੀ ਡਿਗਰੀ ਦਾ ਸਰਟੀਫਿਕੇਟ, ਅਦਾਨੀ ਗਰੁੱਪ ਵਲੋਂ ਸ਼ੇਅਰ ਮਾਰਕਿਟ ਵਿਚ ਬੇਨਿਯਮੀਆਂ ਅਤੇ ਸੂਬਾ ਸਰਕਾਰਾਂ ਦੇ ਪ੍ਰਸ਼ਾਸਕਾਂ ਨੂੰ ਰਿਸ਼ਵਤ ਬਾਰੇ ਸੂਚਨਾ ਦੇਣ ਤੋਂ ਇਨਕਾਰੀ ਹੋਣਾ ਪ੍ਰਮੁੱਖ ਉਦਾਹਰਣਾਂ ਹਨ। ਕੌਮੀ ਸੁਰੱਖਿਆ ਦੇ ਨਾਂਅ 'ਤੇ ਸੁਰੱਖਿਆ ਬਲਾਂ ਵਲੋਂ ਵੱਖ-ਵੱਖ ਸੂਬਿਆਂ ਜਿਵੇਂ ਜੰਮੂ ਕਸ਼ਮੀਰ, ਮਨੀਪੁਰ, ਛਤੀਸਗੜ੍ਹ ਆਦਿ ਵਿਚ ਕਾਰਵਾਈਆਂ ਨੂੰ ਸਰਕਾਰ ਵਲੋਂ ਜਨਤਕ ਨਹੀਂ ਕੀਤਾ ਜਾਂਦਾ। ਇਸ ਤੋਂ ਇਲਾਵਾ ਖੁਫ਼ੀਆ ਤੰਤਰ ਵਲੋਂ ਕਰਵਾਈਆਂ ਮਾੜੀਆਂ ਕਾਰਵਾਈਆਂ ਨੂੰ ਵੀ ਜਨਤਕ ਨਹੀਂ ਕੀਤਾ ਜਾਂਦਾ। ਇਸ ਦੀ ਪ੍ਰਮੁੱਖ ਮਿਸਾਲ 1980ਵਿਆਂ ਵਿਚ ਪੰਜਾਬ ਦੇ ਹਾਲਾਤ ਖਰਾਬ ਕਰਨ ਵਿਚ ਖੁਫੀਆ ਤੰਤਰ ਦੀ ਅਹਿਮ ਭੂਮਿਕਾ ਰਹੀ ਹੈ। ਇਸ ਬਾਰੇ ਕੁੱਝ ਸਾਬਕਾ ਉੱਚ ਅਫਸਰਾਂ ਵਲੋਂ ਕਿਤਾਬਾਂ ਵਿਚ ਜ਼ਿਕਰ ਵੀ ਕੀਤਾ ਗਿਆ ਹੈ। ਇਵੇਂ ਹੀ ਸੂਬਿਆਂ ਦੀਆਂ ਸਰਕਾਰਾਂ ਵਲੋਂ ਵੀ ਲੋਕਾਂ ਨੂੰ ਸੱਚ/ਸਹੀ ਸੂਚਨਾ ਨੂੰ ਲੁਕਾਉਣ ਦੀਆਂ ਮਿਸਾਲਾਂ ਮਿਲ ਜਾਂਦੀਆਂ ਹਨ। ਹਰਿਆਣਾ ਸਰਕਾਰ ਵਲੋਂ ਕੌਮੀ ਸ਼ਾਹਰਾਹ/ ਸੜਕਾਂ ਰੋਕ ਕੇ ਪੰਜਾਬ ਦੇ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਿਆ ਗਿਆ ਪਰ ਸੜਕਾਂ ਰੋਕਣ ਦਾ ਦੋਸ਼ ਕਿਸਾਨਾਂ ਸਿਰ ਮੜ੍ਹਿਆ ਗਿਆ ਹੈ। ਇਨ੍ਹਾਂ ਦਿਨਾਂ ਵਿਚ ਪੰਜਾਬ ਸਰਕਾਰ ਵਲੋਂ ਚੰਡੀਗੜ੍ਹ ਵਿਚ ਕਿਸਾਨਾਂ ਦੀ ਸੈਕਟਰ 34 ਵਿਚ ਰੈਲੀ ਨੂੰ ਰੋਕਣ ਵਾਸਤੇ ਇਲਜ਼ਾਮ ਕਿਸਾਨਾਂ ਸਿਰ ਮੜ੍ਹਿਆ ਗਿਆ ਹੈ ਕਿ ਉਹ ਸੜਕਾਂ ਰੋਕ ਕੇ ਲੋਕਾਂ ਨੂੰ ਪ੍ਰੇਸ਼ਾਨ ਕਰ ਰਹੇ ਹਨ। ਪਰ ਸਚਾਈ ਇਹ ਹੈ ਕਿ ਕਿਸਾਨਾਂ ਨੂੰ ਚੰਡੀਗੜ੍ਹ ਪਹੁੰਚਣ ਤੋਂ ਰੋਕਣ ਲਈ ਸੜਕਾਂ 'ਤੇ ਰੁਕਾਵਟਾਂ ਪੰਜਾਬ ਪੁਲਿਸ ਵਲੋਂ ਲਾਈਆਂ ਗਈਆਂ ਹਨ। ਰੈਲੀਆਂ ਅਤੇ ਮੁਜ਼ਾਹਰੇ ਰੋਕਣ ਲਈ ਸੂਬਿਆਂ ਦੀਆਂ ਸਰਕਾਰਾਂ ਅਕਸਰ ਦਫ਼ਾ 144 ਦੀ ਵਰਤੋਂ ਲਗਾਤਾਰ ਕਰ ਰਹੀਆਂ ਹਨ। ਇਸ ਸਬੰਧ ਵਿਚ ਸਰਕਾਰਾਂ ਵਲੋਂ ਇਸ਼ਤਿਹਾਰ ਵੀ ਮੀਡੀਆ ਵਿਚ ਛਪਵਾਏ ਜਾਂਦੇ ਹਨ। ਪਿਛਲੇ ਸਮਿਆਂ ਨਾਲੋਂ ਫਰਕ ਇਹ ਪਿਆ ਹੈ ਕਿ ਮੀਡੀਆ ਦਾ ਵੱਡਾ ਹਿੱਸਾ ਸਰਕਾਰਾਂ ਦੇ ਗੁਮਰਾਹ ਕਰਨ ਵਾਲੇ ਬਿਆਨਾਂ ਦਾ ਸਮਰਥਨ ਕਰਨ ਲੱਗ ਪਿਆ ਹੈ। ਇਸ ਕਰਕੇ ਆਮ ਲੋਕਾਂ ਨੂੰ ਬਹੁਤੀ ਵਾਰੀ ਅਸਲ ਗੱਲ ਦਾ ਪਤਾ ਨਹੀਂ ਲੱਗਦਾ ਅਤੇ ਉਹ ਭੰਬਲਭੂਸੇ ਵਿਚ ਫਸ ਕੇ ਰਹਿ ਜਾਂਦੇ ਹਨ। ਗਲਤ ਬਿਰਤਾਂਤ ਉਸਾਰਿਆ ਜਾ ਰਿਹਾ ਹੈ ਕਿ ਲੋਕ ਲਹਿਰਾਂ ਵਿਕਾਸ ਦੇ ਰਾਹ ਵਿਚ ਰੋੜਾ ਹਨ। ਅਸਲ ਵਿਚ ਲੋਕ ਲਹਿਰਾਂ ਜਮਹੂਰੀਅਤ ਦਾ ਅਨਿੱਖੜਵਾਂ ਅੰਗ ਹੁੰਦੀਆਂ ਹਨ ਅਤੇ ਵਿਕਾਸ ਦੀ ਦਿਸ਼ਾ ਨੂੰ ਦਰੁਸਤ ਰੱਖਣ ਵਾਸਤੇ ਕਾਰਗਰ ਹੁੰਦੀਆਂ ਹਨ।

ਜਦੋਂ ਸਰਕਾਰਾਂ ਸਚਾਈ ਨੂੰ ਲੁਕਾਉਣ ਲੱਗੀਆਂ ਹੋਣ, ਕਾਰਪੋਰੇਟ ਮੀਡੀਆ ਸਚਾਈ ਨੂੰ ਉਜਾਗਰ ਕਰਨ ਵਿਚ ਦਿਲਚਸਪੀ ਗਵਾ ਚੁੱਕਿਆ ਹੋਵੇ, ਸਿਆਸੀ ਪਾਰਟੀਆਂ ਦੇ ਆਈ ਟੀ ਸੈਲ ਪੱਖਪਾਤੀ ਹੋ ਜਾਣ ਅਤੇ ਉੱਚ ਵਿਦਿਅਕ ਅਦਾਰਿਆਂ ਨੂੰ ਨਿਰਪੱਖ ਖੋਜ ਤੋਂ ਅਸਮਰੱਥ ਕਰ ਦਿੱਤਾ ਜਾਵੇ ਤਾਂ ਸੱਚ ਨੂੰ ਲੱਭਣ ਦਾ ਕਾਰਜ ਔਖਾ, ਗੁੰਝਲਦਾਰ ਅਤੇ ਖਤਰਨਾਕ ਬਣ ਜਾਂਦਾ ਹੈ। ਪਰ ਸਚਾਈ ਨੂੰ ਲਭਣਾ ਅਤੇ ਸਮਾਜਿਕ, ਆਰਥਿਕ ਅਤੇ ਸਿਆਸੀ ਵਰਤਾਰੇ ਨੂੰ ਲੋਕਪੱਖੀ ਬਣਾਉਣ ਲਈ ਇਹ ਕਾਰਜ ਬੇਹੱਦ ਜ਼ਰੂਰੀ ਹੈ। ਇਹ ਕਾਰਜ ਹੁਣ ਲੋਕਾਂ ਦੀ ਸਮਾਜਿਕ ਲਹਿਰ ਨੂੰ ਆਪਣੇ ਜ਼ੁੰਮੇਂ ਲੈਣਾ ਪਵੇਗਾ। ਇਸ ਵਾਸਤੇ ਸਮਾਜਿਕ ਲਹਿਰ ਦੇ ਪੂਰਕ ਦੇ ਤੌਰ 'ਤੇ ਸਿਆਣੇ, ਗੰਭੀਰ ਅਤੇ ਸਰਗਰਮ ਗਰੁੱਪ ਕਾਇਮ ਕਰਨੇ ਪੈਣਗੇ। ਇਹ ਗਰੁੱਪ ਲਗਾਤਾਰ ਆਪਣੀਆਂ ਤੱਥ-ਖੋਜ ਰਿਪੋਰਟਾਂ ਅਤੇ ਮਾਹਿਰਾਂ ਦੇ ਖੋਜ ਅਧਾਰਿਤ ਆਰਟੀਕਲ/ ਕਿਤਾਬਾਂ ਦੇ ਨਤੀਜੇ ਲੋਕਾਂ ਸਾਹਮਣੇ ਪੇਸ਼ ਕਰਨ ਦਾ ਕਾਰਜ ਆਪਣੇ ਜ਼ੁੰਮੇ ਲੈਅ ਸਕਦੇ ਹਨ। ਇਨ੍ਹਾਂ ਰਿਪੋਰਟਾਂ ਨਾਲ ਲੈਸ ਹੋ ਕੇ ਗੋਸ਼ਟੀਆਂ/ਬਹਿਸਾਂ ਕਰਨ ਨਾਲ ਤੱਥਾਂ ਨੂੰ ਖੰਘਾਲਿਆ ਜਾ ਸਕਦਾ ਹੈ। ਇਸ ਮੌਕੇ ਸੰਵਾਦ ਦੀ ਵਧੇਰੇ ਜ਼ਰੂਰਤ ਹੈ। ਸਚਾਈ ਨੂੰ ਲੋਕਾਂ ਤੱਕ ਲੋਕ ਪੱਖੀ ਅਖ਼ਬਾਰਾਂ ਅਤੇ ਸੋਸ਼ਲ ਮੀਡੀਆ ਰਾਹੀਂ ਵੀ ਪਹੁੰਚਾਇਆ ਜਾ ਸਕਦਾ ਹੈ। ਸਚਾਈ ਦੀ ਭਾਲ ਨੂੰ ਟਿਕਾਊ ਬਣਾਉਣ ਲਈ ਜ਼ਰੂਰੀ ਹੈ ਕਿ ਸਿਖਿਆ ਦੇ ਨਿਜੀਕਰਨ ਅਤੇ ਵਪਾਰੀਕਰਨ ਨੂੰ ਰੋਕਿਆ ਜਾਵੇ ਅਤੇ ਹਰ ਪੱਧਰ ਦੀ ਸਿੱਖਿਆ ਦਾ ਇੰਤਜ਼ਾਮ ਸਰਕਾਰ ਵਲੋਂ ਕੀਤਾ ਜਾਵੇ। ਵਿਦਿਅਕ ਸੰਸਥਾਵਾਂ ਦੀ ਖ਼ੁਦਮੁਖ਼ਤਿਆਰੀ ਨੂੰ ਹਾਕਮ ਪਾਰਟੀਆਂ ਦੀ ਸਿਆਸਤ ਤੋਂ ਬਚਾਇਆ ਜਾਵੇ। ਕਿਸਾਨ, ਮਜ਼ਦੂਰ, ਮੁਲਾਜ਼ਮ, ਅਧਿਆਪਕ ਅਤੇ ਵਿਦਿਆਰਥੀ ਲਹਿਰ ਨੂੰ ਸਰਕਾਰੀ ਵਿਦਿਅਕ ਸੰਸਥਾਵਾਂ ਦੀਆਂ ਗ੍ਰਾਂਟਾਂ ਦੀ ਬਹਾਲੀ, ਖ਼ੁਦਮੁਖ਼ਤਿਆਰੀ ਅਤੇ ਸਿਖਿਆ ਦੇ ਮਿਆਰ ਨੂੰ ਆਪਣੇ ਏਜੰਡੇ ਦਾ ਹਿੱਸਾ ਬਣਾਉਣ ਤੋਂ ਬਗੈਰ ਕਾਰਪੋਰੇਟ ਮੀਡੀਆ ਨਾਲ ਵਿਚਾਰਧਾਰਕ ਲੋਹਾ ਨਹੀਂ ਲਿਆ ਜਾ ਸਕਦਾ।

---

# ਫਿਕਰ ਕਿਸ ਗੱਲ ਦਾ? ਨੱਪੀ ਚੱਲੋ ਕਿੱਲੀ !

ਖੋਜੀ ਵਿਗਿਆਨੀਆਂ ਦੱਸਿਆ ਹੈ ਪਈ ਅੰਦਾਜ਼ਨ ਕੋਈ ਡੇਢ ਕੁ ਲੱਖ ਸਾਲ ਪਹਿਲਾਂ ਜਾਨਵਰਾਂ ਦੀ ਜਿਸ ਪ੍ਰਜਾਤੀ ਤੋਂ ਮਨੁੱਖ ਵਿਕਸਤ ਹੋਇਆ ਉਸ ਦੇ ਦਿਮਾਗ ਦਾ ਸਾਈਜ਼ ਵਧ ਕੇ ਹਜ਼ਾਰ ਕੁ ਸੀਸੀ (ਕਿਊਬਕ ਸੈਂਟੀਮੀਟਰ) ਤੱਕ ਅਪੜ ਗਿਆ ਸੀ। ਲਗਭਗ ਉਸੇ ਸਮੇਂ ਤੋਂ ਮਨੁੱਖ ਦੇ ਇਸ ਅਦਭੁਤ ਅੰਗ ਦੁਆਰਾ ਜ਼ਹੀਨ ਅਤੇ ਜਾਹਲ ਕਿਸਮ ਦੀਆਂ



ਹਰਜੀਤ ਦਿਓਲ
E-mail: sarjit125@gmail.com

ਕਾਰਵਾਈਆਂ ਦਾ ਨਜ਼ਾਰਾ ਦੇਖਣ ਵਿਚ ਆ ਰਿਹਾ ਹੈ। ਧਰਤੀ ਉਪਰਲੇ ਵਿਲੱਖਣ ਵਰਤਾਰਿਆਂ ਦੀ ਖੋਜ ਖਬਰ ਰੱਖਣ ਵਾਲੇ ਰਸਾਲੇ ਨੈਸ਼ਨਲ ਜਿਓਗ੍ਰਾਫਿਕਸ ਦੇ ਹਵਾਲੇ ਨਾਲ ਪਤਾ ਲੱਗਦਾ ਹੈ ਕਿ ਜਿੱਥੇ ਇੱਕ ਪਾਸੇ ਜ਼ਹੀਨ ਦਿਮਾਗ ਵਿਗਿਆਨੀਆਂ ਨੇ ਆਪਣੀਆਂ ਖੋਜਾਂ ਨਾਲ ਦੁਨੀਆਂ ਦੀ ਨੁਹਾਰ ਬਦਲ ਕੇ ਰੱਖ ਦਿੱਤੀ ਹੈ ਉੱਥੇ ਜਾਹਲ ਦਿਮਾਗਾਂ ਨੇ ਵੀ ਦੁਨੀਆਂ ਦੇ ਵਿਕਾਸ ਵਿਚ ਟੰਗ ਅੜਾਉਣ ਦਾ ਆਪਣਾ ਬਣਦਾ ਯੋਗਦਾਨ ਪਾਇਆ ਹੈ। ਮੁਲਾਹਜ਼ਾ ਫਰਮਾਈਏ! ਤਕਰੀਬਨ 1964 ਤੱਕ ਪੀਣ ਵਾਲੇ ਪਾਣੀ ਵਿਚ ਕੁਦਰਤੀ ਮਿਨਰਲ ਫਲੋਰਾਈਡ ਦੇ ਮਾਮੂਲੀ ਮਿਸ਼ਰਣ ਨਾਲ ਹੋਣ ਵਾਲੇ ਸਿਹਤ ਲਾਭ (ਖਾਸਕਰ ਦੰਦਾਂ ਲਈ) ਪੱਕੇ ਤੌਰ 'ਤੇ ਤਸਦੀਕ ਹੋ ਚੁੱਕੇ ਸਨ ਪਰ ਇਹ ਜਾਣ ਕੇ ਹੈਰਾਨੀ ਹੁੰਦੀ ਹੈ ਕਿ ਅੱਜ 50 ਸਾਲਾਂ ਬਾਅਦ ਵੀ ਦੁਨੀਆਂ ਵਿਚ ਜੰਗੇ ਜਹਾਲਤ ਦੇ ਸੂਰਵੀਰ ਇਸ ਦਾ ਵਿਰੋਧ ਕਰਦੇ ਦੇਖੇ ਜਾ ਸਕਦੇ ਹਨ। 1903 ਵਿਚ ਮਨੁੱਖ ਨੇ ਪੰਛੀਆਂ ਵਾਂਗ ਹਵਾ ਵਿਚ ਉੱਡਣ ਲਈ ਸਿਰ ਤੋੜ ਕੋਸ਼ਿਸ਼ਾਂ ਕਰਦਿਆਂ ਤਜਰਬੇ ਅਰੰਭੇ ਤਾਂ ਸਿਰਫ 66 ਸਾਲਾਂ ਦੇ ਵਕਫੇ ਦੌਰਾਨ ਹੀ ਜ਼ਹੀਨ ਮਨੁੱਖੀ ਦਿਮਾਗ ਨੇ ਮਨੁੱਖ ਨੂੰ ਪੌਣੇ ਚਾਰ ਲੱਖ ਕਿਲੋਮੀਟਰ ਦੂਰ ਚੰਨ 'ਤੇ ਜਾ ਉਤਾਰਿਆ। ਫੇਰ ਜਾਹਲ ਦਿਮਾਗ ਚੁੱਪ ਕਿਵੇਂ ਬੈਠਦਾ! ਉਨ੍ਹਾਂ ਪ੍ਰਚਾਰਨਾ ਸ਼ੁਰੂ ਕੀਤਾ ਕਿ ਮੂਨ ਲੈਂਡਿੰਗ ਅਮਰੀਕਾ ਦਾ ਨਕਲੀ ਸ਼ਗੂਫਾ ਹੈ ਕਿਉਂਕਿ ਚੰਨ ਤੱਕ ਅੱਪੜਨਾ ਅਸੰਭਵ ਹੈ। ਪਰ ਵਿਗਿਆਨੀ ਜਾਹਲਾਂ ਦੀ ਪਰਵਾਹ ਨਾ ਕਰਦੇ ਹੋਏ ਆਪਣੇ ਮਿਸ਼ਨ 'ਤੇ ਲੱਗੇ ਰਹੇ ਅਤੇ ਉਨ੍ਹਾਂ ਆਪਣਾ ਸਪੇਸ ਯਾਨ ਧਰਤੀ ਤੋਂ ਕੋਈ ਪੌਣੇ ਛੇ ਹਜ਼ਾਰ ਮਿਲੀਅਨ ਕਿਲੋਮੀਟਰ ਦੂਰ ਸਥਿਤ ਪਲੂਟੋ ਦੇ ਨੇੜਿਉਂ ਲੰਘਾ ਦਿੱਤਾ ਹੈ। ਇਸ ਯਾਨ ਵਿਚ ਕੁਝ ਅਜਿਹੇ ਸੰਕੇਤ ਰੱਖੇ ਗਏ ਹਨ ਜਿਨ੍ਹਾਂ ਨਾਲ, ਜੇਕਰ ਕੋਈ ਵਿਕਸਤ ਏਲੀਅਨ ਸਭਿਅਤਾ ਇਸ ਯਾਨ ਨੂੰ ਫੜ ਲਵੇ, ਧਰਤੀ ਬਾਰੇ ਜਾਣ ਸਕਦੀ ਹੈ। ਇਸੇ ਕੜੀ ਵਿਚ ਦੱਸਣਾ ਬਣਦਾ ਹੈ ਕਿ ਧਰਤੀ ਦੇ ਗੋਲ ਬਾਰੇ ਪੁਖ਼ਤਾ ਜਾਣਕਾਰੀ ਮਿਲਣ ਉਪਰੰਤ ਵੀ ਇਸ ਗ੍ਰਹਿ ਨੂੰ 'ਫਲੈਟ' ਦੱਸਣ ਵਾਲੇ ਧਰਮ ਗ੍ਰੰਥ ਮੌਜੂਦ ਹਨ ਜੋ ਸੂਰਜ ਨੂੰ ਧਰਤੀ ਦੁਆਲੇ ਘੁੰਮਦਾ ਵੀ ਦੱਸਦੇ ਹਨ। 4.6 ਬਿਲੀਅਨ ਸਾਲ ਪਹਿਲਾਂ ਹੋਂਦ ਵਿਚ ਆਈ ਧਰਤੀ ਅਤੇ ਇਸ ਉੱਪਰਲੇ ਜੀਵਨ ਵਿਕਾਸ ਦੇ ਸਿਧਾਂਤਾਂ ਦਾ ਵਿਸ਼ਲੇਸ਼ਣ ਅਤੇ ਪ੍ਰੌੜ੍ਹਤਾ ਕਰਨ ਵਾਲੇ ਵਿਗਿਆਨੀ ਡਾਰਵਿਨ ਦਾ ਵਿਰੋਧ ਵੀ ਜੱਗ ਜ਼ਾਹਰ ਹੈ। ਧਰਮ ਗ੍ਰੰਥ ਧਰਤੀ 'ਤੇ ਜੀਵਨ ਨੂੰ ਕਿਸੇ ਰੱਬ ਜੀ ਦੇ ਕਾਰਨਾਮੇ ਵਜੋਂ ਦੇਖਦੇ ਹਨ ਤੇ ਇਸ ਉੱਪਰ ਵਿਸ਼ਵਾਸ ਕਰਨ ਵਾਲਿਆਂ ਦੀ ਵੀ ਕਮੀ ਨਹੀਂ। ਅੱਜ-ਕੱਲ੍ਹ ਗਲੋਬਲ ਵਾਰਮਿੰਗ ਅਤੇ ਕਲਾਈਮੇਟ ਚੇਂਜ ਵਰਗੇ ਵਿਗਿਆਨ ਪ੍ਰਵਾਨਤ ਤੱਥਾਂ 'ਤੇ ਸ਼ੱਕ ਕਰਨ ਵਾਲਿਆਂ ਦੀ ਗਿਣਤੀ ਵੀ ਘੱਟ ਨਹੀਂ! ਦੇਖਿਆ ਜਾਵੇ ਤਾਂ ਪਿਛਲੇ 100 ਕੁ ਸਾਲਾਂ ਦੇ ਵਕਫੇ ਦੌਰਾਨ ਮਨੁੱਖ ਦੀ ਔਸਤ ਉਮਰ ਵਿਚ ਹੈਰਾਨੀਜਨਕ ਵਾਧਾ ਹੋਇਆ ਹੈ। ਇਹ ਸਭ ਮੈਡੀਕਲ ਸਾਇੰਸ ਦਾ ਕਮਾਲ ਹੈ ਪਰ ਅੱਜ ਵੀ ਲੱਖਾਂ ਨਹੀਂ ਕਰੋੜਾਂ ਲੋਕ ਕਿਸੇ ਗੈਬੀ ਕਿਰਪਾ ਹਾਸਲ ਕਰਨ ਲਈ ਨਦੀਆਂ ਸਰੋਵਰਾਂ ਵਿਚ ਡੁਬਕੀ ਲਗਾਉਂਦੇ ਦੇਖੇ ਜਾ ਸਕਦੇ ਹਨ। ਸੈਂਕੜੇ ਸਾਲ ਪਹਿਲਾਂ ਲਿਖੇ ਗ੍ਰੰਥਾਂ ਦਾ ਪਾਠ ਅੱਜ ਵੀ ਬਹੁਤਿਆਂ ਦਾ ਜੀਵਨ ਸਫਲਾ ਕਰੀ ਜਾ ਰਿਹਾ ਹੈ। ਇਸ ਸਭ ਕਾਸੇ ਨੂੰ ਉਚਿਤ ਠਹਿਰਾਉਣ ਲਈ ਧਰਮ ਨੂੰ ਜ਼ਬਰਦਸਤੀ ਵਿਗਿਆਨ ਦੇ ਘਨੇੜੀਂ ਚੜ੍ਹਾਉਣ ਦੇ ਯਤਨ ਵੀ ਜਾਰੀ ਹਨ। ਪੰਜਾਬ ਵਿਚ ਧਾਰਮਿਕ ਅੱਤਵਾਦ ਨੂੰ ਹੁਲਾਰਾ ਦੇਣ ਦਾ ਯਤਨ ਕਰਨ ਵਾਲਿਆਂ ਦਾ ਜ਼ਿਕਰ ਆਉਂਦਿਆਂ ਹੀ ਤਾਬੜ-ਤੋੜ 'ਵਾਹਿਗੁਰੂ' ਲਿਖਣ ਵਾਲੇ ਵੀ ਬੇਸ਼ੁਮਾਰ ਹਨ ਤਾਂ ਦੂਜੇ ਪਾਸੇ 'ਜੈ ਸ੍ਰੀਰਾਮ' ਨਾਲ ਇੱਟ ਦਾ ਜਵਾਬ ਪੱਥਰ ਨਾਲ ਦੇਣ ਵਾਲੇ ਵੀ ਕਿਸੇ ਤੋਂ ਪਿੱਛੇ ਨਹੀਂ। ਹੈਰਾਨੀ ਦੀ ਗੱਲ ਇਹ ਹੈ ਕਿ ਹਮਾਸ ਵਰਗੇ ਕੱਟੜਧਰਮੀ ਅੱਤਵਾਦੀ ਸੰਗਠਨਾਂ ਦੇ ਕਾਰਨਾਮਿਆਂ ਸਦਕਾ ਖੰਡਹਰ ਵਿਚ ਤਬਦੀਲ ਹੋ ਚੁੱਕੇ ਇਲਾਕਿਆਂ ਦੇ ਵਸਨੀਕ ਵੀ 'ਮਾਸ਼ਾ ਅੱਲਾਹ ਮਾਸ਼ਾ ਅੱਲਾਹ' ਕਰ ਇਸ ਬਰਬਾਦੀ ਦਾ ਜਸ਼ਨ ਮਨਾ ਰਹੇ ਦੇਖੇ ਜਾਂਦੇ ਹਨ। ਲਗਦਾ ਹੈ ਕਿ ਰਹਿੰਦੀ ਦੁਨੀਆਂ ਤੱਕ ਮਨੁੱਖੀ ਜ਼ਹਿਨੀਅਤ ਅਤੇ ਜਹਾਲਤ ਵਿਚਕਾਰ ਜੰਗ ਰੁਕਣ ਵਾਲੀ ਨਹੀਂ। ਧਰਮੀ ਕਹਿੰਦੇ ਹਨ ਕਿ ਸਭ ਕੁਝ ਰੱਬ ਦੀ ਮਰਜ਼ੀ ਨਾਲ ਹੀ ਹੁੰਦਾ ਹੈ, ਉਸ ਦੀ ਮਰਜ਼ੀ ਬਿਨਾ ਪੱਤਾ ਵੀ ਨਹੀਂ ਹਿਲਦਾ। ਤਾਂ ਫੇਰ ਫਿਕਰ ਕਿਸ ਗੱਲ ਦਾ? ਨੱਪੀ ਚੱਲੋ ਕਿੱਲੀ! ਧੰਨਵਾਦ!

# ਸੰਸਾਰਕ ਤਾਕਤਾਂ ਦਾ ਬਦਲਦਾ ਤਵਾਜ਼ਨ!

ਸਿਆਣਿਆਂ ਨੂੰ ਕਹਿੰਦੇ ਸੁਣਿਆ ਕਿ ਸਕਿਆਂ ਨਾਲ ਭਾਵੇਂ ਵਿਗੜ ਜਾਵੇ ਗੁਆਂਢੀਆਂ ਨਾਲ ਕਦੇ ਨਹੀਂ ਵਿਗੜਨੀ ਚਾਹੀਦੀ। ਗਵਾਂਢੀ ਤਾਂ ਸਰੂਣੇ ਦੀ ਬਾਂਹ ਹੁੰਦੇ ਹਨ ਜੋ ਔਖੀ ਘੜੀ ਸਭ ਤੋਂ ਪਹਿਲਾਂ ਅੰਗ-ਸੰਗ ਖੜ੍ਹੇ ਨਜ਼ਰ ਆਉਂਦੇ ਨੇ। ਲਗਦਾ ਸਿਆਣਿਆਂ ਦੀਆਂ ਗੱਲਾਂ ਨਵੇਂ ਜ਼ਮਾਨੇ ਦੇ ਹਾਣ ਦੀਆਂ ਨਹੀਂ ਰਹੀਆਂ ਤਾਂ ਹੀ ਹਉ ਪਰ੍ਹੇ ਕਰ ਦਿੱਤੀਆਂ ਜਾਂਦੀਆਂ ਨੇ। ਦੂਰ ਕੀ ਜਾਣਾ ਸਦੀਆਂ ਤੋਂ ਸੁਚੱਜੇ ਗੁਆਂਢੀਆਂ ਵਾਂਗ ਰਹਿ ਰਹੇ ਅਮਰੀਕਾ, ਕੈਨੇਡਾ ਤੇ ਮੈਕਸੀਕੋ ਹੁਣ ਇੱਕ ਦੂਜੇ 'ਤੇ ਜ਼ੋਰ-ਸ਼ੋਰ ਨਾਲ ਸ਼ਬਦੀ ਹਮਲੇ ਕਰ ਰਹੇ ਹਨ। 20 ਜਨਵਰੀ 2025 ਨੂੰ ਡੋਨਲਡ ਟਰੰਪ ਨੇ ਦੂਜੀ ਵਾਰ ਅਮਰੀਕਾ ਦੇ ਰਾਸ਼ਟਰਪਤੀ ਵਜੋਂ ਵਾਗਡੋਰ ਸੰਭਾਲੀ। ਉਸ ਦਿਨ ਤੋਂ ਜਿਵੇਂ ਪੂਰੀ ਦੁਨੀਆ ਵਿਚ ਭੂਚਾਲ ਆ ਗਿਆ ਹੋਵੇ। ਡੋਨਲਡ ਟਰੰਪ ਨੇ ਚੋਣਾਂ ਹੀ ਜ਼ਬਰਦਸਤ ਸ਼ਬਦੀ ਹਮਲਿਆਂ ਨਾਲ ਜਿੱਤੀਆਂ। ਮਸਲਨ: ਅਮਰੀਕਾ ਵਿਚੋਂ ਅਵੈਧ ਢੰਗ ਨਾਲ ਰਹਿ ਰਹੇ ਇਮੀਗ੍ਰੈਂਟਸ ਨੂੰ ਕੱਢ ਬਾਹਰ ਸੁੱਟਣਾ, ਮਹਿੰਗਾਈ ਘੱਟ ਕਰਨੀ, ਆਯਾਤ-ਨਿਰਯਾਤ 'ਤੇ ਟੈਰਿਫ ਲਗਾਉਣਾ ਤੇ ਖਾਸ ਤੌਰ 'ਤੇ ਗੱਦੀ ਸੰਭਾਲਦਿਆਂ ਹੀ ਇਜ਼ਰਾਈਲ ਤੇ ਹਮਾਸ ਅਤੇ ਯੂਕਰੇਨ

**ਗੁਰਚਰਨ ਕੌਰ ਥਿੰਦ**
**ਫੋਨ: 403-402-9635**

ਤੇ ਰੂਸ ਦਰਮਿਆਨ ਹੋ ਰਹੇ ਯੁੱਧ ਨੂੰ ਰੁਕਵਾ ਦੇਣਾ; ਅਜਿਹੇ ਮੁੱਦੇ ਸਾਬਿਤ ਹੋਏ ਜਿਸ ਨੂੰ ਹਰ ਅਮਰੀਕਨ ਨੇ ਕਿਸੇ ਨਾ ਕਿਸੇ ਹੱਦ ਤੱਕ ਪ੍ਰਵਾਨਿਆ, ਸਲਾਹਿਆ ਤੇ ਫਲਸਰੂਪ ਡੋਨਲਡ ਟਰੰਪ ਨੂੰ ਭਰਵੀਂ ਜਿੱਤ ਹਾਸਲ ਕਰਵਾਈ। ਕਮਲਾ ਹੈਰਿਸ ਦੀ ਬਜਾਏ ਡੋਨਲਡ ਟਰੰਪ ਦੀ ਤੂਤੀ ਦੁਨੀਆ ਭਰ ਵਿਚ ਬੋਲਣ ਲਗੀ।

ਆਪਣੇ ਅਹੁਦੇ ਦੀ ਸਹੁੰ ਚੁੱਕਦਿਆਂ ਹੀ ਸਭ ਤੋਂ ਪਹਿਲਾਂ ਟਰੰਪ ਸਾਹਿਬ ਨੇ ਗੈਰ-ਕਾਨੂੰਨੀ ਪਰਵਾਸੀਆਂ ਨੂੰ ਦੇਸੋਂ ਬਾਹਰ ਕੱਢਣ ਦੇ ਹੁਕਮਾਂ 'ਤੇ ਸਹੀ ਪਾ ਆਪਣੇ ਵੋਟਰਾਂ ਨੂੰ ਖੁਸ਼ ਕਰ ਦਿੱਤਾ। ਉੱਤਰ ਵਾਲੇ ਪਾਸੇ ਦੇ ਗੁਆਂਢੀ ਦੇਸ਼ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਗਵਰਨਰ ਸੰਬੋਧਨ ਕਰ ਕੈਨੇਡਾ ਨੂੰ ਆਪਣਾ 51ਵਾਂ ਰਾਜ ਬਣਾ ਲੈਣ ਦਾ ਦਾਅਵਾ ਠੋਕ ਦਿੱਤਾ। ਇੱਥੇ ਹੀ ਨਹੀਂ ਗਰੀਨਲੈਂਡ ਤੇ ਪਨਾਮਾ ਨੂੰ ਆਪਣੀ ਫੌਜੀ ਤਾਕਤ ਦੇ ਜ਼ੋਰ ਨਾਲ ਜਿੱਤ ਲੈਣ ਦੀ ਗੱਲ ਵੀ ਦੁਨੀਆ ਨੂੰ ਸੁਣਾ ਦਿੱਤੀ। ਕੈਨੇਡਾ ਤੇ ਮੈਕਸੀਕੋ ਨੂੰ ਆਰਥਿਕ ਦਬਾਅ ਪਾ ਕੇ ਆਪਣੇ ਅਧੀਨ ਕਰਨ ਦੀ ਜੁਗਤ ਦਾ ਪੋਲ ਵੀ ਖੋਲ੍ਹ ਦਿੱਤਾ। ਇਹ ਤੇ ਹੈ ਦੁਨੀਆ ਦੇ ਅਲੰਬਰਦਾਰ ਦੇਸ਼ ਦਾ ਆਪਣੇ ਸੱਜੇ-ਖੱਬੇ ਗੁਆਂਢੀਆਂ ਨਾਲ ਸਲੂਕ।

ਤੇ ਫਿਰ ਸ਼ੁਰੂ ਹੋਈ ਆਪਣੇ ਪੱਕੇ ਦੋਸਤ ਆਖੇ ਜਾਣ ਵਾਲ ਦੇਸ਼ਾਂ ਦੀ ਖੱਜਲ-ਖੁਆਰੀ। ਜਿਨ੍ਹਾਂ ਵਿਚੋਂ ਟਰੰਪ ਨਾਲ ਪੱਕੀ ਯਾਰੀ ਦਾ ਦਾਅਵਾ ਭਰਨ ਵਾਲਾ ਦੇਸ਼ ਭਾਰਤ ਪਹਿਲੇ ਨੰਬਰ 'ਤੇ ਆਉਂਦਾ ਹੈ। ਗੈਰਕਾਨੂੰਨੀ ਭਾਰਤੀ ਇਮੀਗ੍ਰੈਂਟਸ ਦਾ ਭਰਿਆ ਫ਼ੌਜੀ ਜਹਾਜ਼ ਭਾਰਤ ਨੂੰ ਰਵਾਨਾ ਕਰ ਦਿੱਤਾ। ਜਦੋਂ ਇਹ ਜਹਾਜ਼ ਅੰਮ੍ਰਿਤਸਰ ਦੇ ਹਵਾਈ ਅੱਡੇ 'ਤੇ ਉਤਰਿਆ ਤਾਂ ਬੇੜੀਆਂ ਤੇ ਹੱਥਕੜੀਆਂ ਨਾਲ ਜਕੜੇ ਨੌਜਆਨ, ਔਰਤਾਂ ਤੇ ਬੱਚੇ ਬਾਹਰ ਨਿਕਲੇ ਤਾਂ ਵੇਖਣ ਵਾਲਿਆਂ ਦੀਆਂ ਅੱਖਾਂ ਵਹਿ ਤੁਰੀਆਂ। ਇਹ ਕੋਈ ਕ੍ਰਿਮਿਨਲ ਸਨ ਜੋ ਬੇੜੀਆਂ ਵਿਚ ਜਕੜ ਕੇ ਲਿਆਂਦੇ ਗਏ? ਹਰ ਕੋਈ ਆਖ ਰਿਹਾ ਸੀ। ਇੱਥੇ ਬੱਸ ਨਹੀਂ ਫਿਰ ਇੱਕ ਹੋਰ ਜਹਾਜ਼ ਉੱਤਰਿਆ ਇਸੇ ਹਾਲਤ ਵਿਚ। ਤੀਜਾ ਜਹਾਜ਼ ਉਦੋਂ ਉੱਤਰਿਆ ਜਦੋਂ ਭਾਰਤ ਦੇ ਪ੍ਰਧਾਨ ਮੰਤਰੀ ਜੋ ਟਰੰਪ ਨੂੰ 'ਮਾਈ ਬੈਸਟ ਫਰੈਂਡ' ਆਖਦੇ ਹਨ, ਉਹਦੇ ਮੁਲਕ ਵਿਚ ਉਹਦੇ ਨਾਲ ਮੂੰਹ ਵਿਚ ਦਹੀਂ ਜਮਾ ਗੱਲਬਾਤ ਕਰ ਕੇ ਅਜੇ ਮੁੜੇ ਹੀ ਸਨ। ਇਹ ਪੱਕੀ ਯਾਰੀ ਦਾ ਤੋਹਫ਼ਾ ਸੀ ਜੋ ਯਾਰ ਮਾਰ ਨੇ ਦਿੱਤਾ। ਹੋਰ ਮੁਲਕ ਤਾਂ ਆਪਣੇ ਬੰਦੇ ਆਪਣੇ ਜਹਾਜ਼ਾਂ ਵਿਚ ਬਿਠਾ ਵਾਪਸ ਲੈ ਗਏ, ਪਤਾ ਨਹੀਂ ਭਾਰਤ ਨੇ ਕਿਸ ਮਜਬੂਰੀ ਵੱਸ ਚੂੰ ਨਹੀਂ ਕੀਤੀ ਅਤੇ ਐਨੀ ਸ਼ਰਮਨਾਕ ਸਥਿਤੀ ਨੂੰ ਅੱਖੀਂ ਵੇਖ ਅਣਡਿੱਠ ਕਰ ਦਿੱਤਾ। ਹਾਲਾਂਕਿ ਉਨ੍ਹਾਂ ਦੇ ਦਿੱਲੀ ਪਹੁੰਚਦਿਆਂ ਹੀ ਉਨ੍ਹਾਂ ਦੇ ਪਰਮ ਪੂੰਜੀਪਤੀ ਮਿੱਤਰ ਦੇ ਅਦਾਲਤੀ ਵਰੰਟ ਵੀ ਪਿੱਛੇ-ਪਿੱਛੇ ਉਨ੍ਹਾਂ ਦੀ ਸਰਕਾਰ ਤੱਕ ਪੁੱਜਦੇ ਹੋ ਗਏ। ਉਸ ਦੋਸਤ ਨੂੰ ਅਦਾਲਤੀ ਵਰੰਟ ਭੇਜੇ ਜਾਂਦੇ ਵੀ ਕਿ ਨਹੀਂ ਰੱਬ ਜਾਣੇ! ਲੀਡਰਾਂ ਦੀਆਂ ਨੀਤਾਂ ਬਦਨੀਤਾਂ ਲੀਡਰ ਹੀ ਜਾਨਣ, ਆਮ ਬੰਦਾ ਤਾਂ ਗੂੰਗਾ ਬੋਲਾ ਹੁੰਦਾ, ਜੋ ਟੀ. ਵੀ. 'ਤੇ ਫੋਟੋਆਂ ਵੇਖ ਤਾੜੀਆਂ ਮਾਰ-ਮਾਰ ਖੁਸ਼ ਹੁੰਦਾ ਰਹਿੰਦਾ।

ਲਓ ਜੀ, ਫਿਰ ਵਾਰੀ ਆਉਂਦੀ ਹੈ ਟੈਰਿਫ ਲਗਾਉਣ ਦੀ। 'ਨਾ ਕਾਹੂ ਸੇ ਦੋਸਤੀ ਨਾ ਕਾਹੂ ਸੇ ਬੈਰ' ਦੇ ਕਥਨ ਅਨੁਸਾਰ ਟਰੰਪ ਸਾਹਿਬ ਨੇ ਕਿਸੇ ਨੂੰ ਨਹੀਂ ਬਖਸ਼ਿਆ। ਕੈਨੇਡਾ, ਮੈਕਸੀਕੋ, ਏਸ਼ੀਆ ਅਤੇ ਯੂਰਪੀਨ ਦੇਸ਼ਾਂ ਦੇ ਆਯਾਤ-ਨਿਰਯਾਤ 'ਤੇ ਟੈਰਿਫ ਲਾਉਣ ਦਾ ਸ਼ਬਦੀ ਹਮਲਾ ਸ਼ੁਰੂ ਕਰ ਇੱਕ ਪਾਸੇ 'ਟਰੇਡ ਵਾਰ' ਸ਼ੁਰੂ ਕਰ ਦਿੱਤੀ ਅਤੇ ਦੂਜੇ ਪਾਸੇ ਲੰਮੇ ਸਮੇਂ ਤੋਂ ਚੱਲ ਰਹੀਆਂ ਦੋ ਹਥਿਆਰਬੰਦ ਲੜਾਈਆਂ ਨੂੰ ਬੰਦ ਕਰਵਾਉਣ ਦਾ ਬੀੜਾ ਚੁੱਕ ਲਿਆ ਅਮਰੀਕਾ ਦੇ ਨਵ-ਨਿਯੁਕਤ ਪ੍ਰਧਾਨ ਜੀ ਨੇ। ਇਜ਼ਰਾਈਲ ਤੇ ਫਲਸਤੀਨ ਦਰਮਿਆਨ ਯੁੱਧਬੰਦੀ ਕਰਵਾ ਨਾਗਰਿਕਾਂ ਦੀ ਵਾਪਸੀ ਹੋਣ ਲੱਗੀ ਤਾਂ ਗਾਜ਼ਾ ਪੱਟੀ ਵਾਲਾ ਇਲਾਕਾ ਕਾਬੂ ਕਰ ਉਸ ਉੱਪਰ ਹੋਟਲ, ਸੈਰਗਾਹਾਂ ਤੇ ਹੋਰ ਸ਼ਾਨਦਾਰ ਇਮਾਰਤਾਂ ਉਸਾਰਨ ਦੀ ਯੋਜਨਾਬੰਦੀ ਸ਼ੁਰੂ ਹੋ ਗਈ। ਉੱਧਰ ਰੂਸ ਨਾਲ ਯਾਰੀ ਗੰਢ ਯੂਕਰੇਨ ਨੂੰ ਧਮਕਾ ਕੇ ਉਸ ਦੇ ਅਤਿ ਕੀਮਤੀ ਖਣਿਜ ਪਦਾਰਥਾਂ ਨੂੰ ਹੜੱਪਣ ਦੀਆਂ ਤਰਕੀਬਾਂ ਸ਼ੁਰੂ ਹੋ ਗਈਆਂ।

ਇਹ ਸਾਰਾ ਕੁੱਝ ਚੰਦ ਕੁ ਹਫ਼ਤਿਆਂ ਵਿਚ ਵਾਪਰ ਗਿਆ। ਆਲਾ-ਦੁਆਲਾ ਭਵੰਤਰ ਜਿਹਾ ਗਿਆ। ਇੰਜ ਲਗਾ ਜਿਵੇਂ ਸੰਸਾਰਕ ਤਾਕਤਾਂ ਦਾ ਤਵਾਜ਼ਨ ਵਿਗੜ ਰਿਹਾ ਹੋਵੇ। ਦਹਾਕਿਆਂ ਤੋਂ ਇੱਕ ਦੂਜੇ ਦੇ ਦੁਸ਼ਮਣ ਦੇਸ਼ਾਂ ਵਜੋਂ ਜਾਣੇ ਜਾਂਦੇ ਦੋ ਦੇਸ਼, ਵੱਖ-ਵੱਖ ਵਿਚਾਰਧਾਰਾ ਵਾਲੀਆਂ ਦੋ ਤਾਕਤਾਂ ਜੋ ਹਮੇਸ਼ਾਂ ਵੱਖੋ-ਵੱਖਰੇ ਪਾਲੇ ਵਿਚ ਖੜੀਆਂ ਸੰਸਾਰ ਨੂੰ ਦੋ ਹਿੱਸਿਆਂ ਵਿਚ ਵੰਡਦੀਆਂ ਰਹੀਆਂ ਹੋਣ, ਅਚਾਨਕ ਇੱਕ ਦੂਜੇ ਦੇ ਬਗਲਗੀਰ ਹੋ ਜਾਣ ਤਾਂ ਜਲਜ਼ਲਾ ਆਉਣ ਦੀ ਚੁਣੌਤੀ ਨਹੀਂ ਲਗਦੀ। ਜ਼ਰੂਰ ਲਗਦੀ ਹੈ। ਅਮਰੀਕਾ ਦੇ ਪ੍ਰਧਾਨ ਡੋਨਲਡ ਟਰੰਪ ਨੇ ਰੂਸ ਦੇ ਪ੍ਰਧਾਨ ਪੂਤਿਨ ਨੂੰ ਜਾ ਗਲਵੱਕੜੀ ਪਾਈ। ਯੂਕਰੇਨ ਦੇ ਪ੍ਰਧਾਨ ਜ਼ੇਲੈਂਸਕੀ ਦਾ ਜਿਸ ਤਰ੍ਹਾਂ ਘਰ ਬੁਲਾ ਕੇ ਨਿਰਾਦਰ ਕੀਤਾ ਗਿਆ, ਇੱਕ ਸੋਚੀ ਸਮਝੀ ਸਕੀਮ ਨਹੀਂ ਲਗਦੀ ਭਲਾ। ਸੋਸ਼ਲ ਮੀਡੀਆ 'ਤੇ ਤਾਂ ਇਸ ਨੂੰ ਗੁਪਤ ਸਾਜ਼ਿਸ਼ ਹੀ ਗਰਦਾਨਿਆ ਜਾ ਰਿਹਾ ਕਿ 'ਸੱਪ ਵੀ ਮਰ ਜਾਵੇ ਤੇ ਲਾਠੀ ਵੀ ਨਾ ਟੁੱਟੇ' ਭਾਵ ਜ਼ੇਲੈਂਸਕੀ ਸਾਹਿਬ ਆਪਣੇ ਲੋਕਾਂ ਸਾਹਮਣੇ ਸੱਚੇ ਕਿ ਮੇਰੇ 'ਤੇ ਦਬਾਅ ਪਾ ਕੇ ਸਮਝੌਤੇ 'ਤੇ ਦਸਤਖਤ ਕਰਵਾਏ ਜਾ ਰਹੇ ਨੇ ਤੇ ਆਪ ਦੂਸਰੇ ਦੇਸ਼ ਦੇ ਕੀਮਤੀ ਖ਼ਜ਼ਾਨਿਆਂ ਦਾ ਮਾਲਕ ਬਣ ਜਾਣਾ। ਇਹ ਅਜੋਕੇ ਸਮੇਂ ਦੇ ਤੀਜੇ ਸੰਸਾਰ ਯੁੱਧ ਦੇ ਨਵੀਨ ਢੰਗ ਤਰੀਕੇ ਨਹੀਂ ਤਾਂ ਹੋਰ ਕੀ ਹੈ? ਦੂਜੇ ਪਾਸੇ ਵੀ ਝਾਤੀ ਮਾਰ ਲਈਏ। ਜ਼ੇਲੈਂਸਕੀ ਵ੍ਹਾਈਟ ਹਾਊਸ ਵਿਚੋਂ ਨਿਕਲ ਸਿੱਧਾ ਯੂਰਪ ਦੇਸ਼ਾਂ ਦੇ ਗਲੇ ਜਾ ਲਗਿਆ। ਕੈਨੇਡਾ ਨੇ ਆਪਣੇ ਵਸਤੂ ਵਪਾਰ ਲਈ ਯੂਰਪ ਤੇ ਏਸ਼ੀਆ ਵੱਲ ਮੂੰਹ ਮੋੜ ਲਿਆ ਹੈ। ਆਪਣਾ ਮਾਲ ਵੇਚਣਾ, ਦੂਰ ਕੀ ਨੇੜੇ ਕੀ! ਨਾਲੇ ਕੱਲ੍ਹ ਨੂੰ ਕੋਈ ਹਬੀ-ਨਬੀ ਹੋ ਜਾਵੇ ਤਾਂ ਮਦਦ ਲਈ ਹਾਕ ਵੀ ਮਾਰੀ ਜਾ ਸਕਦੀ ਹੈ

ਡੋਨਲਡ ਟਰੰਪ ਦੇ ਇਨ੍ਹਾਂ ਵਰਤਾਰਿਆਂ ਦੇ ਗੁਆਂਢ ਵਿਚ ਤਾਂ ਦੁਵੱਲੇ ਅਸਰ ਵਿਖਾਈ ਦੇਣ ਲਗੇ ਹਨ। ਕੈਨੇਡਾ ਨੂੰ 51ਵਾਂ ਰਾਜ ਬਣਾਉਣ ਦੇ ਟਰੰਪ ਦੇ ਜੁਮਲੇ ਨੇ ਕੈਨੇਡਾ ਵਾਸੀਆਂ ਨੂੰ



ਹੋਰ ਇੱਕ ਜੁੱਟ ਕਰ ਦਿੱਤਾ ਹੈ। 'ਫਲੈਗ ਡੇ' 'ਤੇ ਸਾਬਕਾ ਪ੍ਰਧਾਨ ਮੰਤਰੀਆਂ ਨੇ ਮਿਲ ਕੇ ਕੈਨੇਡਾ ਦਾ ਝੰਡਾ ਉੱਚਾ ਝੁਲਾਇਆ ਅਤੇ ਕੈਨੇਡਾ ਵਾਸੀਆਂ ਨੇ ਇਸ ਦਿਨ ਕੈਨੇਡਾ ਦੇ ਝੰਡੇ ਦਾ ਮਾਣ ਵਧਾਇਆ। ਜਦੋਂ ਸਰਹੱਦਾਂ ਰਾਹੀਂ ਨਸ਼ੀਲੇ ਪਦਾਰਥਾਂ ਦੀ ਟ੍ਰੈਫਿਕਿੰਗ ਦੀ ਗੱਲ ਆਈ ਤਾਂ ਕੈਨੇਡਾ ਨੇ ਆਪਣੀਆਂ ਸਰਹੱਦਾਂ 'ਤੇ ਆਪਣੀ ਨਫ਼ਰੀ ਵਧਾ ਦਿੱਤੀ ਤੇ ਇਹ ਵੀ ਸਪਸ਼ਟ ਕਰ ਦਿੱਤਾ ਕਿ ਕੈਨੇਡਾ ਤੋਂ ਕੇਵਲ ਇੱਕ ਪ੍ਰਤੀਸ਼ਤ ਨਸ਼ੀਲੇ ਪਦਾਰਥਾਂ ਦੀ ਸਮੱਗਲਿੰਗ ਹੁੰਦੀ ਹੈ। ਮਾਰਚ ਦੇ ਪਹਿਲੇ ਹਫ਼ਤੇ ਟੈਰਿਫ ਦੇ ਵਾਧੇ ਦਾ ਐਲਾਨ ਹੁੰਦਿਆਂ ਹੀ ਕੈਨੇਡਾ ਵਲੋਂ ਰੈਸੀਪਰੋਕਲ ਟੈਰਿਫ ਦਾ ਵਾਧਾ ਅਨਾਊਂਸ ਹੋ ਗਿਆ ਅਤੇ ਨਾਲ ਹੀ ਕੈਨੇਡਾ ਦੇ ਲਗਪਗ ਸਾਰੇ ਰਾਜ ਇੱਕ ਜੁੱਟ ਹੋ ਗਏ। ਅਮਰੀਕੀ ਵਸਤੂਆਂ ਨੂੰ ਸਟੋਰਾਂ ਦੀਆਂ ਸ਼ੈਲਫ਼ਾਂ ਤੋਂ ਅਲੋਪ ਕਰਨ ਅਤੇ ਕੈਨੇਡਾ ਦੇ ਖਾਧ-ਪਦਾਰਥ ਵਰਤਣ ਦੀਆਂ ਹਦਾਇਤਾਂ ਪ੍ਰੀਮੀਅਰਜ਼ ਵਲੋਂ ਜਾਰੀ ਹੋਣ ਲੱਗ ਪਈਆਂ। ਓਂਟਾਰੀਓ ਨੇ ਬਿਜਲੀ ਸਪਲਾਈ ਬੰਦ ਕਰਨ, ਬੀ.ਸੀ. ਨੇ ਅਲਾਸਕਾ ਨੂੰ ਜਾਣ ਵਾਲੀ ਸੜਕ ਤੋਂ ਲੰਘਣ ਵਾਲੇ ਅਮਰੀਕੀ ਵਾਹਨਾਂ 'ਤੇ ਟੋਲ ਅਤੇ ਟੈਰਿਫ ਲਗਾਉਣ, ਅਲਬਰਟਾ ਨੇ ਅੰਤਰ-ਰਾਜੀ ਵਪਾਰ ਕਰਨ ਅਤੇ ਅੰਤਰ-ਰਾਜੀ ਤੇਲ ਪਾਈਪਾਂ ਵਿਛਾਉਣ ਵੱਲ ਕਦਮ ਵਧਾਉਣ ਦੀਆਂ ਗੱਲਾਂ ਸ਼ੁਰੂ ਕਰ ਦਿੱਤੀਆਂ। ਗੁਆਂਢੀ ਦੇ ਖਤਰੇ ਨੇ ਘਰ ਦੇ ਜੀਆਂ ਨੂੰ ਇੱਕ ਮੁੱਠ ਕਰ ਦਿੱਤਾ। ਹੋਰ ਤੇ ਹੋਰ ਇਸ ਬਾਹਰਲੇ ਸੰਕਟ ਸਮੇਂ ਐਨ.ਡੀ.ਪੀ. ਦੇ ਨੇਤਾ ਜਗਮੀਤ ਸਿੰਘ ਵਲੋਂ 24 ਮਾਰਚ ਨੂੰ ਹੋਣ ਵਾਲੇ ਪਾਰਲੀਮੈਂਟਰੀ ਸੈਸ਼ਨ ਦੌਰਾਨ ਘੱਟ-ਗਿਣਤੀ ਲਿਬਰਲ ਸਰਕਾਰ ਨੂੰ ਡਿੱਗਣ ਤੋਂ ਬਚਾਉਣ ਲਈ ਆਪਣੀ ਪਾਰਟੀ ਦੀ ਸਪੋਰਟ ਦੇਣ ਦੀ ਗੱਲ ਵੀ ਆਖ ਦਿੱਤੀ ਹੈ। ਹਾਲਾਂਕਿ ਉਸ ਦੁਆਰਾ ਸਪੋਰਟ ਵਾਪਸ ਲਏ ਜਾਣ ਕਰਕੇ ਮੌਜੂਦਾ ਘੱਟ ਗਿਣਤੀ ਸਰਕਾਰ ਦਾ ਡਿੱਗਣਾ ਤੈਅ ਹੋ ਗਿਆ ਸੀ। ਹੁਣ ਵੇਖੋ, ਮੌਕੇ ਦੇ ਮੌਕੇ ਕੀ ਬਣਦਾ?

ਹੋਰਨਾਂ ਦੇਸ਼ਾਂ ਦੇ ਸੰਗਠਨ ਵੀ ਹੋਰ ਮਜ਼ਬੂਤ ਹੋ ਰਹੇ ਹਨ। ਨਾਟੋ ਦੇਸ਼ ਆਪਣੇ ਫ਼ੌਜੀ ਬਜਟਾਂ ਵਿਚ ਵਾਧਾ ਕਰ ਰਹੇ ਹਨ ਤਾਂ ਜੋ ਭਵਿੱਖ ਵਿਚ ਮਜ਼ਬੂਤ ਸੰਗਠਨ ਬਣ, ਨਵੇਂ ਧਰੁਵੀਕਰਨ ਦੇ ਫਲਸਰੂਪ ਬਣੇ ਦੂਜੇ ਪਾਸੇ ਦਾ ਮੁਕਾਬਲਾ ਕਰ ਸਕਣ। ਨਿੱਤ ਕੁੱਝ ਨਵਾਂ ਵਾਪਰਦਾ ਵਿਖਾਈ ਦੇ ਰਿਹਾ ਹੈ। ਮੁਲਕ ਆਪੋ-ਆਪਣੀ ਇਕਾਨਮੀ ਦਾ ਲੇਖਾ-ਜੋਖਾ ਕਰ ਪੈਰਾਂ ਸਿਰ ਹੋਣ ਦਾ ਭਰਮ ਪਾਲ ਰਹੇ ਹਨ। ਭਾਰਤ ਵਰਗੇ ਸੰਘਣੀ ਅਬਾਦੀ ਵਾਲੇ ਦੇਸ਼ ਨੂੰ, ਜਿੱਥੇ ਉਪਭੋਗਤਾਵਾਂ ਦੀ ਅਥਾਹ ਗਿਣਤੀ ਹੈ ਇਸ ਸਭ ਕਾਸੇ ਵਿਚੋਂ ਲਾਭ ਹੁੰਦਾ ਵਿਖਾਈ ਦੇਂਦਾ ਹੈ। ਚੀਨ ਵਰਗੇ ਬਹੁ-ਗਿਣਤੀ ਵਸੋਂ ਅਤੇ ਮਹਿੰਗੇ-ਸਸਤੇ ਹਰ ਪ੍ਰਕਾਰ ਦੇ ਬੇਅੰਤ ਪ੍ਰੋਡਕਸ਼ਨ ਕਰਨ ਵਾਲੇ ਦੇਸ਼ ਲਈ ਸ਼ਾਇਦ ਇਹ ਟੈਰਿਫ ਕਿਹਾ ਜਾਣ ਵਾਲਾ ਭੂਤ ਉਂਜ ਹੀ ਬੇਅਸਰ ਸਾਬਤ ਹੋਵੇ।

ਕਿਹਾ ਜਾਂਦਾ ਹੈ ਕਿ ਡੋਨਲਡ ਟਰੰਪ ਵੱਧ ਟੈਰਿਫ ਲਗਾ ਕੇ ਤੇ ਵਿਦੇਸ਼ੀ ਵਸਤੂਆਂ ਨੂੰ ਮਹਿੰਗਾ ਕਰ ਕੇ ਅਮਰੀਕਾ ਵਿਚ ਆਪਣੀ ਪ੍ਰੋਡਕਸ਼ਨ ਨੂੰ ਉਤਸ਼ਾਹਿਤ ਕਰਨਾ ਚਾਹੁੰਦਾ ਹੈ। ਕਈ ਮਾਹਿਰਾਂ ਦਾ ਕਹਿਣਾ ਹੈ ਕਿ ਉਹ ਆਪਣੇ ਦੇਸ਼ ਅੰਦਰ ਇਨਫਲੇਸ਼ਨ (ਮਹਿੰਗਾਈ) ਨੂੰ ਘੱਟ ਕਰਨ ਦੇ ਦਾਅਵੇ 'ਤੇ ਅਮਲ ਕਰਨ ਲਈ ਅਜਿਹਾ ਕਰ ਰਹੇ ਹਨ। ਪਰ ਹਾਲ ਦੀ ਘੜੀ ਮਹਿੰਗਾਈ ਤੇਜ਼ੀ ਨਾਲ ਵਧ ਰਹੀ ਹੈ ਤੇ ਵਧੇਗੀ ਕਿਉਂਕਿ ਦੂਸਰੇ ਦੇਸ਼ਾਂ ਵਲੋਂ ਲਗਾਏ ਗਏ ਰੈਸੀਪ੍ਰੋਕਲ ਟੈਰਿਫ ਚੀਜ਼ਾਂ ਦੇ ਆਯਾਤ-ਨਿਰਯਾਤ ਨੂੰ ਮਹਿੰਗਾ ਕਰ ਚੀਜ਼ਾਂ ਦੀ ਕੀਮਤ ਵਿਚ ਵਾਧਾ ਤੇ ਕਿੱਲਤ ਪੈਦਾ ਕਰਨਗੇ। ਇਸ ਤਰ੍ਹਾਂ ਰੀਸੈਸ਼ਨ ਦੇ ਆਸਾਰ ਬਣਨ ਦੀਆਂ ਸੰਭਾਵਨਾਵਾਂ ਪੈਦਾ ਹੋਣਗੀਆਂ ਜੋ ਦੁਨੀਆ ਭਰ ਦੀ ਆਰਥਿਕ ਸਥਿਤੀ ਨੂੰ ਡਾਂਵਾਂਡੋਲ ਕਰ ਸਕਦੀਆਂ ਹਨ। ਇਨ੍ਹਾਂ ਨਾਜ਼ੁਕ ਪ੍ਰਸਥਿਤੀਆਂ ਦਾ ਸੱਚ ਝੂਠ ਜਾਂ ਸਹੀ ਗਲਤ ਹੋਣਾ ਤਾਂ ਭਵਿੱਖ ਦੀ ਹਿੱਕ ਵਿਚ ਲੁਕਿਆ ਹੈ। ਹਾਲ ਦੀ ਘੜੀ ਤਾਂ ਡੋਨਲਡ ਟਰੰਪ ਦੇ ਭਾਸ਼ਣਾਂ ਤੇ ਉਸ ਦੇ ਮੂੰਹੋਂ ਨਿਕਲੇ ਊਲ-ਜਲੂਲ ਬੋਲਾਂ ਨੇ ਨੇਤਾਵਾਂ, ਮਾਹਿਰਾਂ ਤੇ ਆਮ ਲੋਕਾਂ ਨੂੰ ਨਵੀਂ ਚਿੰਤਾ ਵਿਚ ਪਾਇਆ ਹੋਇਆ ਹੈ।

ਅਖੀਰ ਵਿਚ ਭਾਰਤੀ ਲੇਖਕ ਵਿਨੀਤ ਬਾਜਪਾਈ ਦੀ ਤਿੰਨ ਭਾਗਾਂ ਵਿਚ ਲਿਖੀ ਕਿਤਾਬ, 'ਹੜੱਪਾ-ਕਰਸ ਆਫ ਦਾ ਬਲੱਡ ਰਿਵਰ, ਪਰਲੈ-ਦਾ ਗਰੇਟ ਡਿਲਯੂਜ ਅਤੇ ਕਾਸ਼ੀ-ਸੀਕਰਟ ਆਫ ਬਲੈਕ ਟੈਂਪਲ' ਦੇ ਹਵਾਲੇ ਨਾਲ ਗੱਲ ਕਰਨੀ ਬਣਦੀ ਹੈ ਜਿਸ ਵਿਚ ਹੜੱਪਾ ਸਭਿਅਤਾ ਦੇ ਵੱਸਣ ਤੇ ਉਜੜਨ ਨਾਲ ਸਬੰਧਤ ਦੇਵੀ ਦੇਵਤਿਆਂ ਤੋਂ ਲੈ ਕੇ ਗੰਗਾ ਕੰਢੇ ਕਾਸ਼ੀ (ਬਨਾਰਸ) ਵਿਖੇ ਸਥਿਤ ਇੱਕ ਮੰਦਰ ਤੱਕ ਦੇ ਦੇਵੀ ਦੇਵਤਿਆਂ ਤੇ ਦਾਨਵੀ ਤਾਕਤਾਂ ਦੀ ਆਪਸੀ ਖਹਿਬਾਜ਼ੀ ਦੀ ਲੜਾਈ ਦੀ ਗਾਥਾ ਨੂੰ ਅਜੋਕੇ ਸਮੇਂ ਦੇ ਪਾਤਰਾਂ ਨਾਲ ਜੋੜ ਕੇ ਬਿਆਨਿਆ ਗਿਆ ਹੈ। ਇਸ ਵਿਚ 'ਨਿਊ ਵਰਲਡ ਆਰਡਰ' ਦਾ ਜ਼ਿਕਰ ਆਉਂਦਾ ਹੈ ਜੋ ਕੁੱਝ ਮੁਲਕਾਂ 'ਤੇ ਰਾਜ ਕਰ ਰਹੇ ਸ਼ਾਸਕਾਂ ਅਤੇ ਪੂੰਜੀਪਤੀਆਂ ਦਾ ਸਮੂਹ ਹੈ ਜੋ ਪੂਰੀ ਦੁਨੀਆ 'ਤੇ ਰਾਜ ਕਰਨ ਦੀ ਹਿਰਸ ਨਾਲ ਕਈ ਸਾਜ਼ਿਸ਼ਾਂ ਰਚਦਾ ਹੈ। ਵਰਤਮਾਨ ਸਮੇਂ ਦੀਆਂ ਸੰਸਾਰਕ ਤਾਕਤਾਂ ਦਾ ਦੋ ਨਵੇਂ ਧੜਿਆਂ ਵਿਚ ਵੰਡਿਆ ਜਾਣਾ ਅਤੇ ਕੁੱਝ ਕੁ ਸ਼ਾਸਕਾਂ ਅਤੇ ਪੂੰਜੀਪਤੀਆਂ ਦੇ ਸਮੂਹ ਨੂੰ ਦੇਖ ਕੇ ਲਗਦਾ ਹੈ ਲਿਖਿਤ 'ਨਿਊ ਵਰਲਡ ਆਰਡਰ' ਵਰਗਾ 'ਥਰਡ ਵਰਲਡ ਅਰਡਰ' ਹੀ ਹੈ ਜੋ ਆਪਣੀਆਂ ਸਾਜ਼ਿਸ਼ਾਂ ਨਾਲ ਲੋਕਾਈ ਨੂੰ ਨਿੰਹੱਥਾ ਕਰ ਹੜੱਪਣਾ ਚਾਹ ਰਿਹਾ ਹੈ। ਹਾਲ ਦੀ ਘੜੀ ਇਹ ਭਾਣਾ ਵੀ ਮੰਨਣਾ ਪੈਣਾ ਹੈ। ਅਗਾਂਹ ਰੱਬ ਭਲੀ ਕਰੇ!

## ਕਾਵਿ-ਕਿਆਰੀ

### *ਜ਼ਖ਼ਮੀ ਔਰਤ*

ਜਿਸਨੂੰ ਜਨਮ ਤੋਂ ਮਰਨ ਤੱਕ
ਅਨੇਕਾਂ ਜ਼ਖ਼ਮ ਦਿੱਤੇ ਜਾਂਦੇ ਨੇ
ਜਿਸ ਦਾ ਜਨਮ ਕੰਮੀਆਂ ਦੇ ਵਿਹੜੇ ਹੋਇਆ
ਨੰਗੇ ਪੈਰ, ਖਿੱਲਰੇ ਵਾਲ ਤੇ ਪਾਟੇ ਲੀੜੇ
ਸੁਰਤ ਸੰਭਲਦਿਆਂ ਹੀ
ਸੁਪਨੇ ਦੇਖਣ ਦਾ ਹੱਕ ਨਹੀਂ
ਬਸ ਮਾਂ ਨਾਲ ਸਿਰ ਖੁਰਕਦੇ
ਤੁਰ ਜਾਣਾ ਘਾਹ ਖੋਤਣ
ਮਾਂ, ਧੀ ਨੂੰ ਭੁੱਖੀਆਂ ਨਜ਼ਰਾਂ ਨਾਲ
ਦੇਖਦੇ ਵੱਡੇ ਸ਼ਾਹੂਕਾਰ...।

ਵਾਰ-ਵਾਰ ਖੁਰੇਦਦੇ ਉਹਦੇ ਜ਼ਖ਼ਮਾਂ ਨੂੰ
ਇਸੇ ਤਰ੍ਹਾਂ ਚੱਲਦਿਆਂ ਜਵਾਨੀ ਆਉਂਦੀ
ਹੱਥਾਂ ਦੇ ਜ਼ਖ਼ਮ, ਰਿੰਗ ਵਾਲੀ ਉਂਗਲ ਨੂੰ ਚੀਰਦੇ
ਉਹਦੀ ਰਿੰਗ ਬਣਦੀ, ਘਾਹ ਵਿਚਲੀ ਕੋਈ ਬੂਟੀ,
ਘਰਾਂ 'ਚ ਪੋਚੇ ਲਾਉਂਦੀ ਦੇ
ਫਨਾਇਲ ਵਾਲਾ ਪਾਣੀ
ਉਹਦੇ ਜ਼ਖ਼ਮਾਂ ਨੂੰ ਭਰਦਾ ਨਹੀਂ ਹੋਰ ਛਿੱਲਦਾ।

ਇੱਥੇ ਵੀ ਲਲਚਾਈਆਂ ਨਜ਼ਰਾਂ
ਉਹਦੇ ਜਿਸਮ ਦੇ ਜ਼ਖ਼ਮਾਂ ਨੂੰ ਤੱਕ ਕੇ
ਅੱਖੀਂ ਮੁਸਕਰਾਉਂਦੇ,
ਭੱਦੇ ਇਸ਼ਾਰੇ ਉਹਦੇ ਜ਼ਖ਼ਮਾਂ ਦਾ ਮਜ਼ਾਕ ਉਡਾਉਂਦੇ ਜਾਪਦੇ
ਉਹ ਜ਼ਖ਼ਮੀ ਔਰਤ ਥੱਕ ਹਾਰ ਘਰ ਨੂੰ ਪਰਤਦੀ
ਆਉਂਦੀ ਨੂੰ ਅਪੰਗ ਪਤੀ
ਬੱਚਿਆਂ ਦੀ ਭੁੱਖ
ਉਹਦੇ ਜ਼ਖ਼ਮਾਂ ਦਾ ਹਾਲ ਪੁੱਛੇ ਬਿਨਾ
ਰੋਟੀ ਦੀ ਮੰਗ ਕਰਦੇ।

ਰੋਜ਼ ਲੰਘ ਜਾਂਦਾ ਇੰਝ ਹੀ ਦਿਨ
ਇਕ ਮਜ਼ਦੂਰ ਜ਼ਖ਼ਮੀ ਔਰਤ ਦਾ...।

*-ਜਸਪ੍ਰੀਤ ਕੌਰ ਬੱਬੂ*
*ਫੋਨ: 94782-71282*

---

### ਸੁਣ ਮੇਰੀ ਗੱਲ

ਮੈਂ ਵੀ ਹੁਣ ਉੱਠਾਂਗੀ
ਮੈਂ ਵੀ ਹੁਣ ਜਾਗਾਂਗੀ
ਮੈਂ ਵੀ ਹੁਣ ਸਿੱਖਾਂਗੀ
ਮੈਂ ਵੀ ਹੁਣ ਖੜ੍ਹੀ ਹੋਵਾਂਗੀ
ਮੈਂ ਵੀ ਹੁਣ ਪੜ੍ਹਾਂਗੀ
ਮੈਂ ਵੀ ਹੁਣ ਲਿਖਾਂਗੀ
ਕਿਸੇ "ਸੰਨੀ ਡੇਅ" ਵਾਲੇ ਦਿਨ
ਮੈਂ ਵੀ ਹੁਣ ਕਵੀ ਦਰਬਾਰ ਵਿਚ ਜਾਵਾਂਗੀ
ਮੈਂ ਵੀ ਹੁਣ ਕਵਿਤਾ ਸੁਣਾਵਾਂਗੀ।

ਹੁਣ ਮੈਂ ਤੇਰੇ ਪਿੱਛੇ ਨਹੀਂ, ਬਰਾਬਰ ਤੁਰਾਂਗੀ
ਹੁਣ ਮੈਂ ਜਦੋਂ ਬੋਲਾਂਗੀ, ਤੂੰ ਸੁਣੇਂਗਾ
ਹੁਣ ਤੂੰ ਚਾਹ ਬਣਾ ਕੇ ਲਿਆਵੇਂਗਾ
ਫਿਰ ਆਪਾਂ ਦੋਵੇਂ ਡੈਕ 'ਤੇ ਬਹਿ ਕੇ ਪੀਵਾਂਗੇ
ਫਿਰ ਮੈਂ ਕਹਾਂਗੀ, ਚਾਹ ਠੰਢੀ ਸੀ
ਸੁਆਦ ਜਿਹਾ ਨੀਂ ਆਇਆ।
ਹੁਣ ਤੂੰ ਮੇਰੇ ਕੱਪੜੇ ਪ੍ਰੈਸ ਕਰੇਂਗਾ
ਮੈਂ ਕਹੂੰਗੀ!
ਵਲ ਤਾਂ ਅਜੇ ਵੀ ਨਿਕਲੇ ਨਹੀਂ

ਘਰ ਪਾਰਟੀ ਵਾਲੇ ਦਿਨ,
ਹੁਣ ਤੂੰ ਖਾਣਾ ਗਰਮ ਕਰੇਂਗਾ
ਟੇਬਲ ਸੈਟ ਕਰੇਂਗਾ।
ਮੈਂ ਆਪਣੀਆਂ ਫਰੈਂਡਜ਼ ਨਾਲ
ਵਾਈਨ ਦੀਆਂ ਚੁਸਕੀਆਂ ਲੈਂਦੀ ਹੋਈ
ਸਵੀਪ ਖੇਡਾਂਗੀ ਚਤਰਿੱਲੀਆਂ ਮਾਰਾਂਗੀ
ਤੂੰ ਕਹੇਂਗਾ
ਪਲੀਜ਼ ਖਾਣਾ ਖਾ ਲਓ ਠੰਢਾ ਹੋ ਰਿਹੈ।

ਹੁਣ ਮੈਂ ਸਿਰਫ਼ ਸੁੱਤਿਆਂ ਹੀ ਨਹੀਂ
ਜਾਗਦਿਆਂ ਵੀ ਸੁਪਨੇ ਦੇਖਾਂਗੀ
ਕੰਮ ਤੋਂ ਆ ਕੇ, ਮੈਂ ਰੀਮੋਟ ਕੰਟਰੋਲ ਫੜਾਂਗੀ
ਦੋਵੇਂ ਪੈਰ ਟੇਬਲ 'ਤੇ ਰੱਖ ਕੇ, ਟੀ ਵੀ ਦੇਖਾਂਗੀ
ਤੂੰ ਦੋ ਗਲਾਸਾਂ ਵਿੱਚ ਜੂਸ ਲੈ ਕੇ ਆਵੇਂਗਾ
ਮੈਂ ਕਾਮੇਡੀ ਸ਼ੋਅ ਦੇਖਾਂਗੀ, ਖ਼ੂਬ ਹੱਸੂੰਗੀ
ਤੇ ਤੂੰ ਸੋਚੇਂਗਾ ਰਾਤ ਨੂੰ ਕੀ ਪਕਾਵਾਂ!

ਹੁਣ ਤੂੰ ਮੇਰਾ ਲੰਚ ਪੈਕ ਕਰੇਂਗਾ
ਮੈਂ ਪੁੱਛਾਂਗੀ ਕਿ ਅੱਜ ਕੀ ਪੈਕ ਕੀਤਾ ਹੈ
ਫਿਰ ਮੈਂ ਕਹਾਂਗੀ, ਰੋਜ਼ ਉਹੀ ਸੈਂਡਵਿੱਚ
ਕੁਝ ਹੋਰ ਨੀਂ ਬਣਿਆ ਤੇਰੇ ਕੋਲੋਂ

ਹੁਣ ਤੂੰ ਮੇਰੇ ਨਾਲ ਕਵੀ ਦਰਬਾਰ ਜਾਵੇਂਗਾ
ਹੁਣ ਲੋਕ ਮੇਰਾ ਲਿਖਿਆ ਪੜ੍ਹਨਗੇ, ਸੁਣਨਗੇ
ਤੂੰ ਖੁਸ਼ ਹੋ ਕੇ ਤਾੜੀਆਂ ਮਾਰੇਂਗਾ
ਕੈਮਰੇ ਨਾਲ ਫੋਟੋਆਂ ਖਿੱਚੇਂਗਾ
ਕਵੀ ਦਰਬਾਰ ਤੋਂ ਬਾਅਦ
ਆਪਣੀ ਥਕਾਵਟ ਦੂਰ ਕਰਨ ਲਈ
ਮੈਂ ਵੀ ਪੈਗ-ਸ਼ੈਗ ਲਾਉਂਗੀ
ਤੂੰ ਡੈਜ਼ਗੀਨੇਟਡ ਡਰਾਈਵਰ ਬਣੇਂਗਾ

ਸਵੇਰੇ ਤੂੰ ਬੈਡ ਟੀ ਲੈ ਕੇ ਆਵੇਂਗਾ
ਮੈਂ ਅੰਗੜਾਈਆਂ ਲੈ ਕੇ ਉੱਠਾਂਗੀ
ਕਹਾਂਗੀ : "ਰਾਤੀਂ ਸਾਲੀ ਜ਼ਿਆਦਾ ਹੀ
'ਚੱਕ ਲੇ-ਚੱਕ ਲੇ ਹੋ ਗਈ"

ਹੁਣ ਮੈਂ ਵੀ ਤੇਰੇ ਚੇਹਰੇ ਦੇ ਹਾਵ ਭਾਵ ਦੇਖਾਂਗੀ
ਜਦੋਂ ਲੋਕ ਤੈਨੂੰ ਕਵਿੱਤਰੀ ਦਾ ਘਰ ਵਾਲਾ
ਕਹਿ ਕੇ ਸੰਬੋਧਨ ਕਰਨਗੇ
ਮੈਂ ਵੀ ਚਾਹੁੰਦੀ ਹਾਂ!
ਜਦੋਂ ਮੈਂ ਵੀ ਕਵੀ ਦਰਬਾਰ ਵਿਚ ਕਵਿਤਾ ਪੜ੍ਹਾਂ
ਲੋਕ ਤਾੜੀਆਂ ਮਾਰਨ, ਵਾਹ-ਵਾਹ ਕਰਨ
ਮੇਰੇ ਨਾਲ ਹੱਥ ਮਿਲਾਉਣ, ਜੱਫ਼ੀਆਂ ਪਾਉਣ
ਮੈਨੂੰ ਵਧਾਈਆਂ ਦੇਣ, ਫੋਟੋਆਂ ਖਿਚਵਾਉਣ
ਮੇਰੇ ਆਟੋਗਰਾਫ ਲੈਣ ਲਈ ਲਾਈਨਾਂ ਲਾਉਣ
ਮੇਰੇ ਕੋਲੋਂ ਫ਼ੀਤੇ ਕਟਵਾਉਣ


ਮੈਂ ਵੀ ਚਾਹੁੰਦੀ ਹਾਂ!
ਮੈਂ ਵੀ ਹੁਣ ਕਵੀ ਦਰਬਾਰ ਤੋਂ ਬਾਅਦ
ਪੈਗ-ਸ਼ੈਗ ਲਾ ਕੇ, ਕਵੀਆਂ ਕਵਿੱਤਰੀਆਂ
ਨਾਲ ਹੱਥ ਤੇ ਹੱਥ ਮਾਰਕੇ ਗੱਲਾਂ ਕਰਾਂ
ਉਨਾਂ ਨਾਲ ਆਪਣਾ ਫ਼ੋਨ ਨੰਬਰ ਸ਼ੇਅਰ ਕਰਾਂ
ਤੇ ਤੂੰ ਨੁੱਕਰ ਵਿੱਚ ਖੜ੍ਹ ਕੇ ਮੇਰੀ ਉਡੀਕ ਕਰੇਂ
ਤੂੰ ਇਸ਼ਾਰਾ ਕਰੇਂ, ਤੇ ਮੈਂ ਕਹਾਂ
ਬੱਸ ਦੋ ਮਿੰਟ ਹੋਰ!
ਬੱਸ ਦੋ ਮਿੰਟ ਹੋਰ!

ਹੁਣ ਰਾਤ ਨੂੰ ਬੈਡ ਵਿੱਚ ਤੂੰ ਕਹੇਂਗਾ
ਕਿ ਅੱਜ ਮੇਰਾ ਸਿਰ ਦੁੱਖਦਾ
ਮੈਂ ਕਹੂੰਗੀ ਕੋਈ ਗੱਲ ਨੀਂ
ਸਿਰ-ਸੁਰ ਤਾਂ ਦੁਖਦੇ ਹੀ ਰਹਿੰਦੇ ਨੇ
ਮੇਰੇ ਨੇੜੇ ਆਵੇਂਗਾ ਤਾਂ ਸਭ ਠੀਕ ਹੋ ਜਾਊ

ਹੁਣ ਤੂੰ ਕਹੇਂਗਾ, 'ਨੋ' ਦਾ ਮਤਲਬ 'ਨੋ'
ਮੈਂ ਕਹੂੰਗੀ, ਕੋਈ ਗੱਲ ਨਹੀਂ
ਪੰਜਾਬੀਆ ਵਿਚ ਸਭ ਚੱਲਦਾ!
*-ਸੰਨੀ ਧਾਲੀਵਾਲ*

# ਮੁੱਲਾਂ ਦੀ ਦੌੜ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353



ਇਸ ਕਾਲਮ ਵਿਚ ਪਹਿਲਾਂ ਵੀ ਕਈ ਵਾਰੀ ਜ਼ਿਕਰ ਹੋ ਚੁੱਕਾ ਹੈ ਕਿ ਲੋਕ ਵਾਣੀ ਦੇ ਵਿਅੰਗਮਈ ਤੀਰ ਕਿਸੇ ਗੁਰੂ, ਪੀਰ, ਪੈਗੰਬਰ, ਪੰਡਿਤ, ਜਾਣੋਂ ਕਿਸੇ ਵੀ ਦੇਵ ਪੁਰਸ਼ ਨੂੰ ਨਹੀਂ ਬਖਸ਼ਦੇ। ਗੁਰੂ ਲਈ ਗੁਰੂ-ਘੰਟਾਲ, ਪੰਡਿਤ ਲਈ ਪੋਂਗਾ ਪੰਡਿਤ, ਮੁੱਲਾਂ ਲਈ ਕਠਮੁੱਲਾ ਅਤੇ ਸਾਧ ਲਈ ਓਮੀ ਸਾਧ ਜਿਹੇ ਲਕਬ ਬਖਸ਼ਦਿਆਂ ਲੋਕ ਬਿਲਕੁਲ ਖ਼ੌਫ਼ ਨਹੀਂ ਖਾਂਦੇ। ਇਸਲਾਮ ਧਰਮ ਦੇ ਅਹਿਮ ਰੁਤਬੇ ਵਾਲੇ ਮੁੱਲਾਂ ਦੀ ਬਹੁਤ ਮਿੱਟੀ ਪਲੀਤ ਹੋਈ ਹੈ। ਉਸ ਦੀ ਦੌੜ ਮਸੀਤ ਤੱਕ ਹੀ ਹੈ, ਉਹ ਮੁਫਤ ਦੀ ਸ਼ਰਾਬ ਵੀ ਨਹੀਂ ਛੱਡਦਾ, ਦੋ ਮੁੱਲਾਂ ਵਿਚ ਵਿਚਾਰੀ ਮੁਰਗੀ ਵੀ ਹਰਾਮ ਹੋ ਜਾਂਦੀ ਹੈ ਨਾਲੇ ਨਵਾਂ ਮੁੱਲਾ ਪਿਆਜ਼ ਬਹੁਤ ਖਾਂਦਾ ਹੈ। ਬੁੱਲ੍ਹੇ ਸ਼ਾਹ ਨੂੰ ਵੀ ਮੁੱਲਾਂ 'ਤੇ ਸ਼ਿਕਾਇਤ ਹੈ,

ਬੁੱਲ੍ਹਿਆ ਮੁੱਲਾਂ ਅਤੇ ਮਸਾਲਚੀ, ਦੋਹਾਂ ਇੱਕੋ ਚਿੱਤ।
ਲੋਕਾਂ ਕਰਦੇ ਚਾਨਣਾ, ਆਪ ਹਨੇਰੇ ਵਿਚ।

ਮੁੱਲਾਂ ਜਿਹੋ ਜਿਹੇ ਹੋਣ, ਆਪਣਾ ਕੰਮ ਹੈ ਮੁੱਲਾਂ ਸ਼ਬਦ ਕਿੱਥੋਂ ਦੌੜ ਕੇ ਆਇਆ, ਉਹ ਮਸੀਤ ਵਿਚ ਕਿਵੇਂ ਪੁੱਜਾ। ਮੁੱਲਾਂ ਮੁਸਲਮਾਨ ਧਰਮ ਵਿਚ ਇੱਕ ਅਹਿਮ ਪਦਵੀ ਹੈ ਜਿਸ ਨੂੰ ਚੌਧਰੀ ਜਿਹਾ ਬਿਆਨਿਆ ਜਾ ਸਕਦਾ ਹੈ। ਇਹ ਕਈ ਇਸਲਾਮੀ ਦੇਸ਼ਾਂ ਵਿਚ ਰਾਜੇ, ਸੁਲਤਾਨ ਜਾਂ ਕਿਸੇ ਹੋਰ ਹਾਕਿਮ ਲਈ ਸਨਮਾਨਯੋਗ ਖਿਤਾਬ ਵਜੋਂ ਵਰਤਿਆ ਜਾਂਦਾ ਹੈ। ਮੱਧ ਪੂਰਬ ਅਤੇ ਹਿੰਦੁਸਤਾਨੀ ਖਿੱਤੇ ਵਿਚ ਇਹ ਇਸਲਾਮ ਧਰਮ ਦੇ ਦਾਨਿਸ਼ਮੰਦ, ਬੁੱਧੀਮਾਨ ਜਾਂ ਰਹਿਨੁਮਾ ਲਈ ਵਰਤਿਆ ਜਾਂਦਾ ਹੈ। ਧਰਮਾਂ ਵਿਚ ਆਪਣੇ ਸਭ ਤੋਂ ਵੱਡੇ ਇਸ਼ਟ ਦੀ ਸਿਫ਼ਤ ਵਿਚ ਕਈ ਨਾਮ ਵਿਸ਼ੇਸ਼ਣ ਵਰਤੇ ਜਾਂਦੇ ਹਨ। ਕੁਰਾਨ ਵਿਚ ਮੁੱਲਾ ਸ਼ਬਦ ਅੱਲਾ ਲਈ ਧਰਤ ਜੀਵਾਂ ਦੇ ਮਾਲਿਕ, ਸਵਾਮੀ ਆਦਿ ਦੇ ਅਰਥਾਂ ਵਿਚ ਆਇਆ ਹੈ ਤੇ ਏਹੀ ਸ਼ਬਦ ਫਿਰ ਧਰਤੀ 'ਤੇ ਵਿਚਰਦੇ ਧਾਰਮਿਕ ਆਗੂਆਂ ਲਈ ਵਰਤਿਆ ਜਾਣ ਲੱਗਾ। ਕਈ ਵਾਰੀ ਇਹ ਮਹਾਤਮਾ ਲੋਕ ਨਜ਼ਰਾਂ ਵਿਚ ਏਨਾ ਗਿਰ ਜਾਂਦੇ ਹਨ ਕਿ ਉਨ੍ਹਾਂ ਲਈ ਓਹੀ ਵਿਸ਼ੇਸ਼ਣ ਨਿੰਦਾਜਨਕ ਲਕਬ ਬਣ ਜਾਂਦਾ ਹੈ। ਬਾਬਾ ਸ਼ਬਦ ਤੋਂ ਸਾਰੀ ਗੱਲ ਸਮਝ ਆ ਜਾਵੇਗੀ।

ਮੁੱਲਾਂ ਸ਼ਬਦ ਦੀ ਆਮ ਵਰਤੋਂ ਇਸਲਾਮ ਦੇ ਮਦਰਸਿਆਂ ਜਾਂ ਮਸੀਤਾਂ ਵਿਚ ਮਜ਼ਹਬੀ ਸਿੱਖਿਆ ਦੇਣ ਵਾਲੇ ਉਸਤਾਦਾਂ, ਪ੍ਰਚਾਰਕਾਂ ਜਾਂ ਆਗੂਆਂ ਲਈ ਕੀਤੀ ਜਾਂਦੀ ਹੈ। ਇਹ ਸ਼ਰ੍ਹਾ ਦੇ ਗਿਆਤਾ ਹੁੰਦੇ ਹਨ, ਮਸੀਤਾਂ ਵਿਚ ਨਮਾਜ਼ ਅਦਾ ਕਰਾਉਂਦੇ ਹਨ। ਉਹ ਕਾਜ਼ੀ ਦੇ ਨਾਇਬ ਹੁੰਦੇ ਹੋਏ ਮਰਨੇ ਪਰਨੇ, ਨਿਕਾਹ ਤੇ ਹੋਰ ਧਾਰਮਿਕ ਰਸਮਾਂ ਵੀ ਨਿਭਾਉਂਦੇ ਹਨ। ਉਹ ਹੱਥ ਹੌਲਾ ਵੀ ਕਰ ਦਿੰਦੇ ਹਨ ਤੇ ਨਜੂਮੀਆਂ ਜਿਹਾ ਕੰਮ ਵੀ ਕਰ ਲੈਂਦੇ ਹਨ। ਭਾਵੇਂ ਸਿੱਖਾਂ ਦੇ ਗ੍ਰੰਥੀਆਂ ਵਾਂਗ ਹੀ ਰਸਮੀ ਤੌਰ 'ਤੇ ਇਨ੍ਹਾਂ ਲਈ ਇਸਲਾਮ ਦੀ ਕਿਸੇ ਪੜ੍ਹਾਈ ਦੀ ਜ਼ਰੂਰਤ ਨਹੀਂ ਹੁੰਦੀ ਪਰ ਫਿਰ ਵੀ ਇਨ੍ਹਾਂ ਨੇ ਆਮ ਤੌਰ 'ਤੇ ਮਦਰਸਿਆਂ ਜਾਂ ਹੋਰ ਸਕੂਲਾਂ ਤੋਂ ਸਿਖਿਆ ਲਈ ਹੁੰਦੀ ਹੈ। ਜੇ ਮੁੱਲਾਂ ਸ਼ਬਦ ਦੀ ਹੋਰ ਵੀ ਖੁੱਲ੍ਹੀ ਵਿਆਖਿਆ ਕਰਨੀ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਇਸਲਾਮੀ ਸਿਖਿਆਵਾਂ ਮੁਹੱਈਆ ਕਰਾਉਣ ਵਾਲੀ ਸਮੁੱਚੀ ਜਮਾਤ ਹੀ ਮੁੱਲਾਂ ਹੁੰਦੀ ਹੈ।

ਕਾਜ਼ੀ ਮੁੱਲਾਂ ਮੱਤੀਂ ਦੇਂਦੇ,
ਖਰੇ ਸਿਆਣੇ ਰਾਹ ਦਸੇਂਦੇ,
ਇਸ਼ਕ ਕੀ ਲੱਗੇ ਰਾਹਿ ਨਾਲ -ਹਾਸ਼ਿਮ।

ਗੁਰੂ ਨਾਨਕ ਫਰਮਾਉਂਦੇ ਹਨ,'ਤਾ ਤੂ ਮੁਲਾ ਤਾ ਤੂ ਕਾਜੀ ਜਾਣਹਿ ਨਾਮੁ ਖੁਦਾਈ'। ਪਰਲੋਕ ਮਨ ਵਿਚ ਮੁੱਲਾਂ ਲੋਭ ਲਾਲਚ ਦੀ ਸਾਕਾਰ ਮੂਰਤ ਵਜੋਂ ਉਭਰਦਾ ਹੈ, ਲਹਿੰਦੀ ਦੀ ਇਕ ਕਹਾਵਤ ਵੀ ਹੈ, 'ਮੁੱਲਾਂ ਜੀ ਕੁਝ ਖਾਸੋ, ਯਾ ਬਿਸਮਿੱਲਾ, ਮੁੱਲਾਂ ਜੀ ਕੁਛ ਦੇਸੋ? ਨੌਜ਼ ਬਿੱਲਾ ਮੁੱਲਾਂ' ਮਾਅਨੇ ਮੁੱਲਾਂ ਜੀ ਕੁਝ ਖਾਓਗੇ? ਰੱਬ ਦੇ ਨਾਂ 'ਤੇ ਜ਼ਰੂਰ ਖਾਵਾਂਗਾ; ਮੁੱਲਾਂ ਜੀ ਕੁਝ ਦੇਵੋਗੇ? ਰੱਬ ਮੇਰੀ ਖੈਰ ਰੱਖੇ, ਕੁਝ ਨਹੀਂ ਦੇਵਾਂਗਾ। ਮੁੱਲਾਂ ਦੇ ਨਾਲ ਪੰਡਿਤ ਨੂੰ ਵੀ ਨੱਥੀ ਹੋ ਗਿਆ, 'ਪੰਡਿਤ ਪੋਥੀ ਵਾਚਦੇ ਮੁੱਲਾਂ ਪੜ੍ਹੇ ਕੁਰਾਨ, ਲੋਕ ਦਿਖਾਵਾ ਲੱਖ ਪੜ੍ਹੋ, ਨਾਂਹ ਮਿਲੇ ਭਗਵਾਨ'। ਮੁੱਲਾਂ ਸ਼ਬਦ ਹਰ ਉਸ ਸ਼ਖਸ ਲਈ ਵਰਤ ਲਿਆ ਜਾਂਦਾ ਹੈ ਜੋ ਕੱਟੜ ਹੋਵੇ, ਜੋ ਹਰ ਗੱਲ ਧਾਰਮਿਕ ਨਜ਼ਰੀਏ ਤੋਂ ਹੀ ਕਰਦਾ ਹੋਵੇ, ਜੋ ਦੂਜੇ ਦੇ ਧਰਮ ਨੂੰ ਨਫਰਤ ਕਰਦਾ ਹੋਵੇ। ਅਨੁਮਾਨ ਲਾਓ, ਮੁੱਲਾਂ ਹੀ ਅਜਿਹਾ ਹੈ ਤਾਂ ਨੀਮ-ਮੁੱਲਾ ਕੇਹਾ ਹੋਵੇਗਾ, 'ਨੀਮ ਹਕੀਮ ਖਤਰਾ-ਏ-ਜਾਨ, ਨੀਮ ਮੁੱਲਾ ਖਤਰਾ-ਏ-ਇਮਾਨ' ਮਤਲਬ ਘੱਟ ਪੜ੍ਹਿਆ ਮੁੱਲਾਂ ਸਾਨੂੰ ਕੀ ਰੱਬੀ ਇਲਮ ਦੇਵੇਗਾ! ਜੇ ਮੁੱਲਾਂ ਬਾਰੇ ਅਜੇ ਵੀ ਤਸੱਲੀ ਨਹੀਂ ਹੋਈ ਤਾਂ ਸੁਥਰੇ ਦੀ ਇੱਕ ਹਾਸ ਰਸੀ ਕਵਿਤਾ ਪੜ੍ਹ ਲੈਣਾ ਜਿਸ ਵਿਚ ਮੁੱਲਾਂ ਨੂੰ ਮੁਫਤ ਦੀਆਂ ਮਿਲੀਆਂ ਰੋਟੀਆਂ ਇੱਕ ਧੋਬੀ ਦਾ ਕੁੱਤਾ ਖਾ ਜਾਂਦਾ ਹੈ ਤਾਂ ਧੋਬੀ ਰੋਣ ਲਗਦਾ ਹੈ ਕਿ ਹੁਣ ਉਸ ਦਾ ਬਲਦ ਵੀ ਮੁੱਲਾ ਵਾਂਗ ਹੀ ਨਿਕੰਮਾ ਹੋ ਜਾਵੇਗਾ।

ਮੁੱਲਾਂ ਦਾ ਮੂਲ ਮੁੱਲਾ ਹੈ ਜੋ ਸੈਮਿਟਿਕ ਅਸਲੇ ਦਾ ਹੈ ਇਸ ਲਈ ਇਸ ਦੇ ਬੀਜ ਅਰਬਾਂ ਦੀ ਧਰਤੀ ਵਿਚ ਪਏ ਹਨ। ਅਰਬੀ ਤੋਂ ਅੱਗੇ ਫਾਰਸੀ ਵਿਚ ਆਇਆ ਤੇ ਭਾਰਤ ਵਿਚ ਇਸਲਾਮ ਦੇ ਫੈਲਾਅ ਨਾਲ ਭਾਰਤੀ ਭਾਸ਼ਾਵਾਂ ਵਿਚ ਦਾਖਿਲ ਹੋਇਆ। ਅਰਬੀ ਵਿਚ ਇਸ ਦਾ ਰੂਪ 'ਮੌਲਾ' ਹੈ ਜਿਸ ਤੋਂ ਵਿਗੜ ਕੇ ਮੁੱਲਾ ਬਣਿਆ ਤੇ ਫਿਰ ਵਿਗੜ ਕੇ ਮੁੱਲਾਂ, ਮਤਲਬ ਧੁਨੀ ਅਨੁਨਾਸਕ ਹੋ ਗਈ। ਅਰਬੀ ਮੌਲਾ ਦਾ ਅਰਥ ਸੁਆਮੀ, ਮਾਲਕ, ਮਦਦਗਾਰ ਹੈ। ਸਾਡੀਆਂ ਭਾਸ਼ਾਵਾਂ ਵਿਚ ਵੀ ਮੌਲਾ ਖੂਬ ਪ੍ਰਚੱਲਤ ਹੈ। ਪੰਜਾਬੀ ਵਿਚ ਮੌਲਾ ਸ਼ਬਦ ਮਾਲਕ, ਸੁਆਮੀ, ਮੁਨਸਿਫ, ਮੁਕਤੀਦਾਤਾ ਹੈ ਜੋ ਰੱਬ ਦੇ ਅਰਥਾਂ ਵਿਚ ਹੀ ਲਿਆ ਜਾਵੇਗਾ, 'ਮੌਲਾ ਯਾਰ ਤੇ ਬੇੜਾ ਪਾਰ'। ਗੁਰੂ ਅਰਜਨ ਦਾ ਕਥਨ ਹੈ, 'ਮਉਲਾ ਖੇਲ ਕਰੇ ਸਭਿ ਆਪੇ'। ਗੁਰੂ ਨਾਨਕ ਦੇਵ ਨੇ ਵੀ ਮਉਲਾ ਦੀ ਸਾਰ ਲਈ ਹੈ, 'ਸੋਈ ਮਉਲਾ ਜਿਨਿ ਜਗੁ ਮਉਲਿਆ ਹਰਿਆ ਕੀਆ ਸੰਸਾਰੋ'। ਏਥੇ 'ਮਉਲਿਆ' ਸ਼ਬਦ ਦਾ ਅਰਬੀ ਵਲੋਂ ਆਏ ਮੌਲਾ/ਮਉਲਾ ਨਾਲ ਕੋਈ ਸਬੰਧ ਨਹੀਂ। ਮਉਲਿਆ ਦਾ ਅਰਥ ਹੈ ਖਿੜਿਆ, ਪ੍ਰਫੁੱਲਤ ਕੀਤਾ, ਇਹ ਸੰਸਕ੍ਰਿਤ ਵਲੋਂ *ਮੁਕੁਲ ਸ਼ਬਦ ਤੋਂ ਵਿਉਤਪਤ ਹੋਇਆ ਜਿਸ ਵਿਚ ਮੌਲਣ ਦਾ ਭਾਵ ਹੈ। ਮੌਲਾ ਦਾ ਇੱਕ ਅਰਥ ਬੁਢਾ ਬਲਦ ਵੀ ਹੈ। ਸ਼ਾਇਦ ਇਸ ਲਈ ਕਿ ਬੁਢੇ ਵਾਰੇ ਉਹ ਕੰਮ ਤੋਂ ਮੁਕਤ ਹੋ ਜਾਂਦਾ ਹੈ। 'ਮਸਤ ਮੌਲਾ' ਵੀ ਉਸ ਨੂੰ ਕਿਹਾ ਜਾਂਦਾ ਹੈ ਜਿਸ ਨੂੰ ਕੋਈ ਫਿਕਰ ਨਾ ਹੋਵੇ, ਜੋ ਦੁਨੀਆਂਦਾਰੀ ਤੋਂ ਮੁਕਤ ਹੋ ਚੁੱਕਾ ਹੋਵੇ, ਫੱਕਰ। 'ਮੌਲਾ ਕੇ ਨਾਮ' ਦਾ ਮਤਲਬ ਰੱਬ ਦੇ ਨਾਂ, 'ਯਾ ਮੌਲਾ' = ਹੇ ਰੱਬਾ। ਮੌਲਾ ਸ਼ਬਦ ਨਾਵਾਂ ਵਿਚ ਵੀ ਵਰਤ ਲਿਆ ਜਾਂਦਾ ਹੈ ਜਿਵੇਂ ਮੌਲਾ ਬਖਸ਼ ਕੁਸ਼ਤਾ, ਮੌਲਾ ਸਿੰਘ। ਮੌਲਾ ਸ਼ਾਹ (ਮੌਲਾ ਸ਼ਾਹ ਰਹਿਮਤਾ ਅੱਲ੍ਹਾ ਅਲੀਆ 1836-1944) ਪੰਜਾਬੀ ਦਾ ਇਕ ਸੂਫ਼ੀ ਅਤੇ ਰਹੱਸਵਾਦੀ ਕਵੀ ਹੋਇਆ ਹੈ। 'ਹਰਫਨ ਮੌਲਾ' ਜੋ ਸਭ ਕਲਾਵਾਂ ਵਿਚ ਮਾਹਿਰ ਹੋਵੇ ਲਫਜ਼ੀ ਮਾਅਨੇ ਹਨ ਸਭ ਹੁਨਰ (ਹਰ = ਸਭ, ਫਨ = ਹੁਨਰ)। ਅਰਬੀ ਸ਼ਬਦ ਮੌਲਵੀ ਵੀ ਮੌਲਾ ਤੋਂ ਹੀ ਨਿਕਲਿਆ ਹੈ ਤੇ ਇਸ ਦੇ ਅਰਥ ਵੀ ਲਗਭਗ ਮੁੱਲਾਂ ਵਾਲੇ ਹੀ ਹਨ ਪਰ ਇਹ ਮੁੱਲਾਂ ਵਾਲੇ ਨਿੰਦਾ ਸੂਚਕ ਪਸਾਰਾਂ ਤੋਂ ਬਚਿਆ ਰਿਹਾ। ਇਸੇ ਸ਼ਬਦ ਦਾ ਇੱਕ ਹੋਰ ਵਿਸਤਾਰ ਹੈ ਮੌਲਾਣਾ/ਮੌਲਾਨਾ ਯਾਨੀ ਮੌਲਾ-ਅਨਾ (ਅਨਾ = ਸਾਡਾ) ਜਿਸ ਦਾ ਅਰਬੀ ਵਿਚ ਅਰਥ ਹੈ, ਸਾਡਾ ਸੁਆਮੀ। ਮੌਲਵੀ ਤੇ ਮੌਲਾਣਾ (ਪੰਜਾਬੀ ਵਿਚ ਮੁਲਾਣਾ) ਦੋਵੇਂ ਮੁਕਾਬਲਤਨ ਸਨਮਾਨ ਸੂਚਕ ਹਨ।

ਉਪਰੋਕਤ ਸ਼ਬਦਾਂ ਦਾ ਤਿੰਨ ਅੱਖਰੀ ਅਰਬੀ ਮੂਲ ਵ-ਲ-ਯ ਹੈ ਜਿਸ ਵਿਚ ਨੇੜੇ ਜਾਂ ਗੁਆਂਢੀ ਹੋਣ ਦਾ ਭਾਵ ਹੈ। ਜੋ ਲਾਗੇ ਜਾਂ ਗੁਆਂਢੀ ਹੁੰਦਾ ਹੈ ਉਹ ਹੀ ਮਦਦਗਾਰ, ਸਹਾਇਕ ਹੁੰਦਾ ਹੈ ਇਸ ਲਈ ਅਰਬੀ ਵਿਚ ਇਸ ਤੋਂ ਬਣੇ ਸ਼ਬਦ 'ਵਲੀ' ਵਿਚ ਇਹ ਭਾਵ ਆ ਗਏ। ਇਸ ਤੋਂ ਅੱਗੇ ਇਸ ਦੇ ਅਰਥਾਂ ਦਾ ਵਿਸਥਾਰ ਹੁੰਦਾ ਹੁੰਦਾ ਸਹਾਈ, ਦੋਸਤ, ਰਿਸ਼ਤੇਦਾਰ, ਰਖਵਾਲਾ, ਰੱਬ ਦੇ ਨੇੜੇ ਵਾਲਾ, ਸੰਤ, ਮਹਾਤਮਾ, ਅਧਿਕਾਰੀ, ਹਾਕਮ ਜਾਂ ਸ਼ਾਸਕ ਜਿਹੇ ਅਰਥਾਂ ਤੱਕ ਪਹੁੰਚ ਗਿਆ। ਧਰਮ ਤੇ ਰਾਜਨੀਤੀ ਇਸ ਕਦਰ ਇੱਕ ਦੂਜੇ ਵਿਚ ਓਤ-ਪੋਤ ਰਹੇ ਹਨ ਕਿ ਧਰਮ ਨੂੰ ਕੰਟਰੋਲ ਕਰਨ ਵਾਲਾ ਹੀ ਰਾਜ ਨੂੰ ਕੰਟਰੋਲ ਕਰਦਾ ਹੈ। ਸ਼ਬਦ ਇਸ ਯਥਾਰਥ ਨੂੰ ਹੀ ਪ੍ਰਗਟ ਕਰਦੇ ਹਨ। ਧਾਰਮਿਕ ਪ੍ਰਸੰਗ ਵਿਚ ਪਰਮਾਤਮਾ ਤੇ ਫਿਰ ਅੱਗੇ ਦੁਨਿਆਵੀ ਪੱਧਰ 'ਤੇ ਇਸ ਦੇ ਪ੍ਰਚਾਰਕ ਹੀ ਇੱਕ ਤਰ੍ਹਾਂ ਲੋਕਾਈ ਦੇ ਸੁਆਮੀ ਹੁੰਦੇ ਹਨ। ਅਰਬੀ ਉਕਤੀ 'ਵਲੀਅਹਿਦ' ਦਾ ਮਤਲਬ ਵਕਤ ਦਾ ਹਾਕਮ, ਤਖਤ ਦਾ ਵਾਰਿਸ ਹੁੰਦਾ ਹੈ। ਅਰਬ ਦੁਨੀਆ ਵਿਚ ਹਾਕਮ ਨੂੰ ਵਲੀ ਕਿਹਾ ਜਾਂਦਾ ਸੀ। ਗੁਰੂ ਅਰਜਨ ਦੇਵ ਦੀ ਫਾਰਸੀ ਬਾਣੀ ਵਿਚ ਇਹ ਸ਼ਬਦ ਆਇਆ ਹੈ,'ਵਲੀ ਨਿਆਮਤਿ ਬਿਰਾਦਰਾ ਦਰਬਾਰ ਮਿਲਕ ਖਾਨਾਇ, ਜਬ ਅਜਰਾਈਲੁ ਬਸਤਨੀ ਤਬ ਚਿ ਕਾਰੇ ਬਿਦਾਇ'। ਵਾਰਿਸ ਸ਼ਾਹ ਦੇ ਕਿੱਸੇ ਵਿਚ ਇਹ ਸ਼ਬਦ ਕਈ ਵਾਰੀ ਆਇਆ ਹੈ। ਕਾਜ਼ੀ ਨੇ ਗੁੱਸੇ ਵਿਚ ਆ ਕੇ ਹੀਰ ਖੇੜਿਆਂ ਨੂੰ ਦੇ ਦਿੱਤੀ,

ਕਾਜ਼ੀ ਖੋਹ ਦਿੱਤੀ ਹੀਰ ਖੇੜਿਆਂ ਨੂੰ,
ਮਾਰੋ ਇਹ ਫ਼ਕੀਰ ਦਗ਼ੋਲੀਆ ਜੇ।
ਵਿਚੋਂ ਚੋਰ ਤੇ ਯਾਰ ਤੇ ਲੁੱਚ ਲੁੰਡਾ,
ਵੇਖੋ ਬਾਹਰੋਂ ਵਲੀ ਤੇ ਔਲੀਆ ਜੇ।

ਉਪਰ ਆਇਆ ਔਲੀਆ ਸ਼ਬਦ ਅਸਲ ਵਿਚ ਵਲੀ ਦਾ ਹੀ ਅਰਬੀ ਭਾਸ਼ਾ ਵਿਚ ਬਹੁਵਚਨ ਹੈ। ਪੰਜਾਬੀ ਵਿਚ ਕਈ ਵਾਰੀ ਇੱਕਵਚਨ ਵਜੋਂ ਹੀ ਵਰਤਿਆ ਜਾਂਦਾ ਹੈ। ਹਜ਼ਰਤ ਨਿਜ਼ਾਮੁਦੀਨ ਔਲੀਆ ਦੇ ਨਾਂ ਪਿੱਛੇ ਇਹ ਸ਼ਬਦ ਲਗਦਾ ਹੈ ਕਿਉਂਕਿ ਭਾਰਤੀ ਇਸਲਾਮ ਵਿਚ ਇਸ ਸ਼ਬਦ ਦੀ ਮਹੱਤਤਾ ਹੈ। ਗੁਰੂ ਅਰਜਨ ਦੇਵ ਨੇ ਇਹ ਸ਼ਬਦ ਇਸ ਤਰ੍ਹਾਂ ਵਰਤਿਆ ਹੈ, 'ਪੀਰ ਪਿਕਾਬਰ ਸੇਖ ਮਸਾਇਕ ਅਉਲੀਏ, ਓਤਿ ਪੋਤਿ ਨਿਰੰਕਾਰ ਘਟਿ ਘਟਿ ਮਉਲੀਏ' ਅਰਥਾਤ ਕਈ ਪੀਰ ਪੈਗੰਬਰ, ਸ਼ੇਖ, ਵਲੀ (ਤੇਰੇ ਗੁਣ ਗਾ ਰਹੇ ਹਨ) ਤਾਣੇ ਪੇਟੇ ਵਾਂਗ ਤੂੰ ਹਰ ਸਰੀਰ ਵਿਚ ਮੌਲ ਰਿਹਾ ਹੈਂ। ਵਲੀ ਦੇ ਹੀ ਨਾਲ ਲਗਦਾ ਸ਼ਬਦ ਹੈ 'ਵਾਲੀ' ਜਿਸ ਦਾ ਅਰਥ ਵੀ ਮਾਲਕ, ਸੁਆਮੀ, ਸਰਪਰਸਤ ਹੈ। ਬੁੱਲ੍ਹੇ ਸ਼ਾਹ ਤੋਂ ਇਸ ਸ਼ਬਦ ਦੀ ਸੋਅ ਲਵੋ,

ਬੇਲੀ ਅੱਲਾ ਵਾਲੀ ਮਾਲਕ ਹੋ, ਤੁਸੀਂ ਆਪੇ ਆਪਣੇ ਸਾਲਕ ਹੋ,
ਆਪੇ ਖ਼ਲਕਤ ਆਪ ਖ਼ਾਲਕ ਹੋ, ਆਪੇ ਅਮਰ ਮਅਰੂਫ਼ ਕਰਾਈਦਾ।
ਹੁਣ ਕਿਸ ਥੀਂ ਆਪ ਛੁਪਾਈਦਾ ।

'ਵਾਲੀ ਵਾਰਸ' ਸ਼ਬਦ ਜੁੱਟ ਵਿਚ ਇਹ ਸ਼ਬਦ ਮੌਜੂਦ ਹੈ। ਇਸ ਤੋਂ ਅੱਗੇ ਬਣਿਆ ਹੋਰ ਸ਼ਬਦ ਹੈ ਮਵਾਲੀ (ਅਰਬੀ ਮੁਵਾਲੀ) ਜਿਸ ਦਾ ਅਰਥ ਵੀ ਸੁਆਮੀ, ਮੱਦਦਗਾਰ, ਸਰਦਾਰ ਹੈ,

ਪਿਆਰੇ ਆਪ ਜਮਾਲ ਵਿਖਾਲੀ। ਹੋਏ ਕਲੰਦਰ ਮਸਤ ਮਵਾਲੀ।

ਧਿਆਨ ਰਹੇ ਕਿ 'ਮਵਾਲੀ' ਸ਼ਬਦ-ਜੋੜਾਂ ਵਾਲਾ ਇੱਕ ਹੋਰ ਸ਼ਬਦ ਹੈ ਜਿਸ ਦਾ ਅਰਥ ਗੁੰਡਾ, ਲਫੰਗਾ, ਬਦਮਾਸ਼ ਹੈ। ਇੱਕ ਸਰੋਤ ਅਨੁਸਾਰ ਦੱਖਣ ਭਾਰਤ ਦੇ ਇੱਕ ਲੁੱਟ-ਮਾਰ ਕਬੀਲੇ ਦਾ ਨਾਂ ਮਵਾਲੀ ਹੈ। ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਕਿਸਾਨਾਂ ਨੂੰ ਭਾਜਪਾ ਨੇਤਾ ਮੀਨਾਕਸ਼ੀ ਲੇਖੀ ਨੇ ਇਸ ਅਰਥ ਵਿਚ ਮਵਾਲੀ ਕਹਿ ਦਿੱਤਾ ਸੀ ਜਿਸ 'ਤੇ ਕਿਸਾਨ ਭੜਕ ਪਏ ਸਨ। ਵਲੀ ਤੋਂ ਹੀ ਅੱਗੇ ਇੱਕ ਪੰਜਾਬੀ ਵਿਚ ਖੂਬ ਪ੍ਰਚੱਲਤ ਹੋਰ ਸ਼ਬਦ ਬਣਦਾ ਹੈ, ਵਲਾਇਤ। ਇਸ ਸ਼ਬਦ ਨੂੰ ਅਸੀਂ ਪੰਜਾਬੀ ਆਮ ਤੌਰ 'ਤੇ ਰਵਾਇਤੀ ਤੌਰ 'ਤੇ ਇੰਗਲੈਂਡ ਜਾਂ ਕਿਸੇ ਪੱਛਮੀ ਦੇਸ਼ ਦੇ ਅਰਥ ਵਜੋਂ ਲੈਂਦੇ ਹਾਂ ਪਰ ਇਸ ਵਿਚ ਮੁਢਲੇ ਤੌਰ 'ਤੇ ਹਕੂਮਤ, ਸ਼ਾਸਨ, ਰਾਜ, ਸਲਤਨਤ ਦੇ ਭਾਵ ਹਨ। ਇਸ ਬਾਰੇ ਵਿਸਥਾਰ ਵਿਚ ਬਹੁਤ ਪਹਿਲਾਂ ਲਿਖਿਆ ਜਾ ਚੁੱਕਾ ਹੈ।

ਡਾਕਟਰ ਅਮਰਵੰਤ ਸਿੰਘ ਵਲੋਂ ਰਚੇ 'ਅਰਬੀ-ਫਾਰਸੀ ਵਿਚੋਂ ਉਤਪੰਨ ਪੰਜਾਬੀ ਸ਼ਬਦਾਵਲੀ' ਨਾਮੀ ਕੋਸ਼ ਵਿਚ 'ਮੁੱਲਾ' ਸ਼ਬਦ ਦੀ ਵਿਉਤਪਤੀ ਬੜੀ ਗ਼ਲਤ ਦਿੱਤੀ ਹੋਈ ਹੈ। ਉਸ ਅਨੁਸਾਰ ਇਹ ਸ਼ਬਦ ਅਰਬੀ 'ਇਮਲਾ' ਤੋਂ ਬਣਿਆ ਹੈ ਜਿਸ ਦਾ ਭਾਵ 'ਬਹੁਤ ਲਿਖਣ ਵਾਲਾ ਇਮਲਾ ਭਾਵ ਭਰਿਆ ਹੋਇਆ' ਦਿੱਤਾ ਹੋਇਆ ਹੈ। ਇਸ ਤੋਂ ਫਿਰ ਉਹ ਬਹੁਤ ਪੜ੍ਹਿਆ-ਲਿਖਿਆ ਦੇ ਅਰਥ ਕੱਢਦਾ ਵੱਡਾ ਆਲਮ ਫਾਜ਼ਿਲ ਤੇ ਫਿਰ ਅੱਗੇ ਮਸੀਤ ਮਦਰਸੇ ਵਿਚ ਪੜ੍ਹਾਉਣ ਵਾਲੇ ਅਰਥਾਂ ਵੱਲ ਵਧਦਾ ਹੈ। ਇਹ ਬਹੁਤ ਹਾਸੋ-ਹੀਣੀ ਵਿਆਖਿਆ ਹੈ। ਅਰਬੀ 'ਇਮਲਾ' ਲਫ਼ਜ਼ ਵਿਚ ਭਰਨ, ਪੂਰਾ ਕਰਨ, ਠੀਕ ਤਰ੍ਹਾਂ ਲਿਖਣ ਬੋਲ ਕੇ ਲਿਖਾਉਣ ਦੇ ਭਾਵ ਹਨ। ਉਰਦੂ ਦੇ ਜ਼ਮਾਨੇ ਵਿਚ ਅਧਿਆਪਕ ਠੀਕ ਲਿਖਣ ਦੇ ਅਭਿਆਸ ਕਰਾਉਣ ਲਈ ਵਿਦਿਆਰਥੀਆਂ ਨੂੰ ਇਮਲਾ ਲਿਖਾਇਆ ਕਰਦੇ ਸਨ। ਅੱਜ ਕੱਲ੍ਹ ਪਤਾ ਨਹੀਂ ਕਿਹੜਾ ਸ਼ਬਦ ਵਰਤਿਆ ਜਾਂਦਾ ਹੈ।

# ਭਾਈਆ ਜੀ ! ਥੋਡੀ ਖ਼ੈਰ ਹੋਵੇ...

ਜੱਟਾਂ ਆਲੇ ਘਾਲੇ-ਮਾਲੇ 'ਚ ਜਿਵੇਂ 'ਭਾਈਆ ਜੀ' ਉਲਝੇ ਪਏ ਨੇ, ਠੀਕ ਉਵੇਂ ਪੰਥ ਵੀ ਗੁੰਝਲਾਂ 'ਚ ਫਸਿਆ ਪਿਐ। ਹਰਦਿਲ ਅਜ਼ੀਜ਼, ਸੰਗਤ ਦੇ ਚਰਨਾਂ ਦੀ ਧੂੜ, ਜਥੇਦਾਰ ਸੁਖਬੀਰ ਸਿੰਘ ਬਾਦਲ ਨੇ ਜੇ ਕਿਤੇ ਪੁਰਾਣੇ ਕਾਵਿ-ਕਿੱਸੇ ਪੜ੍ਹੇ ਹੁੰਦੇ ਤਾਂ ਆਹ ਨੌਬਤ ਨਾ ਆਉਂਦੀ। ਪੰਜਾਬੀ ਪਰੰਪਰਾ 'ਚ ਮਕਬੂਲ ਕਿੱਸੇ 'ਜੀਜਾ-ਸਾਲੀ' ਦੀ ਮੋਹ-ਮੁਹੱਬਤ ਨਾਲ ਭਰੇ ਪਏ ਨੇ। ਕੋਈ ਵੀ ਕਿੱਸਾ 'ਜੀਜੇ-ਸਾਲੇ' ਦੇ ਪਿਆਰ ਦੀ ਬਾਤ ਨਹੀਂ ਪਾਉਂਦਾ। ਗੁਰਮੁਖੋ! ਸੋ ਇਹੋ ਸਿੱਖਿਆ ਮਿਲਦੀ ਹੈ ਕਿ 'ਜੀਜੇ-ਸਾਲੇ' ਦੇ ਰਿਸ਼ਤੇ 'ਚ ਮੁੱਢ ਕਦੀਮ ਤੋਂ ਹੀ ਕੌੜ ਬਣਿਆ ਹੋਇਆ ਹੈ।

ਯਮਲਾ ਜੱਟ ਠੀਕ ਫ਼ਰਮਾ ਰਿਹੈ, 'ਦੱਸ ਮੈਂ ਕੀ ਪਿਆਰ ਵਿੱਚੋਂ ਖੱਟਿਆ...' ਆਓ ਮਾਜਰਾ ਸਮਝੀਏ! ਅਸਾਂ ਜਥੇਦਾਰ ਕੀ ਹਟਾਏ, ਤੁਸਾਂ ਪੰਥ ਦੀ ਛੱਤ ਹੀ ਸਿਰ 'ਤੇ ਚੁੱਕ ਲਈ। ਵੱਡੇ ਬਾਦਲ ਨੂੰ ਅੱਜ ਪੰਥ 'ਮਿਸ ਯੂ' ਆਖ ਰਿਹੈ। ਰੌਲਾਪੁਰੀਓ, ਪਹਿਲੋਂ ਜਦ ਜਥੇਦਾਰ ਹਟਦੇ ਸਨ, ਉਦੋਂ ਤੁਸਾਂ ਚੂੰ ਨਹੀਂ ਕੀਤੀ, ਹੁਣ ਚੀਕ ਚਿਹਾੜਾ ਪਾਇਐ। ਸ਼੍ਰੋਮਣੀ ਅਕਾਲੀ ਦਲ, ਸੁਖਬੀਰ ਬਾਦਲ ਦੀ ਮਾਂ ਪਾਰਟੀ ਵੀ ਹੈ ਅਤੇ ਪਿਓ ਪਾਰਟੀ ਵੀ। ਵੱਡਿਆਂ ਦੀ ਸੋਚ 'ਤੇ ਪਹਿਰਾ ਦੇਣਾ ਕਦੋਂ ਤੋਂ ਗੁਨਾਹ ਹੋ ਗਿਆ।

ਅਮਿਤਾਭ ਬੱਚਨ ਨਿੱਤ ਟੇਵੇ ਲਾਉਂਦੈ, 'ਕੌਣ ਬਣੇਗਾ ਕਰੋੜਪਤੀ'। ਲੰਬੂ ਭਾਈ! ਅਸਾਨੂੰ ਵੀ ਦੱਸ ਛੱਡੋ, ਅਕਾਲੀ ਦਲ ਦੀ 'ਹੌਟ ਸੀਟ' 'ਤੇ ਕੌਣ ਸਜੇਗਾ। ਮਜੀਠੀਆ ਪਰਿਵਾਰ ਨੂੰ ਪੁਰਾਣੀ ਪੰਥਕ ਗੁੜ੍ਹਤੀ ਐ। 'ਟੈਮ ਹੋ ਗਿਆ, ਬਦਲ ਗਏ ਕਾਂਟੇ', ਜਦੋਂ ਪੰਥ 'ਚ ਤਿੰਨ ਜਥੇਦਾਰਾਂ ਨੂੰ ਲਾਹੇ ਜਾਣ ਦੀ ਗੂੰਜ ਪਈ ਤਾਂ ਬਿਕਰਮ ਸਿੰਘ ਮਜੀਠੀਆ ਪੰਥ ਆਲੀ ਗੱਡੀ ਚੜ੍ਹ ਗਏ, ਭਾਈਆ ਜੀ ਟੇਸ਼ਨ 'ਤੇ ਖੜ੍ਹੇ ਰਹਿ ਗਏ। ਜ਼ਮੈਟੋ ਆਲੀ ਡਲਿਵਰੀ ਵਾਂਗੂੰ ਬਲਵਿੰਦਰ ਸਿੰਘ ਭੂੰਦੜ ਨੇ ਭੱਥੇ ਵਿੱਚੋਂ ਝੱਟ ਬਿਆਨ ਕੱਢ ਮਾਰਿਆ, ਅਖੇ ਮਜੀਠੀਆ ਨੇ ਸੁਖਬੀਰ ਦੀ ਪਿੱਠ 'ਚ ਛੁਰਾ ਮਾਰਿਐ।

ਲੰਮੇ ਬੰਦਿਆਂ ਨਾਲ ਵੀਰ ਸੁਖਬੀਰ ਦੀ ਰਾਸ਼ੀ ਘੱਟ ਹੀ ਮਿਲਦੀ ਹੈ। ਪਹਿਲੋਂ ਮਨਪ੍ਰੀਤ ਬਾਦਲ ਨੇ ਛੁਰਾ ਮਾਰਿਆ ਸੀ, ਹੁਣ ਮਜੀਠੀਆ ਨੇ। ਅਕਾਲੀ ਦਲ ਦੇ ਵਿਹੜੇ 'ਚ ਖ਼ਾਲੀ ਘੋੜੀ ਹਿਣਕੀ ਹੈ, ਚਾਹੇ ਮੁਹੰਮਦ ਸਦੀਕ ਨੂੰ ਪੁੱਛ ਲਓ, 'ਖ਼ਾਲੀ ਘੋੜੀ ਹਿਣਕਦੀ, ਉੱਤੇ ਨਾ ਦੀਂਹਦਾ ਵੀਰ।' ਇੱਕ ਵੇਲਾ ਉਹ ਸੀ ਜਦੋਂ ਰੇਡੀਓ ਦੇ ਦਿਹਾਤੀ ਪ੍ਰੋਗਰਾਮ 'ਚ 'ਭਾਈਆ ਜੀ' ਰੰਗ ਬੰਨ੍ਹਦੇ ਸਨ। ਸੁਖਬੀਰ ਬਾਦਲ ਉਰਫ਼ 'ਭਾਈਆ ਜੀ' ਦੇ ਰੰਗ 'ਚ ਤਾਂ ਮਜੀਠੀਆ ਜੀ ਭੰਗ ਪਾ ਗਏ। ਉੱਪਰੋਂ ਪੁੱਛਦੇ ਪਏ ਨੇ, 'ਹਮ ਆਪ ਕੇ ਹੈਂ ਕੌਨ!'

'ਮੂੰਹਾਂ ਨੂੰ ਮੁਲਾਹਜ਼ੇ, ਸਿਰਾਂ ਨੂੰ ਸਲਾਮਾਂ'। ਵਿਰੋਧੀਆਂ ਨੇ ਪੱਥਰ ਚੁੱਕੇ, ਸੁਖਬੀਰ ਨੂੰ ਰਤਾ ਪੀੜ ਨਾ ਹੋਈ। ਮਜੀਠੀਆ ਇੰਜ ਕਰੇਗਾ, ਚਿੱਤ ਚੇਤੇ ਨਹੀਂ ਸੀ, 'ਸੱਜਣਾ ਨੇ ਫੁੱਲ ਮਾਰਿਆ...।' ਸਰਦੂਲ ਸਿਕੰਦਰ ਮਜੀਠੀਏ ਦਾ ਵਕੀਲ ਬਣਿਐ , 'ਹਾਸੇ ਨਾਲ ਸੀ ਚਲਾਵਾਂ ਫੁੱਲ ਮਾਰਿਆ...।' ਜਥੇਦਾਰ ਟੌਹੜਾ ਆਖਦੇ ਹੁੰਦੇ ਸਨ, ਖ਼ਾਲਸਾ ਜੀ! ਅਕਾਲੀ ਤਾਂ ਹੱਥ 'ਚ ਆਇਆ ਕੜਾਹ ਆਲਾ ਕੌਲਾ ਨੀ ਛੱਡਦੇ, ਪ੍ਰਧਾਨਗੀ ਤਾਂ ਦੂਰ ਦੀ ਗੱਲ। ਸੁਖਬੀਰ ਦੀ ਪਿੱਠ ਸੁਣਦੀ ਪਈ ਐ, ਉਹਨੇ ਪੰਜਾਬ ਖ਼ਾਤਰ ਪਹਿਲਾਂ ਨਹੁੰ ਮਾਸ ਦਾ ਰਿਸ਼ਤਾ ਛੱਡਿਆ, ਫਿਰ ਵਜ਼ੀਰੀ ਵਗਾਹ ਮਾਰੀ।

ਪ੍ਰਧਾਨਗੀ ਨੂੰ ਲੱਤ ਮਾਰ'ਤੀ, ਸਿਰ ਨਿਵਾ ਗੁਨਾਹ ਕਬੂਲ ਲਏ। ਚੰਦੂਮਾਜਰਾ ਹਾਲੇ ਵੀ ਖੁਸ਼ ਨਹੀਂ। ਨਵੇਂ ਪ੍ਰਿੰਟਾਂ 'ਚ ਆਇਆ ਸੁੱਚਾ ਸਿੰਘ ਲੰਗਾਹ ਬਾਗੋ-ਬਾਗ਼ ਹੈ, ਅਕਾਲੀ ਦਲ ਦਾ ਵਕੀਲ ਜੋ ਬਣਿਐ। ਅਕਾਲੀ ਦਲ ਦੀ ਛੱਤ ਹੇਠ ਥੰਮ੍ਹੀਆਂ ਦੇ ਰਿਹਾ ਹੈ। ਛੁਰੇ ਕਰਕੇ ਸੁਖਬੀਰ ਦੇ ਚੀਸ ਪਈ ਹੈ। ਪੁਰਾਣੇ ਸਮਿਆਂ 'ਚ ਖ਼ਾਲਸਾਈ ਫ਼ੌਜਾਂ ਬਚਾਅ ਲਈ ਗੈਂਡੇ ਦੀ ਖੱਲ ਦੀ ਢਾਲ ਰੱਖਦੀਆਂ ਸਨ। ਕਿਤੇ ਸੁਖਬੀਰ ਜੀ ਪਹਿਲੇ ਦਿਨੋਂ 'ਖ਼ਾਲਸਾਈ ਢਾਲ' ਪਹਿਨ ਕੇ ਰੱਖਦੇ, ਵਾਲ ਵਿੰਗਾ ਨਹੀਂ ਹੋਣਾ ਸੀ। ਸੋਨੇ 'ਤੇ ਸੁਹਾਗਾ ਹੋਣਾ ਸੀ ਪਰ ਕਰੀਏ ਕੀ, ਬਹੁਤੇ ਅਕਾਲੀ ਤਾਂ ਸੁਹਾਗੇ ਦੇ ਡਰੋਂ ਹੀ ਤਾਂ ਲੀਡਰ ਬਣੇ ਨੇ। ਵੈਸੇ ਇੱਕ ਗੱਲ ਮੰਨਣੀ ਪਊ, ਪੰਜਾਬ 'ਚ ਨਾਂ ਸੁਖਬੀਰ ਦਾ ਹੀ ਚੱਲਦੈ। ਹਰਜੀਤ ਹਰਮਨ ਵੀ ਹਾਮੀ ਭਰ ਰਿਹੈ, 'ਮਿੱਤਰਾਂ ਦਾ ਨਾਂ ਚੱਲਦੈ..।'

ਪੰਜਾਬ ਸਾਧ ਦੀ ਭੂਰੀ 'ਤੇ 'ਕੱਠਾ ਹੋਇਐ। ਵਡਾਲਾ ਨੇ ਪਤਾ ਨੀ ਕੀ ਨਿੰਮ ਦੇ ਪੱਤੇ ਘੋਟ ਕੇ ਪੀਤੇ ਨੇ, ਇੱਕੋ ਰਟ ਲਾਈ ਹੈ, ਪੰਥਕ ਮਰਯਾਦਾ 'ਤੇ ਪਹਿਰਾ ਦਿਆਂਗੇ। ਧੰਨ ਨੇ ਉਹ ਜਿਹੜੇ ਹਾਲੇ ਵੀ ਸੁਖਬੀਰ ਦੀ ਸੋਚ 'ਤੇ ਪਹਿਰਾ ਦੇ ਰਹੇ ਨੇ। ਢੀਂਡਸਾ ਟਰਾਂਸਪੋਰਟ ਸੁਖਬੀਰ ਦੇ ਪਿੱਛੇ ਪਈ ਐ, 'ਇੱਕ ਤੇਰੀ ਅੜ ਭੰਨਣੀ..।' ਸਿਆਣੇ ਆਖਦੇ ਨੇ, 'ਧੁਨ ਦਾ ਪੱਕਾ ਸਵਰਗ ਹਿਲਾ ਸਕਦਾ ਹੈ।' ਸੁਖਬੀਰ ਸਾਹਬ ਪਿਛਾਂਹ ਨਾ ਹਟਿਓ ਪੰਥ ਦੀ ਸੇਵਾ ਤੋਂ, ਚਾਹੇ 'ਕੱਲੇ ਰਹਿ ਜਾਓ।

ਬਾਦਲ ਵਿਰੋਧੀ ਆਖਦੇ ਨੇ, ਤਿੰਨੋਂ ਜਥੇਦਾਰਾਂ ਨੂੰ ਹਟਾਉਣ ਪਿੱਛੇ ਸੁਖਬੀਰ ਦਾ ਹੱਥ ਹੈ। ਭਲੇਮਾਣਸੋਂ, ਜਥੇਦਾਰ ਸੁਖਬੀਰ ਦਾ ਹੱਥ ਕਿਵੇਂ ਹੋ ਸਕਦੈ, ਉਹ ਤਾਂ ਕਈ ਦਿਨਾਂ ਬਾਂਹ ਬੰਨ੍ਹੀ ਫਿਰਦੈ। ਵੈਸੇ ਪੰਥ ਗ਼ੁੱਸੇ 'ਚ ਲਾਲ ਸੁਰਖ਼ ਹੋਇਆ ਪਿਐ। ਪੰਥ ਦਰਦੀ ਠੀਕ ਫ਼ਰਮਾ ਰਹੇ ਨੇ ਕਿ ਬਈ! ਇਵੇਂ ਤਾਂ ਕੋਈ ਕਿਸੇ ਨੂੰ ਵੀ ਨੀ ਹਟਾਉਂਦਾ, ਜਿਵੇਂ ਜਥੇਦਾਰਾਂ ਦੀ ਛੁੱਟੀ ਕੀਤੀ ਹੈ। ਆਮ ਸਿੱਖ ਵੀ ਚਾਹੁੰਦਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਤੇ ਮਾਣ ਮਰਯਾਦਾ ਕਾਇਮ ਰਹੇ।

ਹੱਲਾ ਵੱਡਾ ਹੈ, ਤਾਂਹੀ ਪੰਥ ਹੁਣ ਸ਼੍ਰੋਮਣੀ ਕਮੇਟੀ ਮੈਂਬਰਾਂ ਦੇ ਮੂੰਹ ਵੱਲ ਵੇਖ ਰਿਹੈ ਪਰ ਸ਼੍ਰੋਮਣੀ ਕਮੇਟੀ ਮੈਂਬਰਾਂ ਦੀ ਜ਼ਮੀਰ ਦੀ ਵਾਰੰਟੀ ਕੁੰਭਕਰਨ ਦੇਈ ਜਾ ਰਿਹੈ। ਸ਼ਾਹ ਮੁਹੰਮਦ ਦੀ ਰੂਹ ਨੇ ਜ਼ਰੂਰ ਮੱਥੇ 'ਤੇ ਹੱਥ ਮਾਰਿਆ ਹੋਊ। 'ਸਭ ਜੱਗ ਰੂਠੇ, ਇੱਕ ਰਾਮ ਨਾ ਰੂਠੇ', ਅਸਾਨੂੰ ਤਾਂ ਸੁਖਬੀਰ ਪਿਆਰਾ ਐ। ਸੱਜਣਾ ਕਿਵੇਂ ਭੁੱਲੀਏ, ਤੇਰੀਆਂ ਬੰਬਾਂ ਵਾਲੀਆਂ ਸੜਕਾਂ, ਪਾਣੀ 'ਚ ਚੱਲਦੀਆਂ ਬੱਸਾਂ, ਨਾਲੇ ਚੰਨ 'ਤੇ ਰੈਲੀ ਕਰਨ ਦਾ ਜਜ਼ਬਾ। ਵਿਸ਼ਵ ਕਬੱਡੀ ਕੱਪ ਤਾਂ ਚੇਤਿਆਂ 'ਚੋਂ ਨਹੀਂ ਨਿਕਲਦਾ, ਕਿੰਨੇ ਰੰਗਲੇ ਦਿਨ ਸਨ ਜਦੋਂ ਸੁਖਬੀਰ ਜੀ ਪੰਥ ਨੂੰ ਕਦੇ ਪ੍ਰਿਅੰਕਾ ਚੋਪੜਾ ਦੇ ਦਰਸ਼ਨ ਕਰਾਉਂਦੇ ਸਨ ਤੇ ਕਦੇ ਕੈਟਰੀਨਾ ਕੈਫ਼ ਦੇ।

'ਮਿੱਠੇ ਬੇਰ ਨੀ ਬੇਰੀਏ ਤੇਰੇ, ਸੰਗਤਾਂ ਨੇ ਇੱਟ ਮਾਰਨੀ।'

ਸੁਖਬੀਰ ਜੀ, ਪ੍ਰਵਾਹ ਨਹੀਂ ਕਰਨੀ, ਸੱਚ ਨੂੰ ਹਮੇਸ਼ਾ ਸੂਲੀ ਚੜ੍ਹਨਾ ਹੀ ਪੈਂਦੈ। ਓਹ ਗਾਣਾ ਤਾਂ ਸੁਣਿਆ ਹੋਊ, 'ਆਉਣ ਵਾਲਾ ਟਾਈਮ ਤੇਰੇ ਬਾਈ ਦਾ..।' ਸ਼੍ਰੋਮਣੀ ਅਕਾਲੀ ਦਲ ਦਾ ਮਾਣਮੱਤਾ ਇਤਿਹਾਸ ਐ ਭਾਈ। ਜਦੋਂ ਵੀ ਪੰਥ ਖ਼ਤਰੇ 'ਚ ਪਿਐ, ਮੋਰਚਿਆਂ 'ਚ ਅਕਾਲੀ ਲੱਕ ਬੰਨ੍ਹ ਕੁੱਦਦੇ ਸਨ। ਕੇਰਾਂ ਵੱਡੇ ਬਾਦਲ ਨੇ ਗੱਲ ਸੁਣਾਈ। ਅਕਾਲੀ ਸਰਕਾਰ ਹਾਲੇ ਬਣੀ ਹੀ ਸੀ, ਬਾਦਲ ਨੂੰ ਇੱਕ ਪੇਂਡੂ ਜਥੇਦਾਰ ਆਖਣ ਲੱਗਿਆ, ਮੋਰਚਾ ਕਦੋਂ ਲਾਉਣਾ ਜੀ?

ਬਾਦਲ ਨੇ ਜੁਆਬ ਦਿੱਤਾ, ਹਾਲੇ ਤਾਂ ਆਪਣੀ ਸਰਕਾਰ ਐ, ਜਦੋਂ ਟਾਈਮ ਆਇਆ, ਉਦੋਂ ਦੱਸਾਂਗੇ। ਲੱਗਦੇ ਹੱਥ ਚਾਚਾ ਚੰਡੀਗੜ੍ਹੀਏ ਦਾ ਲਤੀਫ਼ਾ ਵੀ ਸੁਣ ਲਓ। ਦੋ ਔਰਤਾਂ ਲੜ ਪਈਆਂ, ਇੱਕ ਔਰਤ ਦੂਜੀ ਨੂੰ ਕਹਿੰਦੀ , 'ਰੱਬ ਕਰੇ ਤੂੰ ਵਿਧਵਾ ਹੋ'ਜੇ', ਦੂਜੀ ਮੋੜਵੇਂ ਜੁਆਬ 'ਚ ਬੋਲੀ, 'ਮੈਂ ਤਾਂ ਕਹਿਣੀ ਆ ਕਿ ਤੇਰਾ ਘਰਆਲਾ ਅਕਾਲੀ ਹੋ'ਜੇ।' ਉਨ੍ਹਾਂ ਦਿਨਾਂ 'ਚ ਅਕਾਲੀ ਜ਼ਿਆਦਾ ਸਮਾਂ ਜੇਲ੍ਹਾਂ 'ਚ ਗੁਜ਼ਾਰਦੇ ਸਨ। ਗੱਲ ਹੋਰ ਪਾਸੇ ਹੀ ਤਿਲਕ ਗਈ, ਗੱਲ ਚੱਲੀ ਭਾਈਆ ਜੀ 'ਤੋਂ ਸੀ। ਹੁਣ ਚੀਮਾ ਐਂਡ ਕੰਪਨੀ ਮਜੀਠੀਆ ਨੂੰ ਮਨਾਉਂਦੀ ਫਿਰਦੀ ਹੈ। ਸੁਖਬੀਰ ਹਮਾਇਤੀ ਆਖਦੇ ਨੇ ਕਿ ਭਰਾਵੋ ! ਕੇਂਦਰ ਦੀ ਚਾਲ ਸਮਝੋ ਜੋ ਚੂਲਾਂ ਹਿਲਾਉਣ ਨੂੰ ਫਿਰਦੈ।

ਹੰਸ ਰਾਜ ਹੰਸ ਮਸ਼ਵਰਾ ਦੇ ਰਿਹੈ, 'ਆਪਾਂ ਦੋਵੇਂ ਰੁੱਸ ਬੈਠੇ ਤਾਂ ਮਨਾਊ ਕੌਣ ਵੇ।' ਅਸਲ 'ਚ ਰੱਬ ਪੰਥ ਦੀ ਸੇਵਾ ਸੁਖਬੀਰ ਹੱਥੋਂ ਕਰਾਉਣਾ ਚਾਹੁੰਦਾ ਹੈ। ਉਹ ਭਲਾ ਲੋਕ ਮਹਾਂ ਤਪੱਸਵੀ ਐ, ਕਿੰਨੇ ਤਪ ਕੀਤੇ ਨੇ, ਛੇਤੀ ਡੋਲਣ ਵਾਲਾ ਨਹੀਂ। ਲੋਕ ਚਾਹੇ ਲੱਖ ਨਘੋਚਾਂ ਕੱਢਣ ਕਿ ਭੱਦਰ ਪੁਰਸ਼ ਨੇ ਪੰਥ ਤਾਂ ਨਿਹੰਗਾਂ ਦੇ ਡੋਲੂ ਵਾਂਗੂ ਮਾਂਜ ਧਰਿਐ। ਆਖ਼ਰੀ ਗੱਲ ਆਖ ਕੇ ਖ਼ਿਮਾ ਚਾਹਾਂਗੇ। 1998 'ਚ ਪੰਚਾਇਤ ਚੋਣਾਂ ਸਨ, ਸੁਖਬੀਰ ਦੇ ਦੋਵੇਂ ਮਾਮੇ ਆਪਣੇ 'ਭਾਈਆ ਜੀ' ਦੀ ਕਚਹਿਰੀ ਪੇਸ਼ ਹੋਏ, ਆਖਣ ਲੱਗੇ, 'ਅਸਾਂ ਤਾਂ ਸਰਪੰਚ ਬਣਨੈ।' ਪਿੰਡ ਇੱਕ, ਮਾਮੇ ਦੋ। ਮਾਮਿਆਂ ਖ਼ਾਤਰ ਚੱਕ ਫ਼ਤਿਹ ਸਿੰਘ ਵਾਲਾ ਨੂੰ ਦੋ ਟੋਟਿਆਂ 'ਚ ਵੰਡ'ਤਾ ਸੀ। ਦੇਖਦੇ ਹਾਂ ਕਿ ਹੁਣ ਪੰਥ ਦਾ ਕੀ ਬਣਦੈ।

-ਚਰਨਜੀਤ ਭੁੱਲਰ

# ਗੁਸਤਾਖ਼ ਹਵਾ: ਸੁਰਤਿ ਤੇ ਸ਼ਬਦ ਦਾ ਆਤਮ ਸੰਵਾਦ

ਕੈਨੇਡਾ ਵੱਸਦੀ ਲੇਖਿਕਾ ਸੁਰਿੰਦਰ ਗੀਤ ਪਿਛਲੇ ਪੰਜ ਦਹਾਕਿਆਂ ਤੋਂ ਉਥੋਂ ਦੇ ਸ਼ਹਿਰ ਕੈਲਗਰੀ ਵਿਚ ਵਿਚਰ ਰਹੀ ਹੈ। ਉਸ ਦਾ ਪਹਿਲਾ ਕਾਵਿ-ਸੰਗ੍ਰਹਿ 'ਤੁਰੀ ਸਾਂ ਮੈਂ ਉਥੋਂ' 1996 ਵਿਚ ਆਇਆ। ਇਸ ਤੋਂ ਮਗਰੋਂ ਉਨ੍ਹਾਂ ਦੀ ਕਲਮ ਪੜਾਅ-ਦਰ-ਪੜਾਅ ਮੁਕਾਮ ਹਾਸਲ ਕਰਦੀ ਅਨੇਕ ਰਚਨਾਵਾਂ ਦੀ ਸਿਰਜਣਾ ਕਰਦੀ ਕਲਮੀ ਸਫ਼ਰ ਦੇ ਸਿਲਸਿਲੇ ਨੂੰ ਜਾਰੀ ਰੱਖਦੀ ਹੈ। ਮੋਗਾ (ਪੰਜਾਬ) ਤੋਂ ਕੈਲਗਰੀ (ਕੈਨੇਡਾ) ਤਕ ਉਸ ਦਾ ਜੀਵਨ ਸਫ਼ਰ ਵੰਨ-ਸੁਵੰਨੇ ਰੰਗਾਂ ਨੂੰ ਹੰਢਾਉਂਦਾ, ਗਿਆਨ-ਵਿਗਿਆਨ ਤੇ ਸੰਵੇਦਨਾ ਦਾ ਅਜਿਹਾ ਦ੍ਰਿਸ਼ ਸਿਰਜਦਾ ਹੈ, ਜਿਥੇ ਦੋਹਾਂ ਧਰਾਤਲਾਂ ਦਾ ਆਪਸੀ ਟਕਰਾਅ ਦੇਖਣ ਨੂੰ ਨਹੀਂ ਮਿਲਦਾ ਸਗੋਂ ਦੋਵੇਂ ਆਪੋ-ਆਪਣੀ ਥਾਵੇਂ ਇਕ ਦੂਜੇ ਨੂੰ ਪੁਖਤਾ ਧਰਾਤਲ ਪ੍ਰਦਾਨ ਕਰਦੇ ਹਨ। ਸ਼ਾਇਰਾ ਆਪਣੇ ਜੀਵਨ ਤਜਰਬਿਆਂ, ਅਨੁਭਵਾਂ ਤੇ ਅਹਿਸਾਸਾਂ ਨੂੰ ਤਰਕ ਸਹਿਤ ਸਹਿਜ ਭਾਵ ਨਾਲ ਸਰਲ



**ਪ੍ਰੋ. ਜਸਪਾਲ ਕੌਰ**

ਸਾਦਾ ਸ਼ਬਦਾਵਲੀ ਰਾਹੀਂ ਸ਼ਾਬਦਿਕ ਕਾਵਿ-ਚਿੱਤਰ ਸਿਰਜਦੀ ਹੈ। ਇਹ ਸਾਹਿਤ ਰੂਪ ਤੀਕ ਪਹੁੰਚਣ ਲਈ ਸੁਰਤਿ ਤੇ ਸ਼ਬਦ ਦੇ ਆਤਮ-ਸੰਵਾਦ ਤੋਂ ਮੰਥਨ ਤੱਕ ਦਾ ਸਫ਼ਰ ਤੈਅ ਕਰਦੇ ਹਨ। ਨਿੱਕੇ-ਨੰਨ੍ਹੇ ਜੀਵਨ ਪਲਾਂ/ ਅਹਿਸਾਸਾਂ ਨੂੰ ਫੜਦੀ ਰਚਨਾਕਾਰ ਸ਼ਬਦਾਂ ਦਾ ਜਾਮਾ ਪਹਿਨਾ ਨਵਾਂ-ਨਕੋਰ ਰੂਪ ਦੇਣ ਦਾ ਅਣਥੱਕ ਯਤਨ ਕਰਦੀ ਆਪਣਾ ਸਾਹਿਤਕ ਸਫ਼ਰ ਤੈਅ ਕਰਦੀ ਹੈ।

1996 ਤੋਂ ਲੈ ਕੇ ਹੁਣ ਤੀਕ ਲੇਖਿਕਾ ਦੀ ਕਲਮ ਕੋਮਲ ਜਜ਼ਬਾਤਾਂ ਨੂੰ ਬੜੀ ਸ਼ਿੱਦਤ ਅਤੇ ਸੰਜੀਦਗੀ ਨਾਲ ਬਿਆਨ ਕਰਦੀ ਸ਼ਬਦਾਂ ਦਾ ਸਿਲਸਿਲਾ ਤੋਰਦੀ 'ਸੁਣ ਨੀਂ ਜਿੰਦੇ' (1999)', 'ਚੰਦ ਸਿਤਾਰੇ ਮੇਰੇ ਵੀ ਨੇ (2005)', 'ਮੋਹ ਦੀਆਂ ਛੱਲਾਂ' (2011),'ਕਾਨੇ ਦੀਆਂ ਕਲਮਾਂ (2014)', 'ਰੁੱਖ ਤੇ ਪੰਛੀ (2017)', 'ਸ਼ਬਦ ਸੁਨੱਖੇ (2019)' ਅਤੇ 'ਗੁਸਤਾਖ ਹਵਾ (2020)' ਆਦਿ ਕਾਵਿ-ਪੁਸਤਕਾਂ ਦੀ ਸਿਰਜਣਾ ਕਰਦੀ ਹੈ। ਕਵਿਤਾ ਦੇ ਨਾਲ-ਨਾਲ ਉਹ ਵਾਰਤਕ ਰਚਨਾ 'ਧੀ ਦਾ ਕਰਜ਼' (2019) ਅਤੇ ਕਹਾਣੀ ਸੰਗ੍ਰਹਿ 'ਤੋਹਫ਼ਾ' (2023) ਦੀ ਸਿਰਜਣਾ ਵੀ ਕਰਦੀ ਹੈ। ਉਸਦੇ ਕਹਾਣੀ-ਸੰਗ੍ਰਹਿ 'ਤੋਹਫ਼ਾ' ਦਾ ਅੰਗਰੇਜ਼ੀ ਅਨੁਵਾਦ 'ਠਹਏ ਘਟਿ ਅਨਦੋ ਟਹਏਰ ਸਟੋਰਇਸ' (2024) ਸਿਰਲੇਖ ਅਧੀਨ ਕੀਤਾ ਗਿਆ ਹੈ। ਇੰਝ ਉਹ ਜਿਥੇ ਪੰਜਾਬੀ ਸਾਹਿਤ ਖੇਤਰ ਵਿਚ ਆਪਣਾ ਘੇਰਾ ਵਸੀਹ ਕਰਦੀ ਹੈ ਉਥੇ ਅੰਗਰੇਜ਼ੀ ਭਾਸ਼ਾ ਦੇ ਸਾਹਿਤ ਪ੍ਰੇਮੀਆਂ ਲਈ ਉਨ੍ਹਾਂ ਦੀ ਇਹ ਅਨੁਵਾਦਿਤ ਕਹਾਣੀਆਂ ਦੀ ਕਿਤਾਬ ਬਹੁ-ਭਾਸ਼ਾਈ ਪੱਧਰ 'ਤੇ ਸੰਵਾਦ ਰਚਾ ਕੇ ਉਨ੍ਹਾਂ ਦੇ ਪਾਠਕਾਂ ਦਾ ਘੇਰਾ ਹੀ ਹੋਰ ਵਸੀਹ ਨਹੀਂ ਕਰਦੀ ਸਗੋਂ ਅੰਤਰ-ਅਨੁਸ਼ਾਸਨੀ ਚਿੰਤਨ-ਮਨਨ ਦਾ ਸਬੱਬ ਵੀ ਬਣਦੀ ਹੈ। ਇੰਝ ਸੁਰਿੰਦਰ ਗੀਤ ਦੀ ਪੰਜਾਬੀ ਸਾਹਿਤ ਨੂੰ ਦੇਣ ਇੱਕ ਸੁਹਿਰਦ ਲੇਖਕ ਵਜੋਂ ਉਨ੍ਹਾਂ ਦੀ ਵਿਲੱਖਣ ਪਛਾਣ ਨੂੰ ਦ੍ਰਿੜ੍ਹ ਕਰਦੀ ਹੈ।

ਕਾਵਿ-ਪੁਸਤਕ 'ਗੁਸਤਾਖ ਹਵਾ' ਸ਼ਾਇਰਾ ਦੀ ਸੱਜਰੀ ਅੱਠਵੀਂ ਰਚਨਾ ਹੈ। ਪਹਿਲੀਆਂ ਸੱਤ ਕਾਵਿ-ਪੁਸਤਕਾਂ ਦੀ ਗਤੀਸ਼ੀਲਤਾ ਵਿਚ ਇਸ ਨੂੰ ਦੇਖਣਾ ਵਧੇਰੇ ਤਰਕਸੰਗਤ ਹੋਵੇਗਾ ਕਿਉਂ ਜੋ ਹਵਾ ਦੇ ਗੁਸਤਾਖ ਹੋਣ ਦਾ ਸਫ਼ਰ ਇਸ ਕਾਵਿ-ਸਫ਼ਰ ਦੇ ਸਮਾਨੰਤਰ ਤੁਰਦਾ ਹੈ। ਹਵਾ ਜਿਹੜੀ ਕਿ ਸਾਡੀ ਜ਼ਿੰਦਗੀ ਦਾ ਅਹਿਮ ਹਿੱਸਾ ਹੈ ਜਿਸ ਨੂੰ ਗੁਰੂ ਨਾਨਕ ਸਾਹਿਬ ਨੇ 'ਪਵਨ ਗੁਰੂ' ਕਿਹਾ ਉਹ ਅੱਜ ਇੱਕੀਵੀਂ ਸਦੀ ਵਿਚ 'ਗੁਸਤਾਖ' ਕਿਵੇਂ ਹੋ ਗਈ? ਆਪਣੇ ਆਪ ਵਿਚ ਬਹੁਤ ਹੀ ਮਹੱਤਵਪੂਰਨ ਤੇ ਧਿਆਨਯੋਗ ਗੱਲ ਹੈ। ਸ਼ਾਇਰਾ ਦਾ ਗੁੱਝਾ ਕਟਾਕਸ਼ ਇੱਥੇ ਪਾਠਕਾਂ ਦਾ ਧਿਆਨ ਖਿੱਚਦਾ ਹੈ ਕਿ ਸਾਡੇ ਚੌਗਿਰਦੇ ਵਿਚ ਐਸਾ ਕੀ-ਕੀ ਵਾਪਰ ਗਿਆ ਜੋ ਰਾਜਨੀਤਕ, ਸਮਾਜਕ, ਸਭਿਆਚਾਰਕ, ਆਰਥਿਕ ਅਤੇ ਧਾਰਮਿਕ ਪੱਖੋਂ ਗੁਸਤਾਖ ਸਥਿਤੀਆਂ ਨੇ ਘਰ ਕਰ ਲਿਆ ਹੈ। ਸ਼ਾਇਰਾ ਦੀ ਸਿੱਖ ਧਾਰਮਿਕ ਆਸਥਾ ਬੜੀ ਸ਼ਿੱਦਤ ਨਾਲ ਕਾਵਿ-ਰਚਨਾਵਾਂ ਦੇ ਆਰ-ਪਾਰ ਫੈਲਦੀ ਪਿੱਠਭੂਮੀ ਵਿਚ ਪ੍ਰਕਾਸ਼ਸ਼ੀਲ ਰਹਿੰਦੀ ਹੈ। ਉਸ ਦੀ ਇਹ ਸੋਚ ਮਾਨਵੀ ਸਰੋਕਾਰਾਂ ਨੂੰ ਹੀ ਨਹੀਂ ਪੇਸ਼ ਕਰਦੀ ਸਗੋਂ ਮਨੁੱਖਤਾ ਉਪਰ ਪਹਿਰਾ ਵੀ ਦਿੰਦੀ ਹੈ। ਅਜੋਕੀ ਲੁੱਟ-ਖਸੁੱਟ, ਅਮਾਨਵੀ ਵਿਹਾਰ, ਅਨੈਤਿਕਤਾ, ਬੇਈਮਾਨੀ ਅਤੇ ਆਤੰਕੀ ਮਾਹੌਲ ਨੂੰ ਉਹ ਕਟਾਕਸ਼ੀ ਸੁਰ ਵਿਚ ਮੁਖ਼ਾਤਿਬ ਹੁੰਦੀ ਬੇਬਾਕੀ ਨਾਲ ਮਨੁੱਖਤਾ ਦੇ ਹਿਤ ਵਿਚ ਆਪਣੀ ਆਵਾਜ਼ ਬੁਲੰਦ ਕਰਦੀ ਕਵਿਤਾ ਨੂੰ ਇਸ ਦਾ ਮਾਧਿਅਮ ਬਣਾਉਂਦੀ ਹੈ। ਇੰਝ ਉਸ ਦੀ ਸੁਰਤਿ ਸ਼ਬਦਾਂ ਰਾਹੀਂ ਅਜਿਹੀ ਕ੍ਰਾਂਤੀ ਸਿਰਜਦੀ ਹੈ ਜਿਹੜੀ ਦਮਿਤ ਵਿਅਕਤੀ ਦੇ ਹੱਕ ਵਿਚ ਖੜਦੀ ਹੈ:

"ਕਵਿਤਾ ਤੂੰ ਆ
ਪਰ ਇਸ ਤਰ੍ਹਾਂ ਆ
ਕਿ ਤੇਰੇ ਆਉਣ 'ਤੇ
ਠੰਡੇ ਚੁਲਿਆਂ 'ਚ ਅੱਗ ਬਲ ਪਵੇ
ਭੁੱਖ ਦੀ ਅੱਗ ਨੂੰ ਠੁੱਲ੍ਹ ਪਵੇ
ਫੁੱਟ - ਪਾਥਾਂ 'ਤੇ ਸੁੱਤਿਆਂ ਨੂੰ
ਘਰ ਮਿਲ ਜਾਵੇ
ਚੋਂਦੀਆਂ ਝੁੱਗੀਆਂ 'ਤੇ ਛੱਤ ਪਵੇ"

ਇੰਝ ਸ਼ਾਇਰਾ ਦੀ ਸੰਵੇਦਨਸ਼ੀਲਤਾ ਕਵਿਤਾ ਨੂੰ ਮੁਖ਼ਾਤਬ ਹੁੰਦੀ ਮਨੁੱਖਤਾ ਦੀ ਬਾਤ ਪਾਉਂਦੀ ਹੈ। ਦਮਿਤ ਵਰਗ ਦੇ ਹੱਕ ਦੀ ਗੱਲ ਕਰਦੀ ਉਨ੍ਹਾਂ ਦੀਆਂ ਮੂਲ ਲੋੜਾਂ ਤੋਂ ਵਿਰਵੀ ਜ਼ਿੰਦਗੀ ਨੂੰ ਪਾਠਕਾਂ ਦੀ ਨਜ਼ਰ ਕਰਦੀ ਹੈ। ਇੱਥੇ ਸ਼ਾਇਰਾ ਦੀ ਚੇਤਨਾ ਦੋਹਰੇ ਪ੍ਰਕਾਰਜ ਨਾਲ ਜੁੜੀ ਹੈ, ਇੱਕ ਬੰਨ੍ਹੇ ਉਹ ਲੋੜਵੰਦਾਂ ਦੀਆਂ ਥੁੜ੍ਹਾਂ ਨੂੰ ਕੇਂਦਰ ਵਿਚ ਰੱਖਦੀ ਹੈ ਤੇ ਦੂਜੇ ਬੰਨ੍ਹੇ ਕਵਿਤਾ ਨੂੰ ਅਰਜ਼ ਕਰ ਰਹੀ ਹੈ, ਭਾਵ ਸ਼ਬਦਾਂ ਤੋਂ ਆਸ ਕਰਦੀ ਹੈ ਕਿ ਉਹ ਨਿਥਾਂਵਿਆਂ ਲਈ ਥਾਂ ਬਣ ਕੇ ਬਹੁੜਨ। ਕਲਮਕਾਰ ਦੀ ਕਲਮ ਸਮਾਜਿਕ ਕ੍ਰਾਂਤੀ ਨੂੰ ਸਿਰਜਦੀ ਅਜਿਹੇ ਬਦਲਾਅ ਦੀ ਸੋਚ ਰੱਖਦੀ ਹੈ ਜਿਥੇ ਠੰਡੇ ਪਏ ਚੁੱਲ੍ਹੇ ਵਿਚ ਅੱਗ ਬਲੇ, ਭਾਵ ਹਰ ਗ਼ਰੀਬ ਨੂੰ ਰੋਟੀ ਨਸੀਬ ਹੋਵੇ। ਇੰਝ ਸ਼ਾਇਰਾ ਦੀ ਸੁਰਤਿ ਸ਼ਬਦਾਂ ਰਾਹੀਂ ਕ੍ਰਾਂਤੀ ਦਾ ਅਜਿਹਾ ਦ੍ਰਿਸ਼ ਸਾਕਾਰ ਕਰਦੀ ਹੈ ਜਿਹੜਾ ਗੁੱਝਾ ਵਿਅੰਗ ਬਣ ਇਹ ਸੁਆਲ ਖੜ੍ਹਾ ਕਰਦਾ ਹੈ ਕਿ ਚੁੱਲ੍ਹੇ ਕਦੋਂ ਤੱਕ ਠੰਡੇ ਰਹਿਣਗੇ? ਫੁੱਟਪਾਥਾਂ 'ਤੇ ਲੋਕ ਕਦੋਂ ਤਕ ਸੌਂਦੇ ਰਹਿਣਗੇ? ਜਾਂ ਚੋਂਦੀਆਂ ਛੱਤਾਂ ਕਦੋਂ ਤਕ ਰਹਿਣਗੀਆਂ? ਉਹ ਕਵੀ ਅੱਗੇ ਵੀ ਪ੍ਰਸ਼ਨ ਰੱਖਦੀ ਹੈ ਕਿ ਤੇਰੀ ਕਲਮ ਸਿਰਫ਼ ਤੇਰੀ ਹੈ, ਇਸ ਉਤੇ ਕਿਸੇ ਦਾ ਅਧਿਕਾਰ ਜਾਂ ਦਬਦਬਾ ਨਹੀਂ ਹੋਣਾ ਚਾਹੀਦਾ, ਭਾਵ ਲੇਖਕ/ ਕਵੀ ਸੁਤੰਤਰ ਰਹਿ ਕੇ ਸੱਚ ਨੂੰ ਬਿਆਨ ਕਰਨ ਦੀ ਜੁਰਅਤ ਰੱਖਣ ਵਾਲਾ ਹੋਣਾ ਚਾਹੀਦਾ ਹੈ, ਕਲਮ ਅੰਦਰ ਟੱਕਰ ਲੈਣ ਦੀ ਤਾਕਤ ਹੈ ਤੇ ਇਹ ਤਾਕਤ ਹੀ ਕ੍ਰਾਂਤੀ ਦਾ ਸੂਚਕ ਹੈ। ਅਜੋਕੇ ਮਨੁੱਖ ਦੇ ਬੌਣੇਪਨ ਦੀ ਗੱਲ ਕਰਦੀ ਉਹ ਧਰਤੀ ਉਪਰ ਅੱਗ ਦੇ ਖਿਡੌਣਿਆਂ ਦੀ ਗੱਲ ਕਰਦੀ ਕਹਿੰਦੀ ਹੈ ਕਿ ਕਵਿਤਾ ਮੈਨੂੰ ਝੰਜੋੜਦੀ ਹੈ ਤੇ ਅੱਥਰੂ ਬਣ ਕੋਰੇ ਪੰਨਿਆਂ ਉਪਰ ਫੈਲਦੀ ਜਾਂਦੀ ਹੈ। ਕੁਦਰਤ ਤੋਂ ਪਾਰ ਜਾਣ ਦੀ ਮਨੁੱਖ ਦੀ ਤਾਂਘ ਜਦੋਂ ਕੁਦਰਤੀ ਮਹਾਂਮਾਰੀ ਵਜੋਂ ਆਫ਼ਤ ਬਣ, ਚਾਰੇ ਪਾਸੇ ਪੈਰ ਪਸਾਰਦੀ ਹੈ ਤਾਂ ਵੱਡੇ-ਵੱਡੇ ਸਿਰਾਂ ਵਾਲਿਆਂ ਦਾ ਅਸਲ ਬੌਣੇਪਨ ਵਿਚ ਵੱਟਦਾ ਵੀ ਸਹਿਜ ਹੀ ਸਪਸ਼ਟ ਹੁੰਦਾ ਹੈ। ਸ਼ਾਇਰਾ ਕਵਿਤਾ ਤੇ ਕਵੀ ਦੋਹਾਂ ਨੂੰ ਬੜੀ ਸੰਜੀਦਗੀ ਨਾਲ ਮੁਖ਼ਾਤਿਬ ਹੁੰਦੀ, ਦੋਹਾਂ ਤੋਂ ਆਸ ਰੱਖਦੀ ਕਿ ਦੋਵੇਂ ਨਿਰਪੱਖ, ਜਾਗਦੀ ਜ਼ਮੀਰ ਵਾਲੇ, ਸੱਚ ਨੂੰ ਬਿਆਨ ਕਰਨ ਵਾਲੇ ਹੋਣੇ ਚਾਹੀਦੇ ਹਨ ਤਾਂ ਜੋ ਮਨੁੱਖਤਾ ਦੀ ਸੇਵਾ ਇਨ੍ਹਾਂ ਦਾ ਮੂਲ ਮਕਸਦ ਹੋ ਨਿਬੜੇ ਅਤੇ ਹਰ ਰਾਹ ਰੋਸ਼ਨ ਨਜ਼ਰ ਆਵੇ। ਨਾ ਕਿ ਕਵਿਤਾ ਤੇ ਕਵੀ ਕੰਡੇ ਬਿਖੇਰਨ ਵਾਲੇ ਹੋਣ ਜਿਨ੍ਹਾਂ ਨੂੰ ਆਉਣ ਵਾਲੀਆਂ ਪੀੜ੍ਹੀਆਂ ਚੁਗਦੀਆਂ ਰਹਿਣ, ਨਤੀਜਨ ਦੋ ਧਿਰਾਂ ਦੀ ਪਾੜ ਘਟਣ ਦੀ ਥਾਂ ਵਧਦੀ ਹੀ ਜਾਂਦੀ ਹੈ। ਇੰਝ ਆਤਮ ਚਿੰਤਨ ਤੋਂ ਮੰਥਨ ਤੀਕ ਦੀ ਇਹ ਸਥਿਤੀ ਸਰਲ ਸਾਦਾ ਸ਼ਬਦਾਵਲੀ ਰਾਹੀਂ ਗਹਿਰ ਗੰਭੀਰ ਨੁਕਤਿਆਂ ਸੰਗ, ਮਾਨਵਤਾ ਦਾ ਪੱਖ ਉਭਾਰਦੀ ਹੈ:

"ਪਰ
ਉਹ ਨਹੀਂ ਜਾਣਦੇ
ਕਿ ਸਾਡੀ ਕਵਿਤਾ ਵਿਚ
ਉਸ ਜ਼ਫ਼ਰਨਾਮੇ ਦੀ ਤਾਸੀਰ ਹੈ
ਜਿਸਨੂੰ ਪੜ੍ਹ ਕੇ
ਔਰੰਗਜ਼ੇਬ ਦੇ
ਦਿਲ ਦੀ ਧੜਕਣ
ਰੁਕ ਜਾਂਦੀ ਹੈ।" (ਪੰਨਾ- 63)

"ਕਵਿਤਾ ਮੁਸਕਰਾਈ
ਗੁਸਤਾਖ ਹਵਾ ਦੀਆਂ
ਅੱਖਾਂ ਵਿਚ ਅੱਖਾਂ ਪਾ ਕੇ ਬੋਲੀ
ਮੈਂ ਕਵੀ ਦੀ ਕਲਮ ਦੀ
ਤਿੱਖੀ ਨੋਕ 'ਚੋਂ ਜਨਮੀ
ਕਵਿਤਾ ਹਾਂ।" (ਪੰਨਾ 76)

ਸੁਰਿੰਦਰ ਗੀਤ ਆਪਣੀ ਰੋਸ਼ਨ ਚੇਤਨਾ ਨੂੰ ਜ਼ਫਰਨਾਮੇ ਦੀ ਪੁਖ਼ਤਾ ਧਰਾਤਲ 'ਚੋਂ ਤਰਾਸ਼ਦੀ ਹੈ ਜਿਥੇ ਔਰੰਗਜ਼ੇਬ ਵਰਗੇ ਹੁਕਮਰਾਨ ਦਾ ਫੁਰਮਾਨ ਵੀ ਕਵਿਤਾ ਭਾਵ ਸ਼ਬਦ ਦੀ ਤਾਕਤ ਨੂੰ ਕਮਜ਼ੋਰ ਨਹੀਂ ਕਰ ਪਾਉਂਦਾ। ਸੱਤਾਧਾਰੀ ਦੀ ਦਮਨਕਾਰੀ ਤੇ ਕੂਟਨੀਤਕ ਰਣਨੀਤੀ ਵੀ ਸ਼ਬਦ ਦੀ ਸਮਰੱਥਾ ਮੂਹਰੇ ਮੱਧਮ ਪੈ ਜਾਂਦੀ ਹੈ ਭਾਵ ਕਿਸੇ ਵੀ ਸ਼ਾਇਰ ਨੂੰ ਕੋਈ ਵੀ ਔਰੰਗਜ਼ੇਬੀ ਫੁਰਮਾਨ ਤਦ ਤਕ ਦਬਾਅ ਨਹੀਂ ਲਾ ਸਕਦਾ ਜਦੋਂ ਤੱਕ ਸ਼ਾਇਰ ਖੁਦ ਗੁਸਤਾਖ ਹਵਾ ਦੀ ਰੌਅ ਵਿਚ ਨਹੀਂ ਵਹਿੰਦਾ। ਸ਼ਾਇਰ ਭਾਵ ਸ਼ਬਦ ਆਪਣੇ ਆਪ ਵਿਚ ਤਾਕਤ ਹਨ ਜਿਹੜੇ ਹਵਾ ਦਾ ਰੁਖ਼ ਬਦਲ ਦਿੰਦੇ ਹਨ। ਇੱਥੇ ਉਹ ਜ਼ਫ਼ਰਨਾਮੇ ਦੇ ਮੈਟਾਫਰ/ਚਿਹਨ ਰਾਹੀਂ ਪੰਜ ਸਦੀਆਂ ਦੇ ਇਤਿਹਾਸ ਨੂੰ ਕਲੇਵਰ ਵਿਚ ਲੈਂਦੀ ਜਬਰ ਤੇ ਜ਼ੁਲਮ ਨੂੰ ਦੁਹਰਾਉਣ ਦੀ ਗੱਲ ਨਹੀਂ ਕਰਦੀ ਸਗੋਂ, ਸ਼ਾਇਰ, ਕਲਮ ਅਤੇ ਕਵਿਤਾ ਸੰਗ ਸਮਾਜਕ ਕ੍ਰਾਂਤੀ ਨੂੰ ਕੇਂਦਰ ਵਿਚ ਰੱਖਦੀ ਸਮਾਜਕ, ਸਭਿਆਚਾਰਕ, ਰਾਜਨੀਤਕ ਅਤੇ ਧਾਰਮਕ ਸਰੰਚਨਾਵਾਂ ਨੂੰ ਵਿਕੇਂਦ੍ਰਿਤ ਕਰਦੀ ਹੈ। ਕਵਿਤਾ ਰਾਹੀਂ ਉਹ ਇਤਿਹਾਸਕ ਸੱਚ ਦੇ ਬਿੰਬ ਰਾਹੀਂ ਵਰਤਮਾਨ ਤੋਂ ਭਵਿੱਖ ਵੱਲ ਸਫ਼ਰ ਕਰਦੀ ਅਨੈਤਿਕਤਾ ਅਤੇ ਅਮਾਨਵੀ ਵਿਹਾਰਾਂ ਵਾਲੀ ਸੋਚ ਨੂੰ ਵਿਰਚਿਤ ਕਰਦੀ ਸ਼ਾਇਰ ਅਤੇ ਸ਼ਬਦ ਦੀ ਤਾਕਤ ਦੇ ਨੁਕਤੇ ਨੂੰ ਦ੍ਰਿੜ੍ਹ ਕਰਦੀ ਹੈ। ਕਵਿਤਾ ਦਮਨਕਾਰੀ ਸੋਚ ਨੂੰ ਪ੍ਰਤੀਉੱਤਰ ਵਜੋਂ ਟੱਕਰਦੀ ਹੈ, ਪਰ ਜੇਕਰ ਸ਼ਾਇਰ ਦੀ ਜ਼ਮੀਰ ਬਰਕਰਾਰ ਰਹੇ ਇਹ ਤਾਂ ਹੀ ਸੰਭਵ ਹੈ। ਫਿਰ ਇਹ ਪ੍ਰਤੀਉੱਤਰ ਹਾਕਮ ਨੂੰ ਅਮਾਨਵੀ ਵਿਹਾਰ ਵਾਲੀਆਂ ਕਦਰਾਂ- ਕੀਮਤਾਂ ਤੋਂ ਪਰਾਹਣ ਕਰਨ ਦਾ ਸੰਕੇਤ ਬਣਦਾ ਹੈ। ਇੰਝ ਸ਼ਬਦ ਦੀ ਤਾਕਤ ਨੂੰ ਉਹ ਹੀ ਲਿਖਾਰੀ ਸਿਆਣ ਸਕਦਾ ਹੈ ਜਿਸ ਦੀ ਸੋਚ/ਮਾਨਸਿਕਤਾ ਹੁਕਮਰਾਨ ਦੇ ਦਬਦਬੇ ਤੋਂ ਮੁਕਤ ਹੋ, ਮੋਕਲੀ ਉਡਾਰੀ ਭਰਨ ਦੀ ਤਾਂਘ ਰੱਖਦੀ ਹੈ।



ਲੇਖਿਕਾ ਸੁਰਿੰਦਰ ਗੀਤ ਅਤੇ ਉਸ ਦੀ ਕਿਤਾਬ 'ਗੁਸਤਾਖ਼ ਹਵਾ' ਦਾ ਸਰਵਰਕ।

ਪਰਵਾਸ ਬਾਰੇ ਗੱਲ ਕਰਦਿਆਂ ਸੁਰਿੰਦਰ ਗੀਤ ਪਰਵਾਸੀ ਮਨੁੱਖ ਦੀ ਸਥਿਤੀ ਨੂੰ ਕੇਂਦਰ ਵਿਚ ਰੱਖਦੀ ਹੈ, ਫਿਰ ਉਹ ਪਰਵਾਸ, ਭਾਵੇਂ ਮੁਲਕ ਅੰਦਰਲਾ ਹੋਵੇ ਜਾਂ ਮੁਲਕ ਤੋਂ ਬਾਹਰ ਭਾਵ ਵਿਦੇਸ਼ ਦਾ ਪਰਵਾਸੀ ਜੀਵਨ ਹੋਵੇ, ਦੋਹਾਂ ਸਥਿਤੀਆਂ ਵਿਚ ਮਨੁੱਖ ਨੂੰ ਬੇਘਰੇ ਹੋਣ ਦਾ ਅਹਿਸਾਸ ਬੜੀ ਸ਼ਿੱਦਤ ਨਾਲ ਮਹਿਸੂਸ ਹੁੰਦਾ ਹੈ। ਜੜ੍ਹਾਂ ਤੋਂ ਵਿਰਵੇ ਹੋਣ ਦੀ ਇਹ ਸਥਿਤੀ ਦੋਹਾਂ ਤਰ੍ਹਾਂ ਦੇ ਪਰਵਾਸ ਸਮੇਂ ਵੱਖਰੇ-ਵੱਖਰੇ ਅਨੁਭਵ, ਅਹਿਸਾਸ ਅਤੇ ਪੀੜਾ ਨੂੰ ਸਿਰਜਦੀ ਹੈ। ਆਪਣੇ ਹੀ ਮੁਲਕ ਵਿਚਲਾ ਪਰਵਾਸੀ ਮਜ਼ਦੂਰ ਆਪਣਿਆਂ ਦੇ ਹੱਥੋਂ ਹੀ ਦਮਿਤ ਹੁੰਦਾ ਅਮਾਨਵੀ ਵਿਹਾਰ ਦਾ ਸ਼ਿਕਾਰ ਹੁੰਦਾ ਹੈ। ਪਰਾਏ ਮੁਲਕਾਂ ਵਿਚ ਵਿਚਰਦਾ ਪਰਵਾਸੀ ਮਨੁੱਖ ਸਭਿਆਚਾਰਕ ਤਣਾਅ ਨੂੰ ਭੋਗਦਾ ਆਪਣੀ ਸਪੇਸ ਦੀ ਤਲਾਸ਼ ਵਿਚ ਭਟਕਦਾ ਹੈ ਪਰ ਮੁੜ ਪਰਤਣ ਤੀਕ ਉਹ ਅਨੇਕ ਵਾਰ ਉਦਰੇਵੇਂ ਦਾ ਸ਼ਿਕਾਰ ਹੁੰਦਾ ਹੈ, ਅਕਸਰ ਹੀ ਜਦੋਂ ਕਦੇ ਉਹ ਜੜ੍ਹਾਂ ਵਲ ਫੇਰਾ ਪਾਉਂਦਾ ਹੈ ਤਾਂ ਪਿੱਛੇ ਰਹਿ ਗਏ ਖ਼ਾਲੀ ਮਕਾਨ ਦੀਆਂ ਕੰਧਾਂ, ਵਿਹੜੇ ਵਿਚ ਚੜ੍ਹ ਆਏ ਘਾਹ ਦਾ ਦ੍ਰਿਸ਼ ਦੇਖ ਗ਼ਮਗੀਨ ਅਵਸਥਾ ਵਿਚ ਪਹੁੰਚ ਜਾਂਦਾ ਹੈ:

"ਮਾਂ ਦੀ ਮੌਤ ਦੀ ਖ਼ਬਰ ਸੁਣ ਕੇ
ਵਿਦੇਸ਼ ਤੋਂ ਪਰਤਣਾ
ਸਮੇਂ ਸਿਰ ਨਾ ਪੁੱਜ ਸਕਣਾ
ਮਾਂ ਦੀ ਚਿਖਾ ਨੂੰ
ਸ਼ਰੀਕਾਂ ਦਾ ਅੱਗ ਦਿਖਾਉਣਾ
ਤੇ ਆਪ ਬਲਦੀ ਚਿੱਖਾ ਵੱਲ ਚੁੱਪਚਾਪ ਦੇਖੀ ਜਾਣਾ।"

***

"ਦੋ ਤਿੰਨ ਸੌ ਮਜ਼ਦੂਰਾਂ ਨੂੰ
ਇਕੱਠੇ ਖੁੱਲ੍ਹੇ ਮੈਦਾਨ ਵਿਚ
ਪਸ਼ੂਆਂ ਵਾਂਗ ਬਿਠਾ
ਜ਼ਹਿਰੀਲੇ ਪਾਣੀ ਦੀਆਂ ਬੁਛਾੜਾਂ ਪਾ
ਬਿਮਾਰੀ ਦੇ ਕਿਟਾਣੂਆਂ ਦੇ ਨਾਲ ਨਾਲ
ਗ਼ਰੀਬੀ ਭੁੱਖ ਬੇਵੱਸੀ
ਅਤੇ ਮਜਬੂਰੀ ਦੇ ਕਿਟਾਣੂਆਂ ਤੋਂ ਵੀ
ਮੁਕਤ ਕਰਵਾਇਆ ਜਾ ਸਕਦਾ ਹੈ।" (ਪੰਨਾ - 118)

ਇਵੇਂ ਸ਼ਾਇਰਾ ਪਰਵਾਸ ਦੇ ਦੋ ਵੱਖਰੇ ਬਿੰਬਾਂ ਰਾਹੀਂ ਦੋ ਸਥਿਤੀਆਂ ਹੀ ਨਹੀਂ ਸਿਰਜ ਰਹੀ ਸਗੋਂ ਉਸ ਦੀ ਸੰਵੇਦਨਸ਼ੀਲਤਾ ਪਰਵਾਸ ਦੀ ਵੰਗਾਰਮਈ ਜ਼ਿੰਦਗੀ, ਜਜ਼ਬਾਤਾਂ ਦਾ ਘਾਣ, ਮਹਾਂਮਾਰੀ ਵਰਗੀ ਭੁੱਖ, ਗ਼ਰੀਬੀ ਤੇ ਬੇਵੱਸੀ ਆਦਿ ਨੂੰ ਗੁੱਝੇ ਵਿਅੰਗ ਰਾਹੀਂ ਸਿਰਜਦੀ ਹੈ। ਹਕੂਮਤਾਂ ਨੂੰ ਸੰਬੋਧਿਤ ਹੁੰਦੀ ਉਹ ਵਰਤਮਾਨ ਤੋਂ ਅਤੀਤ ਤੇ ਭਵਿੱਖ ਵੱਲ ਨੂੰ ਸਫ਼ਰ ਕਰਦੀ ਗ਼ਰੀਬ ਮਨੁੱਖ ਦੀ ਗੱਲ ਕਰਦੀ ਉਸਦੀ ਨਾ ਬਦਲਣ ਵਾਲੀ ਸਥਿਤੀ ਨੂੰ ਪਾਠਕਾਂ ਦੀ ਨਜ਼ਰ ਕਰਦੀ ਹੈ। ਡਿਜੀਟਲ ਇੰਡੀਆ ਦੇ ਸੰਕਲਪ ਨੂੰ ਕਟਾਕਸ਼ੀ ਸੁਰ ਵਿਚ ਬਿਆਨ ਕਰਦੀ ਉਹ ਅਵਾਮ ਮੂਹਰੇ ਪ੍ਰਸ਼ਨ ਰੱਖਦੀ ਹੈ, ਕਿ ਇਕ ਬੰਨੇ ਅਸੀਂ ਸੂਚਨਾ ਤਕਨਾਲੋਜੀ ਦੀ ਸਪੇਸ ਵਿਚ ਵਿਚਰ ਰਹੇ ਹਾਂ ਦੂਜੇ ਬੰਨੇ ਸਾਡੀ ਗ਼ਰੀਬੀ ਰੇਖਾ ਦੇ ਥੱਲੇ ਵਿਚਰਨ ਵਾਲੀ ਜਨਤਾ ਅੱਜ ਵੀ ਰੋਜ਼ੀ-ਰੋਟੀ ਲਈ ਦਰ-ਦਰ ਭਟਕ ਰਹੀ ਕੁਦਰਤੀ ਵੰਗਾਰਾਂ ਨਾਲ ਨਜਿੱਠਣ ਲਈ ਆਪਣੇ ਘਰਾਂ ਵੱਲ ਨੂੰ ਪਰਤਦੀ ਲਹੂ-ਲੁਹਾਨ ਹੁੰਦੀ ਅਮਾਨਵੀ ਵਤੀਰੇ ਦਾ ਸ਼ਿਕਾਰ ਹੁੰਦੀ ਹੈ। ਜਿਥੇ ਸਲਤਨਤ ਦੀ ਨੈਤਿਕ ਜ਼ਿੰਮੇਵਾਰੀ ਬਣਦੀ ਸੀ ਕਿ ਉਹ ਇਨ੍ਹਾਂ ਲੋੜਵੰਦਾਂ, ਬੇਘਰਿਆਂ ਦੀ ਮਦਦ ਲਈ ਕੋਈ ਰਾਹਦਾਰੀ ਲੱਭਦੀ, ਸਗੋਂ ਉਨ੍ਹਾਂ ਦਾ ਪ੍ਰਸ਼ਾਸਨਿਕ ਅਮਲਾ ਇਨ੍ਹਾਂ ਨੂੰ ਤਸੀਹੇ ਦਿੰਦਾ ਇਨ੍ਹਾਂ ਨਾਲ ਅਨੈਤਿਕ ਵਿਹਾਰ ਰੱਖਦਾ ਹੈ। ਦੂਜੀ ਪਰਵਾਸ ਦੀ ਸਥਿਤੀ ਮਾਂ ਦੀ ਮੌਤ ਦੇ ਸਮੇਂ ਹਾਜ਼ਿਰ ਨਾ ਹੋ ਸਕਣ ਦੀ ਬੇਵਸੀ ਤੇ ਬਲਦੀ ਚਿਖਾ ਨੂੰ ਚੁੱਪਚਾਪ ਦੇਖਣ ਤਕ ਹੀ ਸੀਮਿਤ ਨਹੀਂ ਸਗੋਂ ਕਾਵਿ 'ਮੈਂ' ਦੀ ਮਾਨਸਿਕਤਾ ਲਗਾਤਾਰ ਖੁਦ ਚਿਖਾ ਹੋਣ ਦੇ ਅਹਿਸਾਸ ਨਾਲ ਬੱਝ ਜਾਂਦੀ ਹੈ ਅਤੇ ਦਰਦ ਦੀ ਇਹ ਸਥਿਤੀ ਇੱਕ ਨਾਸੂਰ ਵਾਂਗ ਘਰ ਕਰ ਜਾਂਦੀ ਹੈ।

ਸੁਰਿੰਦਰ ਗੀਤ ਆਪਣੀ ਸ਼ਾਇਰੀ ਰਾਹੀਂ ਜਦੋਂ ਨਾਰੀ ਦੀ ਸਥਿਤੀ, ਭੂਮਿਕਾ ਜਾਂ ਹੋਂਦ ਬਾਰੇ ਗੱਲ ਕਰਦੀ ਹੈ ਤਾਂ ਉਹ ਉਸਦੀ ਮਨਫ਼ੀ ਕੀਤੀ ਜਾਂਦੀ ਰਹੀ ਹੋਂਦ ਨੂੰ ਕੇਂਦਰ ਵਿਚ ਰੱਖ ਨਾਰੀ ਅਸਤਿਤਵ ਪੱਖੋਂ ਗੱਲ ਕਰਦੀ ਹੈ। ਪਿੰਡ ਵਿਚ ਪਾਥੀਆਂ ਪੱਥਦੀ 'ਤਾਰੋ' ਹੋਵੇ ਜਾਂ ਤ੍ਰੇਤਾ ਯੁੱਗ ਦੀ ਸੀਤਾ, ਭਾਰਤ ਮਾਤਾ ਵਾਂਗ ਜਾਪਦੀ ਦਾਦੀ ਜਾਂ ਫਿਰ ਚੌਰਾਹਿਆਂ 'ਤੇ ਬੇਪੱਤ ਹੁੰਦੀ ਨਾਰੀ ਆਦਿ ਅਜਿਹੇ ਅਨੇਕ ਨਾਰੀ ਬਿੰਬ ਹਨ ਜਿਹੜੇ ਨਾਰੀ ਹੋਂਦ ਪੱਖੋਂ ਪਿਤਰਕੀ ਪ੍ਰਬੰਧ ਦੀਆਂ ਕਦਰਾਂ-ਕੀਮਤਾਂ ਤਹਿਤ ਆਪਣੀ ਪਛਾਣ ਤੋਂ ਵਿਰਵੇ ਹਨ। ਕਿਤੇ ਉਹ ਦੇਵੀ ਦਾ ਰੂਪ ਸਵੀਕ੍ਰਿਤ ਕੀਤੀ ਜਾਂਦੀ ਹੈ ਤੇ ਕਿਤੇ ਪਿਤਰੀ ਸੱਤਾ ਉਸ ਨੂੰ ਅਨੁਸ਼ਾਸਿਤ ਕਰਦੀ ਆਪਣੇ ਅਧੀਨ ਤੁਰਨ ਲਈ ਬੇਬਸ ਕਰਦੀ ਹੈ। ਨਾਰੀ ਮੁੱਢ ਤੋਂ ਹੀ ਮੋਢਾ ਡਾਹ ਆਪਣੇ ਘਰ-ਪਰਿਵਾਰ ਨੂੰ ਸਾਂਭਦੀ ਸਮਾਜਕ ਤ੍ਰਿਸਕਾਰ ਦੀ ਸ਼ਿਕਾਰ ਹੁੰਦੀ ਰਹੀ ਹੈ। ਜਿਵੇਂ-ਜਿਵੇਂ ਸਮਾਜ ਸੁਸ਼ਿੱਖਿਅਤ ਹੁੰਦੇ ਗਏ ਤਿਵੇਂ ਤਿਵੇਂ ਹੀ ਸਮਾਜਾਂ ਅੰਦਰ ਨਾਰੀ ਦੀ ਸਥਿਤੀ ਵੱਧ ਵੰਗਾਰਮਈ ਬਣਦੀ ਜਾਂਦੀ ਹੈ। ਮਰਦ ਸੱਤਾ ਦੀ ਨਾਰੀ ਨੂੰ ਹਾਸ਼ੀਆਕ੍ਰਿਤ ਕਰਨ ਦੀ ਰਣਨੀਤੀ ਉਸ ਦੀ ਸਰਦਾਰੀ ਵਾਂਗ ਪਛਾਣ ਹਾਸਲ ਕਰਦੀ ਹੈ ਉਥੇ ਦੂਜੇ ਪਾਸੇ ਨਾਰੀ ਹਾਸ਼ੀਏ ਅਧੀਨ ਵਿਚਰਦੀ ਦੇਖੀ ਜਾ ਸਕਦੀ ਹੈ ਜਿਥੇ ਕਿ ਉਹ ਆਪਣੇ ਅਧਿਕਾਰਾਂ ਤੋਂ ਵਾਂਝੀ ਮਰਦਾਵੀਂ ਸੱਤਾ ਵਾਲੀਆਂ ਕਦਰਾਂ-ਕੀਮਤਾਂ ਰਾਹੀਂ ਅਨੁਸ਼ਾਸਿਤ ਹੁੰਦੀ ਹੈ। ਮਿਥਿਕ ਪੌਰਾਣਿਕ ਸੰਸਾਰ ਤੋਂ ਵਰਤਮਾਨ ਤਕ ਉਹ ਔਰਤ ਹਸਤੀ ਦੇ ਵੱਖੋ-ਵੱਖਰੇ ਰੂਪ ਪਾਠਕਾਂ ਦੀ ਨਜ਼ਰ ਕਰਦੀ ਇੱਕੀਵੀਂ ਸਦੀ ਤੀਕ ਪਹੁੰਚ ਕਰਦੀ ਨਾਰੀ ਦੀ ਹੋਂਦ ਪੱਖੋਂ ਬਹੁਪਰਤੀ ਸਥਿਤੀਆਂ ਰਾਹੀਂ ਸੀਤਾ ਦੇ ਕਿਰਦਾਰ ਨੂੰ ਸਮਾਜਿਕ ਦ੍ਰਿਸ਼ਟੀ ਤੋਂ ਮੁਖ਼ਾਤਿਬ ਹੁੰਦੀ ਕਹਿੰਦੀ ਹੈ:

"ਰਾਮ ਨੇ
ਸੀਤਾ ਨੂੰ
ਜਿੱਤਿਆ ਸੀ
ਜਿੱਤੀ ਚੀਜ਼ 'ਤੇ
ਕਬਜ਼ਾ ਹੁੰਦਾ ਹੈ
ਪਿਆਰ ਨਹੀਂ " (ਪੰਨਾ- 64)

ਪਿਤਰੀ ਸੱਤਾ ਦੀਆਂ ਕਦਰਾਂ-ਕੀਮਤਾਂ ਨਾਰੀ ਹਸਤੀ ਦੀ ਪਛਾਣ ਕਬਜ਼ੇ ਵਾਲੀ ਸੁਰ ਵਿਚ ਹੀ ਕਰਦੀ ਹੈ। ਰਾਵਣ ਨੇ ਸੀਤਾ ਨੂੰ ਚੋਰੀ ਕਰ ਕੇ ਆਪਣੇ ਕਬਜ਼ੇ ਵਿਚ ਰੱਖਿਆ, ਸ਼ਾਇਰਾ ਕਹਿੰਦੀ ਹੈ ਕਿ ਚੁਰਾਈ ਚੀਜ਼ ਨੂੰ ਪਿਆਰ ਨਹੀਂ ਕੀਤਾ ਜਾਂਦਾ ਲੁਕੋ ਕੇ ਰੱਖਿਆ ਜਾਂਦਾ ਹੈ, ਤਾਂ ਜੋ ਕਬਜ਼ਾ ਬਣਿਆ ਰਹੇ। ਇੰਝ ਸ਼ਾਇਰਾ ਸੀਤਾ 'ਤੇ ਕਬਜ਼ੇ ਦੇ ਵੱਖ-ਵੱਖ ਕਾਰਨਾਂ ਨੂੰ ਬਿਆਨ ਕਰਦੀ ਨਾਰੀ ਹੋਂਦ ਦੀ ਮਨਫ਼ੀ ਸਥਿਤੀ ਨੂੰ ਬਿਆਨ ਕਰਦੀ ਹੈ। ਇਹ ਸਥਿਤੀ ਵਰਤਮਾਨ ਵਿਚ ਆਪਣਾ ਰੂਪ ਵਟਾ ਅੱਜ ਆਮ ਚੌਰਾਹਿਆਂ ਤੀਕ ਪਹੁੰਚ ਕਰ ਗਈ ਹੈ। ਇੰਝ ਸ਼ਾਇਰਾ ਦੀ ਸੂਖਮ ਦ੍ਰਿਸ਼ਟੀ ਬਹੁਕਾਲਿਕ ਸਪੇਸ ਅੰਦਰ ਫੈਲਦੀ ਨਾਰੀ ਹੋਂਦ ਦੀ ਸ਼ਨਾਖ਼ਤ ਨੂੰ ਬਹੁਤ ਹੀ ਸਹਿਜਤਾ ਅਤੇ ਸੁਹਿਰਦਤਾ ਸੰਗ ਪੇਸ਼ ਕਰਦੀ ਹੈ।

ਸੁਰਿੰਦਰ ਗੀਤ ਦਾ ਕਾਵਿ-ਸੰਗ੍ਰਹਿ 'ਗੁਸਤਾਖ ਹਵਾ' ਵਿਸ਼ਵ ਪੱਧਰ 'ਤੇ ਆ ਰਹੀਆਂ ਤਬਦੀਲੀਆਂ, ਸੰਕਟਾਂ, ਕੁਦਰਤੀ ਆਫ਼ਤਾਂ ਦੀ ਗੱਲ ਕਰਦਿਆਂ, ਮਨੁੱਖਤਾ ਦੇ ਕੇਂਦਰੀ ਨੁਕਤੇ ਦੇ ਆਰ-ਪਾਰ ਫੈਲਦਾ ਹੈ। ਸ਼ਾਇਰਾ ਅੰਦਰ ਤੋਂ ਬਾਹਰ ਵੱਲ ਅਤੇ ਬਾਹਰ ਤੋਂ ਅੰਦਰ ਵੱਲ ਸੂਖਮ ਨੀਝ ਨਾਲ ਝਾਕਣ ਲਈ ਪ੍ਰੇਰਿਤ ਕਰਦੀ ਮਨੁੱਖੀ ਕਦਰਾਂ-ਕੀਮਤਾਂ ਉਪਰ ਪਹਿਰਾ ਦਿੰਦੀ ਬਹੁ-ਪਰਤੀ ਅਤੇ ਬਹੁ-ਪਾਸਾਰੀ ਸੰਭਾਵਨਾਵਾਂ ਨੂੰ ਫਰੋਲਦੀ ਪਾਠਕਾਂ ਨੂੰ ਚਿੰਤਨ ਤੇ ਮੰਥਨ ਲਈ ਕਾਰਜਸ਼ੀਲ ਹੋਣ ਦਾ ਹੁੰਗਾਰਾ ਦਿੰਦੀ ਹੈ। ਬਾਬਾ ਨਾਨਕ, ਮਰਦਾਨਾ, ਭਾਈ ਲਾਲੋ, ਮਲਕ ਭਾਗੋ, ਬਾਣੀ, ਭਾਈ ਕਨ੍ਹਈਆ ਜੀ ਆਦਿ ਮਹਿਜ਼ ਕਾਵਿ ਰੂਪ ਦਾ ਅੰਸ਼ ਨਹੀਂ ਬਣਦੇ ਸਗੋਂ ਸ਼ਾਇਰਾ ਇਨ੍ਹਾਂ ਬਿੰਬਾਂ/ਪ੍ਰਤੀਕਾਂ/ਚਿਹਨਾਂ ਰਾਹੀਂ ਉਸ ਵਿਰਾਸਤ ਨਾਲ ਜੋੜ ਦਿੰਦੀ ਹੈ ਜੋ ਸਾਡੀਆਂ ਅਜੋਕੀਆਂ ਕਦਰਾਂ-ਕੀਮਤਾਂ ਦਾ ਅਨਿੱਖੜ ਅੰਗ ਹੋਣੀਆਂ ਚਾਹੀਦੀਆਂ ਹਨ। ਜਿਸ ਨੂੰ ਵਿਸਾਰ ਅੱਜ ਅਸੀਂ ਅਨੈਤਿਕਤਾ, ਲੁੱਟ-ਖਸੁੱਟ, ਅਮਾਨਵੀ ਅਤੇ ਬੇਈਮਾਨੀ ਨੂੰ ਆਪਣੇ ਸਵੈ ਲਈ ਸਾਧਨ ਵਜੋਂ ਅਪਣਾ ਲਿਆ ਹੈ। ਅੱਜ ਪੰਜਾਬ ਦੀ ਧਰਤੀ 'ਤੇ ਪਾਣੀ ਜਿਸ ਪ੍ਰਦੂਸ਼ਣ ਦਾ ਸ਼ਿਕਾਰ ਹੋ ਗਏ ਹਨ ਉਹ ਮੌਤ ਜਾਂ ਜ਼ਹਿਰ ਵਜੋਂ ਸਿਆਣਿਆ ਗਿਆ ਹੈ। ਜੜ੍ਹਾਂ ਨਾਲ ਸ਼ਾਇਰਾ ਭਾਵੁਕ ਸਾਂਝ ਨਹੀਂ ਰੱਖਦੀ ਸਗੋਂ ਬੌਧਿਕ ਪੱਖੋਂ ਉਹ ਆਪਣੇ ਅਮੀਰ ਵਿਰਸੇ ਅੰਦਰ ਮੌਜੂਦ ਮਾਨਵੀ ਪੱਖ ਨੂੰ ਮੁੜ ਤੋਂ ਸੁਰਜੀਤ ਕਰਨਾ ਲੋਚਦੀ ਸਾਂਝੀ ਪੀੜ ਤੇ ਸਾਂਝੀਵਾਲਤਾ ਦਾ ਨੁਕਤਾ ਪੇਸ਼ ਕਰਦੀ ਹੈ। ਸ਼ੁਭ ਸਵੇਰ ਦੀ ਖੁਸ਼ਆਮਦੀਦ ਦੀ ਗੱਲ ਕਰਦੀ ਉਹ ਕਹਿੰਦੀ ਹੈ:

ਸ਼ੁਭ ਸਵੇਰ ਮਨੁੱਖਤਾ ਲਈ
ਕੁਛ ਚੰਗਾ ਕਰਨ ਵਿਚ ਹੁੰਦੀ ਹੈ। (ਪੰਨਾ - 66)

ਇੰਝ 'ਗੁਸਤਾਖ ਹਵਾ' ਦਾ ਕੇਂਦਰੀ ਸੂਤਰ ਵਿਸ਼ਵ ਸਰੋਕਾਰਾਂ ਨਾਲ ਸੰਵਾਦ ਰਚਦਾ ਅਜਿਹੇ ਸੰਸਾਰ ਦੀ ਘਾੜਤ ਕਰਦਾ ਹੈ ਜਿਹੜਾ ਪਾਰ-ਰਾਸ਼ਟਰੀ, ਪਾਰ-ਸਭਿਆਚਾਰਕ, ਪਾਰ-ਭਾਸ਼ਾਈ ਅਤੇ ਪਾਰ-ਲੈਂਗਿਕਤਾ ਦੇ ਨੁਕਤਾ-ਨਿਗਾਹ ਤੋਂ ਮਨੁੱਖੀ ਕਦਰਾਂ-ਕੀਮਤਾਂ ਨੂੰ ਤਰਜੀਹ ਦਿੰਦਾ ਲੋਕ ਭਲਾਈ ਤੇ ਮਨੁੱਖਤਾ ਦਾ ਪੱਖ ਪੂਰਨ ਵਾਲਾ ਹੋਵੇ। ਕਵਿਤਾ ਨੂੰ ਕ੍ਰਾਂਤੀ ਵਜੋਂ ਦੇਖਦੀ ਸ਼ਾਇਰਾ ਸਮਾਜਕ-ਸਭਿਆਚਾਰਕ ਬਦਲਾਅ ਦੀ ਗੱਲ ਕਰਦੀ ਹੈ। ਅਨੈਤਿਕਤਾ ਨੂੰ ਨੈਤਿਕਤਾ ਵਿਚ ਬਦਲਣ ਦੀ ਤਾਕਤ ਰਖਦੀ ਲੇਖਕ ਦੀ ਕਲਮ, ਸੋਚ ਤੇ ਸ਼ਬਦ 'ਗੁਸਤਾਖ ਹਵਾ' ਦਾ ਰੁਖ਼ ਬਦਲਣ ਦੀ ਸਮਰੱਥਾ ਨੂੰ ਆਪਣੇ ਅੰਦਰ ਸਮੋਏ ਹੋਏ ਹੈ। ਸੰਸਾਰ ਅੰਦਰ ਮਹਾਂਮਾਰੀ ਦੇ ਦੌਰ ਨੇ ਅਜਿਹੀ ਚੇਤਨਾ ਪੈਦਾ ਕੀਤੀ ਜਿਹੜੀ ਮਨੁੱਖਤਾ ਪੱਖੋਂ ਬੜੀਆਂ ਤਬਦੀਲੀਆਂ ਲਿਆਉਂਦੀ ਹੈ। ਇਕ ਬੰਨੇ ਲੋਕ ਸੇਵਾ ਭਾਵ ਨਾਲ ਆਪਣਾ ਆਪ ਦਾਅ 'ਤੇ ਲਾ ਰਹੇ ਹਨ ਦੂਜੇ ਪਾਸੇ ਸਵੈ-ਮੁਨਾਫ਼ੇ ਵਾਲੀ ਸੋਚ ਮਾਨਵਤਾ ਪੱਖੋਂ ਹੀਣੀ ਹੁੰਦੀ ਜਾਂਦੀ ਹੈ। ਸੁਰਿੰਦਰ ਗੀਤ ਦੀ ਮਾਨਵੀ ਸੰਵੇਦਨਾ ਦੀ ਬੁਲੰਦ ਸੁਰ ਹਰ ਸੰਰਚਨਾ ਨਾਲ ਟੱਕਰ ਲੈਂਦੀ ਉਸ ਨੂੰ ਤ੍ਰੇੜਦੀ ਵਿਰਚਿਤ ਕਰਦੀ ਹੈ। ਉਹ ਸਰਲ ਸਾਦਾ ਭਾਸ਼ਾ ਰਾਹੀਂ ਗਹਿਰ-ਗੰਭੀਰ ਮਸਲਿਆਂ ਨੂੰ ਛੋਹਦੀ ਆਪਣੇ ਅੰਦਰ ਵੱਲ ਝਾਤ ਮਾਰ ਆਪਣੇ ਆਪੇ ਨੂੰ ਮੁੜ ਸੋਧਣ ਦਾ ਨੁਕਤਾ ਰੱਖਦੀ ਹੈ। ਲੋਕ ਵਿਰਸੇ ਤੋਂ ਸਿੱਖ ਇਤਿਹਾਸ ਤੇ ਡਿਜੀਟਲ ਇੰਡੀਆ ਤੀਕ ਪਹੁੰਚ ਕਰਦੀ ਗੁਸਤਾਖ ਹਵਾ ਦੀ ਸਪੇਸ ਬਹੁਪਰਤੀ ਬਹੁਦਿਸ਼ਾਵੀ ਤੇ ਬਹੁਸੰਭਾਵੀ ਸੁਰ ਵਾਲੀ ਹੋ ਨਿਬੜਦੀ ਹੈ।

# ਵਪਾਰਕ ਹਥੌੜੇ ਦੀ ਮਾਰ, ਚੂਰ-ਚੂਰ ਹੋ ਰਹੇ ਲੋਕ ਸੁਪਨੇ

ਦੁਨੀਆ ਮੁੱਠੀ ਭਰ ਲੋਕਾਂ ਦੇ ਹੱਥਾਂ 'ਚ ਸਿਮਟਦੀ ਜਾ ਰਹੀ ਹੈ। ਇਹੀ ਮੁੱਠੀ ਭਰ ਲੋਕ ਮਨੁੱਖ ਦੇ ਅਧਿਕਾਰਾਂ ਦਾ ਹਨਨ ਕਰ ਕੇ ਉਨ੍ਹਾਂ ਨੂੰ ਇੱਕ ਬਿੰਦੂ ਬਣਾਉਣ ਦੀ ਚਾਲ ਚੱਲ ਰਹੇ ਹਨ। ਪਿਛਲੇ ਕੁਝ ਸਾਲਾਂ 'ਚ ਜਿਵੇਂ ਦੁਨੀਆ ਦੇ ਸਭ ਤੋਂ ਵੱਡੇ ਸੌਦਾਗਰਾਂ ਨੇ ਸੌਦੇਬਾਜ਼ੀ ਕੀਤੀ, ਆਪਣੇ ਹਿੱਤਾਂ ਦੀ ਪੂਰਤੀ ਲਈ ਘਿਨਾਉਣੇ ਯਤਨ ਕੀਤੇ, ਹਰ ਹੀਲਾ-ਵਸੀਲਾ ਵਰਤਿਆ, ਇਹ ਦੁਨੀਆ 'ਤੇ ਕਾਲੇ ਸ਼ਾਹ ਬੱਦਲਾਂ ਦੀ ਦਸਤਕ ਹੈ। ਸਵਾਲ ਉੱਠਦਾ ਹੈ ਕਿ ਇਹੋ ਜਿਹੇ ਹਾਲਾਤ 'ਚ ਦੁਨੀਆ ਕਿਥੇ ਜਾਏਗੀ?



ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਦਾ ਹਥੌੜਾ ਨਿਰਵਿਘਨ ਚੱਲ ਰਿਹਾ ਹੈ। ਉਹ ਦੁਨੀਆ ਨੂੰ ਇੱਕ ਸਵਾਰਥੀ ਢਾਂਚੇ 'ਚ ਢਾਲਣ ਦੀ ਧੌਂਸ ਦੇ ਰਹੇ ਹਨ। ਆਪਣੇ ਅੱਠ ਹਫ਼ਤਿਆਂ ਦੇ ਕਾਰਜਕਾਲ ਵਿਚ ਉਸ ਨੇ


**ਗੁਰਮੀਤ ਸਿੰਘ ਪਲਾਹੀ**
**ਫੋਨ: 98158-02070**


ਡਬਲਯੂ.ਐਚ.ਓ. ਨੂੰ ਤਿਆਗ ਦਿੱਤਾ ਅਤੇ ਮਨੁੱਖੀ ਅਧਿਕਾਰਾਂ ਦੀ ਸੰਸਥਾ (ਯੂ.ਐਨ.ਐਚ.ਆਰ.ਸੀ) ਸੰਯੁਕਤ ਰਾਸ਼ਟਰ ਰਾਹਤ ਏਜੰਸੀ (ਯੂ.ਐਨ.ਐਚ.ਆਰ.ਡਬਲਯੂ.ਏ) ਨੂੰ ਵਿੱਤੀ ਸਹਾਇਤਾ ਦੇਣ ਤੋਂ ਨਾਂਹ ਕਰ ਦਿੱਤੀ। ਯੂ.ਐਸ.ਏਡ ਨੂੰ ਬੰਦ ਕਰ ਦਿੱਤਾ ਗਿਆ ਅਤੇ ਦੁਨੀਆ ਭਰ 'ਚ ਚੱਲ ਰਹੇ ਅਮਰੀਕਾ ਦੇ ਦਰਜਨਾਂ ਸਹਾਇਤਾ ਕੰਮਾਂ ਨੂੰ ਰੋਕ ਦਿੱਤਾ ਗਿਆ। ਸਥਿਤੀ ਜੇਕਰ ਇਵੇਂ ਹੀ ਰਹੀ ਤਾਂ ਉਹ ਨਾਟੋ ਅਤੇ ਯੂਰਪੀ ਸਹਿਯੋਗੀਆਂ ਨੂੰ ਵੀ ਛੱਡ ਸਕਦੇ ਹਨ। ਉਂਜ ਵੀ ਆਪਣੇ ਹਿੱਤਾਂ ਖ਼ਾਤਰ ਅਮਰੀਕਾ ਨੇ ਵਪਾਰਕ ਜੰਗ ਛੇੜ ਦਿੱਤੀ ਹੋਈ ਹੈ।

ਸੰਵਿਧਾਨਕ ਇਤਿਹਾਸ ਦੇ ਮਹਾਨ ਅਤੇ ਬਿਹਤਰੀਨ ਪਾਠ ਪੜ੍ਹਾਉਣ ਵਾਲਾ ਅਮਰੀਕਾ, ਮਨੁੱਖੀ ਅਧਿਕਾਰਾਂ ਦਾ ਕਦੇ ਰਾਖਾ ਵੀ ਕਹਿਲਾਉਂਦਾ ਰਿਹਾ ਹੈ। ਭਾਰਤ ਸਮੇਤ ਕਈ ਹੋਰ ਦੇਸ਼ਾਂ ਦਾ ਸੰਵਿਧਾਨ ਬਣਾਉਣ ਵਾਲਿਆਂ ਨੇ ਅਮਰੀਕਾ ਦੇ ਸੰਵਿਧਾਨ ਦੀ ਨਕਲ ਕੀਤੀ, ਕਿਉਂਕਿ ਅਮਰੀਕਾ ਆਜ਼ਾਦ ਅਤੇ ਲੋਕਤੰਤਰਕ ਨੀਤੀਆਂ ਵਾਲਾ ਦੇਸ਼ ਮੰਨਿਆ ਗਿਆ ਸੀ, ਜਿਹੜਾ ਗਰੀਬੀ ਅਤੇ ਬੀਮਾਰੀ ਨੂੰ ਖ਼ਤਮ ਕਰਨ ਦਾ ਸੰਕਲਪ ਲੈਂਦਾ ਸੀ। ਇਸ ਸੰਕਲਪ ਨੂੰ ਪੂਰਾ ਕਰਨ ਲਈ ਅਮਰੀਕਾ ਨੇ ਗੰਭੀਰ ਯਤਨ ਵੀ ਕੀਤੇ। ਇਥੋਂ ਦੇ ਚੁਣੇ ਰਾਸ਼ਟਰਪਤੀਆਂ ਨੇ ਆਪਣੇ ਸੰਵਿਧਾਨ ਦੀ ਰਾਖੀ ਕਰਦਿਆਂ ਅਮਰੀਕਾ ਨੂੰ ਅਮੀਰ ਮੁਲਕ ਬਣਾਉਣ ਲਈ ਦਹਾਕਿਆਂ ਤੱਕ ਯਤਨ ਕੀਤੇ। ਕਈ ਰਾਸ਼ਟਰਪਤੀਆਂ ਨੇ ਆਪਣੇ ਅਦੁੱਤੀ ਅਧਿਕਾਰਾਂ ਦੀ ਵਰਤੋਂ ਕਰਦਿਆਂ ਅਮਰੀਕੀ ਖੇਤਰ 'ਚ ਜਾਇਜ਼, ਨਾਜਾਇਜ਼ ਵਾਧਾ ਕੀਤਾ ਅਤੇ ਗੁਆਮ, ਫਿਲਪੀਨਜ਼ ਅਤੇ ਹਵਾਈ ਉਤੇ ਕਬਜ਼ਾ ਕੀਤਾ। ਕਈ ਦੇਸ਼ਾਂ ਨਾਲ ਸਿੱਧੇ-ਅਸਿੱਧੇ ਯੁੱਧ ਲੜੇ ਪਰ ਦੇਸ਼ ਦੇ 47ਵੇਂ ਰਾਸ਼ਟਰਪਤੀ ਡੋਨਲਡ ਟਰੰਪ ਵਾਂਗ ਕਿਸੇ ਵੀ ਹੋਰ ਰਾਸ਼ਟਰਪਤੀ ਨੇ ਆਪਣੇ ਅਧਿਕਾਰਾਂ ਦਾ ਬਿਨਾ ਵਜਾਹ ਇਸਤੇਮਾਲ ਨਹੀਂ ਕੀਤਾ।

ਮੌਜੂਦਾ ਰਾਸ਼ਟਰਪਤੀ ਆਪਣੇ ਅਧਿਕਾਰਾਂ ਦੀਆਂ ਹੱਦਾਂ ਤੋੜ ਬਿਨਾ ਜਾਂਚ-ਪਰਖ ਦੇ ਆਪਣੀਆਂ ਸ਼ਕਤੀਆਂ ਦਾ ਹਥੌੜਾ ਚਲਾ ਰਹੇ ਹਨ ਅਤੇ ਸਮੁੱਚੀ ਦੁਨੀਆ ਸਾਹਵੇਂ ਇੱਕ ਵੱਖਰਾ ਬਿਰਤਾਂਤ ਸਿਰਜ ਰਹੇ ਹਨ। ਉਨ੍ਹਾਂ ਦਾ ਇਹ ਕਥਨ ਮੌਜੂਦਾ ਦੌਰ 'ਚ ਵੇਖਣ, ਪਰਖਣ, ਵਿਚਰਨ ਯੋਗ ਹੈ, "ਮੈਂ ਆਪਣੀ ਸਾਰੀ ਜ਼ਿੰਦਗੀ ਸੌਦੇਬਾਜ਼ੀ ਕੀਤੀ ਹੈ"।

ਅਮਰੀਕਾ ਦੀ ਵਿਸਥਾਰਵਾਦੀ ਨੀਤੀ ਦਾ ਤਰਜ਼ਮਾਨ ਬਣਦਿਆਂ ਉਹ ਕੈਨੇਡਾ ਨੂੰ ਅਮਰੀਕਾ 'ਚ ਸ਼ਾਮਲ ਕਰਨ ਦੀ ਗੱਲ ਕਰਦੇ ਹਨ। ਉਨ੍ਹਾਂ ਨੇ ਗਰੀਨਲੈਂਡ ਨੂੰ ਆਪਣੇ 'ਚ ਸ਼ਾਮਲ ਹੋਣ ਦਾ ਖੁੱਲ੍ਹਾ ਸੱਦਾ ਦਿੱਤਾ ਹੈ ਅਤੇ ਕਿਹਾ ਹੈ ਕਿ ਅਸੀਂ ਕਿਸੇ ਨਾ ਕਿਸੇ ਤਰ੍ਹਾਂ ਗਰੀਨਲੈਂਡ ਹਾਸਲ ਕਰ ਲਵਾਂਗੇ। ਸੌਦਾਗਰੀ, ਵਿਸਥਾਰਵਾਦੀ, ਧੌਂਸ ਭਰੀਆਂ ਨੀਤੀਆਂ ਅਮਰੀਕਾ ਦੇ ਮੌਜੂਦਾ ਰਾਸ਼ਟਰਪਤੀ ਦੀ ਸ਼ਾਸ਼ਨ ਦੀ ਭੁੱਖ ਅਤੇ ਆਪਣੇ ਆਪ ਨੂੰ ਸਰਵਸ੍ਰੇਸ਼ਟ ਬਣਾਉਣ ਦੀ ਥਾਣੇਦਾਰੀ ਸੋਚ ਦਾ ਪ੍ਰਤੀਕ ਹਨ।

ਇਹ ਮੰਨਿਆ ਜਾਂਦਾ ਹੈ ਕਿ ਮਨੁੱਖੀ ਅਧਿਕਾਰਾਂ ਦਾ ਪਹਿਲਾ ਚਾਰਟਰ "ਮੈਗਨਾ ਕਾਰਟਾ" ਸੰਨ 1215 'ਚ ਇੰਗਲੈਂਡ ਦੇ ਬਾਦਸ਼ਾਹ ਨੇ ਪ੍ਰਵਾਨ ਕੀਤਾ। ਇਹ ਵੀ ਮੰਨਿਆ ਜਾਂਦਾ ਹੈ ਕਿ ਦੁਨੀਆ ਦੀ ਪਹਿਲੀ ਸੰਸਦ ਆਈਲੈਂਡ ਵਿਚ 1262 'ਚ ਸਥਾਪਿਤ ਹੋਈ, ਜਿਸਨੂੰ ਅਲਥਿੰਗ ਕਿਹਾ ਗਿਆ। ਦੁਨੀਆ ਦਾ ਪਹਿਲਾ ਲਿਖਤੀ ਸੰਵਿਧਾਨ 1600 'ਚ ਸੈਨ ਮੈਰੀਨੋ ਗਣਰਾਜ 'ਚ ਤਿਆਰ ਕੀਤਾ ਗਿਆ ਸੀ। ਫਰਾਂਸੀਸੀ ਦਾਰਸ਼ਨਿਕ ਮਾਟੈਂਸਕਿਊ ਵੱਲੋਂ 1748 'ਚ ਪ੍ਰਕਾਸ਼ਿਤ "ਕਾਨੂੰਨ ਦੀ ਭਾਵਨਾ" ਨੂੰ ਮਨੁੱਖੀ ਸ਼ਕਤੀਆਂ ਦਾ ਸਿਧਾਂਤਕਾਰ ਮੰਨਿਆ ਜਾਂਦਾ ਹੈ। ਪਰ ਅਮਰੀਕਾ ਹੀ ਦੁਨੀਆ ਵਿਚ ਇੱਕ ਇਹੋ ਅਜਿਹਾ ਦੇਸ਼ ਹੈ ਜੋ ਨਿਆਂਇਕ ਸ਼ਕਤੀ ਨੂੰ 24 ਸਤੰਬਰ 1789 ਨੂੰ ਲਾਗੂ ਕਰਨ ਵਾਲਾ ਮੰਨਿਆ ਗਿਆ ਤੇ ਇਥੇ ਹੀ ਸਰਬਉੱਚ ਅਦਾਲਤ ਸਥਾਪਿਤ ਹੋਈ।

ਅੱਜ ਇਹੀ ਅਮਰੀਕਾ ਘਰੇਲੂ ਪੱਧਰ 'ਤੇ ਦੁਨੀਆ ਦੇ ਸਭ ਤੋਂ ਅਮੀਰ ਵਿਅਕਤੀ ਐਲਨ ਮਸਕ ਦੇ ਢਹੇ ਚੜ੍ਹ ਕੇ ਅਮਰੀਕੀ ਸਰਕਾਰ ਦੇ ਢਾਂਚੇ ਨੂੰ ਖ਼ਤਮ ਕਰਨ ਦੇ ਰਾਹ ਤੁਰ ਰਿਹਾ ਹੈ। ਉਹ ਹਜ਼ਾਰਾਂ ਲੋਕਾਂ ਨੂੰ ਨੌਕਰੀ ਤੋਂ ਕੱਢ ਰਿਹਾ ਹੈ ਅਤੇ ਖਦਸ਼ਾ ਹੈ ਕਿ ਅਮਰੀਕੀ ਸਿੱਖਿਆ ਵਿਭਾਗ ਨੂੰ ਹੀ ਬੰਦ ਕਰ ਦੇਵੇਗਾ। ਰਾਸ਼ਟਰਪਤੀ ਟਰੰਪ ਦੀਆਂ ਆਰਥਿਕ ਨੀਤੀਆਂ ਅਮਰੀਕੀ ਅਰਥ ਵਿਵਸਥਾ ਨੂੰ ਗਲਤ ਪਾਸੇ ਲੈ ਜਾ ਸਕਦੀਆਂ ਹਨ, "ਅਮਰੀਕਾ ਫਸਟ ਨੀਤੀ", ਭਾਰਤ ਦੀ ਹਿੰਦੀ, ਹਿੰਦੂ, ਹਿੰਦੋਸਤਾਨ ਵਰਗੀ ਨੀਤੀ ਹੈ, ਜੋ ਲੋਕਤੰਤਰ ਅਮਰੀਕਾ ਦੇ ਸੀਨੇ 'ਤੇ ਵੱਡੀਆਂ ਚੋਭਾਂ ਲਾਏਗੀ। ਟਰੰਪ ਨੇ ਆਪਣੇ ਪਿਛਲੇ 50 ਦਿਨਾਂ ਦੇ ਫੈਸਲਿਆਂ ਨਾਲ ਦੁਨੀਆ ਭਰ ਦੇ ਲੋਕਾਂ ਨੂੰ ਹੈਰਾਨ ਕਰ ਦਿੱਤਾ ਹੈ। ਉਸਦੇ ਫੈਸਲੇ ਸਮਾਜਿਕ ਸੁਰੱਖਿਆ 'ਚ ਕਟੌਤੀ ਵਾਲੇ ਹਨ, ਜੋ ਅਮਰੀਕੀ ਉਪਭੋਗਤਾਵਾਂ ਦਾ ਹੀ ਨਹੀਂ, ਦੁਨੀਆ ਭਰ ਦੇ ਉਪਭੋਗਤਾਵਾਂ ਦਾ ਹਿਸਾਬ-ਕਿਤਾਬ ਖ਼ਰਾਬ ਕਰਨ ਵਾਲੇ ਹਨ।

ਇਸ ਨਾਲ ਮਹਿੰਗਾਈ 'ਚ ਵਾਧਾ ਤਾਂ ਹੋਏਗਾ ਹੀ, ਸਗੋਂ ਅਸਥਿਰਤਾ ਵੀ ਪੈਦਾ ਹੋਵੇਗੀ। ਅਮਰੀਕਾ ਦੇ ਟੈਰਿਫ ਦੁਨੀਆ ਨੂੰ ਮੰਦੀ ਵੱਲ ਧੱਕ ਸਕਦੇ ਹਨ। ਇਹ ਆਪਣੇ-ਆਪ ਵਿਚ ਇਕ ਖ਼ਤਰਨਾਕ ਖੇਡ ਹੈ।

ਰਾਸ਼ਟਰਪਤੀ ਟਰੰਪ ਨੇ ਸ਼ਾਸ਼ਨ ਸੰਭਾਲਦਿਆਂ ਹੀ ਗ਼ੈਰ-ਕਾਨੂੰਨੀ ਵਿਦੇਸ਼ੀਆਂ ਨੂੰ ਬਾਹਰ ਕੱਢਣ ਦਾ ਆਪਣਾ ਚੋਣ ਵਾਅਦਾ ਪੂਰਾ ਕਰਦਿਆਂ ਪ੍ਰਵਾਸੀਆਂ ਵਿਚ ਵੱਡਾ ਡਰ ਪੈਦਾ ਕੀਤਾ। ਹਜ਼ਾਰਾਂ ਲੋਕਾਂ ਨੂੰ ਫੌਜੀ ਜਹਾਜ਼ਾਂ 'ਚ ਬੇੜੀਆਂ, ਹੱਥ ਕੜੀਆਂ ਨਾਲ ਜਕੜ ਕੇ ਦੇਸ਼ ਤੋਂ ਕੱਢ ਦਿੱਤਾ। ਹੁਣ ਦੁਨੀਆ ਭਰ ਦੇ 41 ਦੇਸ਼ਾਂ ਦੀ ਸੂਚੀ ਤਿਆਰ ਕੀਤੀ ਜਾ ਰਹੀ ਹੈ, ਜਿਨ੍ਹਾਂ ਨੂੰ ਅਮਰੀਕੀ ਵੀਜ਼ਾ ਦੇਣ ਤੋਂ ਇਨਕਾਰ ਕੀਤਾ ਜਾਏਗਾ।

ਅਸਲ ਵਿਚ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਦੀਆਂ ਇਹ ਸਮੁੱਚੀਆਂ ਕਾਰਵਾਈਆਂ ਧੱਕਾ ਧੌਂਸ ਭਰੀਆਂ ਹਨ ਅਤੇ ਮਾਨਵਤਾ ਦੇ ਮੱਥੇ 'ਤੇ ਕਲੰਕ ਹਨ। ਦੁਨੀਆ ਭਰ ਦੇ ਮਾਨਵਵਾਦੀ ਵਿਚਾਰਾਂ ਵਾਲੇ ਲੋਕਾਂ ਦੀ ਪਹੁੰਚ ਤਾਂ ਹੁਣ ਵਿਸ਼ਵ ਨਾਗਰਿਕਤਾ ਵਾਲੀ ਹੈ, ਪਰ ਅਮਰੀਕੀ ਹਾਕਮ ਦੀ ਸੌੜੀ ਸੋਚ ਆਪਣੇ-ਆਪ ਨੂੰ 'ਸ੍ਰੇਸ਼ਟ' ਅਤੇ ਦੂਜਿਆਂ ਨੂੰ ਘਟੀਆ ਸਮਝਣ ਵਾਲੀ ਹੈ।

ਇਸੇ ਯਤਨ ਤਹਿਤ ਰਾਸ਼ਟਰਪਤੀ ਟਰੰਪ ਨੇ ਦੋਸਤ, ਦੁਸ਼ਮਣ ਦਾ ਫ਼ਰਕ ਮਿਟਾ ਕੇ ਸਿਰਫ਼ ਸੌਦਿਆਂ ਨੂੰ ਤਰਜੀਹ ਦਿੱਤੀ। ਟੈਰਿਫ ਲਗਾਉਣ ਲੱਗਿਆਂ ਭਾਰਤ ਵਰਗੇ ਮਿੱਤਰ ਦੇਸ਼ ਨੂੰ ਵੀ ਨਹੀਂ ਬਖ਼ਸ਼ਿਆ। ਯੂਕਰੇਨ ਦੇ ਰਾਸ਼ਟਰਪਤੀ ਜ਼ੇਲੈਂਸਕੀ ਦੀ ਬਾਂਹ ਮਰੋੜਦਿਆਂ, ਆਪਣੇ ਵਲੋਂ ਦਿੱਤੇ ਹਥਿਆਰਾਂ ਬਦਲੇ ਉੱਥੋਂ ਦੇ ਖਣਿਜ ਪਦਾਰਥ ਖੋਹਣ ਲਈ ਜ਼ਬਰਦਸਤੀ ਕਬਜ਼ਾ-ਸਮਝੌਤਾ ਕਰਨ ਦੀ ਨੀਤੀ ਅਪਣਾਈ। ਆਪਣੇ ਵੱਡੇ ਦੁਸ਼ਮਣ ਚੀਨ ਨਾਲ ਥੋੜ੍ਹਾ ਨਿੱਘਾ ਹੱਥ ਮਿਲਾਉਣ ਦੀ ਨੀਤੀ ਅਪਣਾਈ। ਟਰੰਪ ਸ਼ਾਸ਼ਨ ਦਾ ਸਿੱਧਾ ਅਤੇ ਸਪੱਸ਼ਟ ਧਿਆਨ ਅਮਰੀਕਾ ਨੂੰ ਸਰਵ-ਸ੍ਰੇਸ਼ਟ ਬਣਾਉਣ ਦਾ ਹੈ, ਇਸ ਵਾਸਤੇ ਉਹ ਹਰ ਕਿਸਮ ਦੀ ਸੌਦੇਬਾਜ਼ੀ-ਧੱਕੇਸ਼ਾਹੀ ਕਰਨ ਲਈ ਤਿਆਰ ਹੈ। ਟੈਰਿਫ ਯੁੱਧ ਜੋ ਅਮਰੀਕਾ ਨੇ ਛੇੜਿਆ ਹੈ, ਭਾਰਤ ਇਸ ਦੀ ਲਪੇਟ ਵਿਚ ਬੁਰੀ ਤਰ੍ਹਾਂ ਆ ਸਕਦਾ ਹੈ। ਆਪਣੀਆਂ ਫੌਜੀ ਲੋੜਾਂ ਪੂਰੀਆਂ ਕਰਨ ਲਈ ਸਮਾਨ ਖਰੀਦਣ ਵਾਸਤੇ ਉਸਨੂੰ ਭਾਰੀ ਭਰਕਮ ਟੈਰਿਫ ਦੇਣਾ ਪਵੇਗਾ। ਜਿਸਦਾ ਭੈੜਾ ਅਸਰ ਭਾਰਤੀ ਅਰਥ ਵਿਵਸਥਾ 'ਤੇ ਪਵੇਗਾ। ਉਸਦਾ ਵਿਸ਼ਵ ਗੁਰੂ ਬਣਨ ਦਾ ਸੁਪਨਾ ਢਹਿ-ਢੇਰੀ ਹੋ ਜਾਵੇਗਾ।

ਅੱਜ ਦੁਨੀਆ ਦੀਆਂ ਨਜ਼ਰਾਂ ਅਮਰੀਕਾ ਦੇ ਸ਼ਾਸਕ ਟਰੰਪ 'ਤੇ ਲੱਗੀਆਂ ਹੋਈਆਂ ਹਨ। ਉਹ ਇੱਕ ਪਾਸੇ ਕੁਸ਼ਲ ਵਪਾਰੀ ਵਾਂਗਰ ਵਿਚਰ ਰਿਹਾ ਹੈ, ਦੂਜੇ ਪਾਸੇ ਥਾਣੇਦਾਰ ਬਣ ਕੇ ਆਪਣੀ ਤਾਕਤ ਦਾ ਪ੍ਰਦਰਸ਼ਨ ਕਰਨ ਤੋਂ ਵੀ ਪਿੱਛੇ ਨਹੀਂ ਹਟ ਰਿਹਾ। ਇਵੇਂ ਲੱਗਦਾ ਹੈ ਕਿ ਉਹਦੀ ਮਨਸ਼ਾ ਇੱਕ ਡਿਕਟੇਟਰ ਵਾਂਗਰ ਦੁਨੀਆ 'ਤੇ ਰਾਜ ਕਰਨ ਦੀ ਹੈ।

ਅਮਰੀਕਾ ਦੇ ਵੱਡੇ ਦੁਸ਼ਮਣ ਰੂਸ ਵੱਲੋਂ ਯੂਕਰੇਨ ਨਾਲ ਛੇੜੀ ਜੰਗ 'ਚ ਉਥੋਂ ਦੇ ਡਿਕਟੇਟਰ ਰਾਸ਼ਟਰਪਤੀ ਪੂਤਿਨ ਨਾਲ ਡੋਨਲਡ ਟਰੰਪ ਦੀ ਮੌਜੂਦਾ ਸਾਂਝ ਭਿਆਲੀ, ਸਿਰਫ ਜੰਗ ਖ਼ਤਮ ਕਰਨ ਤੱਕ ਸੀਮਤ ਨਹੀਂ, ਇਹ ਸਾਂਝ ਭਿਆਲੀ ਦੁਨੀਆ ਦੀਆਂ ਮਹਾਂ ਸ਼ਕਤੀਆਂ ਅਮਰੀਕਾ ਤੇ ਰੂਸ ਦੀਆਂ ਆਪਸੀ ਵਿਵਸਥਾਰਵਾਦੀ ਨੀਤੀਆਂ ਨੂੰ ਅੱਗੇ ਕਰਨ ਦਾ ਇੱਕ ਸਮਝੌਤਾ ਹਨ। ਇਵੇਂ ਦੀ ਹੀ ਸਾਂਝ ਭਿਆਲੀ ਦੁਨੀਆ ਦੀ ਤੀਜੀ ਤਾਕਤ ਚੀਨ ਨਾਲ ਅਮਰੀਕਾ ਦੀ ਬਣਦੀ ਦਿਸਦੀ ਹੈ। ਅਮਰੀਕਾ ਨੇ ਆਪਣੇ ਸਭ ਤੋਂ ਵੱਡੇ ਦੁਸ਼ਮਣ ਚੀਨ ਉਤੇ ਟੈਰਿਫ ਦਰ ਵਾਧਾ ਸੀਮਤ ਰੱਖਿਆ। ਵੈਰੀ ਗਿਣੇ ਜਾਂਦੇ ਚੀਨ ਲਈ ਟਰੰਪ ਨੇ ਨਰਮ ਰੁਖ਼ ਅਪਣਾਇਆ ਹੈ। ਇਹ ਵੀ ਅਸਲ 'ਚ ਉਸਦੀ ਵਪਾਰਕ ਸੋਚ ਅਤੇ ਅਧਿਕਾਰਾਂ ਦਾ ਤਿੰਨ ਕੇਂਦਰਾਂ ਰੂਸ, ਅਮਰੀਕਾ ਅਤੇ ਚੀਨ ਤੱਕ ਕੇਂਦਰੀਕਰਨ ਹੈ। ਜਿਵੇਂ ਵਪਾਰੀ ਆਪਣੇ ਹਿੱਤਾਂ ਦੀ ਖ਼ਾਤਰ, ਲੋਕਾਂ ਦੀ ਲੁੱਟ ਦੀ ਖ਼ਾਤਰ, ਆਪਸੀ ਸਮਝੌਤੇ ਕਰਦੇ ਹਨ, ਇਵੇਂ ਦੇ ਸਮਝੌਤੇ ਕਰਨ ਲਈ ਰਾਸ਼ਟਰਪਤੀ ਟਰੰਪ ਅੱਗੇ ਵਧ ਰਿਹਾ ਹੈ।

ਇਸ ਵੇਲੇ ਦੁਨੀਆ ਨੂੰ ਕਾਬੂ ਕਰਨ ਲਈ ਸੱਤਾਧਾਰੀ ਸ਼ਾਸਕ ਟਰੰਪ (ਅਮਰੀਕਾ) ਪੂਤਿਨ (ਰੂਸ) ਅਤੇ ਸ਼ੀ ਜਿਨਪਿੰਗ (ਚੀਨ) ਦੁਨੀਆ 'ਚ ਇੱਕ ਕਲੱਬ ਬਣਾਉਣ ਲਈ ਯਤਨਸ਼ੀਲ ਹਨ। ਉਹ ਆਪਣੇ ਮਨਚਾਹੇ ਇਲਾਕਿਆਂ ਨੂੰ ਹੜੱਪ ਲੈਣ ਦੀ ਤਾਕ 'ਚ ਹਨ। ਅਮਰੀਕਾ ਦੀ ਨਜ਼ਰ ਪਨਾਮਾ ਨਹਿਰ 'ਤੇ ਹੈ, ਕੈਨੇਡਾ, ਗ੍ਰੀਨਲੈਂਡ ਅਤੇ ਗਾਜ਼ਾ ਪੱਟੀ ਹਥਿਆਉਣਾ ਉਸਦਾ ਨਿਸ਼ਾਨਾ ਹੈ। ਰੂਸ ਪਹਿਲਾਂ ਹੀ ਕਰੀਮੀਆ, ਅਬਖਾਜਿਆ ਅਤੇ ਦੱਖਣੀ ਔਸ਼ੇਸ਼ਿਆ ਉਤੇ ਕਬਜ਼ਾ ਕਰ ਚੁੱਕਾ ਹੈ ਅਤੇ ਸ਼ਾਇਦ ਜਾਰਜੀਆ 'ਤੇ ਕਬਜ਼ਾ ਚਾਹੁੰਦਾ ਹੈ। ਚੀਨ, ਤਿੱਬਤ, ਹਾਂਗਕਾਂਗ ਨੂੰ ਆਪਣੇ 'ਚ ਜ਼ਬਰਦਸਤੀ ਮਿਲਾਉਣ ਉਪਰੰਤ, ਤਾਇਵਾਨ ਅਤੇ ਭਾਰਤ ਦੇ ਕੁੱਝ ਮਹੱਤਵਪੂਰਨ ਹਿੱਸਿਆਂ ਨੂੰ ਆਪਣੇ ਕਬਜ਼ੇ ਹੇਠ ਲਿਆਉਣ ਦੀ ਇਛਾ ਕਰ ਰਿਹਾ ਹੈ। ਇਹ ਤਿੰਨੇ ਸ਼ਕਤੀਆਂ ਆਪਣੇ ਪ੍ਰਭਾਵ ਦੇ ਖੇਤਰਾਂ ਵਿਚ ਕਬਜ਼ਾ ਕਰ ਕੇ ਉੱਥੋਂ ਦੇ ਕੁਦਰਤੀ ਸਾਧਨਾਂ ਨੂੰ ਹਥਿਆਉਣ ਦੇ ਚੱਕਰ 'ਚ ਆਪਸੀ ਸੌਦੇਬਾਜ਼ੀ ਕਰ ਸਕਦੇ ਹਨ ਅਤੇ ਆਪਣੇ ਵਪਾਰਕ ਹਿੱਤਾਂ ਨੂੰ ਸੁਰੱਖਿਅਤ ਕਰਨਗੇ।

ਟਰੰਪ ਦੀ ਨੀਤੀ ਸਪਸ਼ਟ ਹੈ। ਵਪਾਰਕ ਹੈ। ਸਵਾਰਥੀ ਹੈ। ਉਸਦਾ ਸੁਭਾਅ ਹੰਕਾਰੀ ਹੈ। ਉਹ ਆਪਣੇ ਹਿੱਤਾਂ ਦੀ ਪੂਰਤੀ ਲਈ ਕਿਸੇ ਦੀ ਪ੍ਰਵਾਹ ਨਾ ਹੁਣ ਕਰ ਰਿਹਾ ਹੈ ਅਤੇ ਨਾ ਕਰੇਗਾ। ਉਸ ਨੂੰ ਇਸ ਗੱਲ ਦੀ ਵੀ ਪਰਵਾਹ ਨਹੀਂ ਕਿ ਉਸ ਦੀਆਂ ਨੀਤੀਆਂ ਦੁਨੀਆ ਦੀ ਅਰਥ ਵਿਵਸਥਾ ਨੂੰ ਬਰਬਾਦ ਕਰ ਦੇਣਗੀਆਂ।

ਦੁਨੀਆ 'ਤੇ ਕਾਲੇ ਸ਼ਾਹ ਬੱਦਲ ਛਾਏ ਹੋਏ ਹਨ। ਵੱਡੀਆਂ ਸ਼ਕਤੀਆਂ ਦਾ ਬੋਲ-ਬਾਲਾ ਵਧ ਰਿਹਾ ਹੈ। ਲੋਕਤੰਤਰੀ ਕਦਰਾਂ-ਕੀਮਤਾਂ ਤਹਿਸ-ਨਹਿਸ ਕੀਤੀਆਂ ਜਾ ਰਹੀਆਂ ਹਨ।

ਲੋਕ-ਸ਼ਕਤੀ ਹੀ ਇਸ ਹਨ੍ਹੇਰੀ, ਗੁਬਾਰ ਨੂੰ ਠੱਲ੍ਹ ਪਾ ਸਕੇਗੀ। ਪਰ ਸਵਾਲ ਪੈਦਾ ਹੁੰਦਾ ਹੈ ਕਿ ਲੋਕ ਕਿੰਨਾ ਕੁ ਚਿਰ ਲਾਉਣਗੇ ਆਪਣੇ ਘੁਰਨਿਆਂ 'ਚੋਂ ਬਾਹਰ ਆਉਣ ਲਈ, ਇਹੋ ਜਿਹੀ ਹੁੰਮਸ ਤੋਂ ਨਿਜ਼ਾਤ ਪਾਉਣ ਲਈ।

# ਆਲਮੀ ਪੰਜਾਬੀ ਕਾਨਫਰੰਸਾਂ ਦਾ ਪ੍ਰਬੰਧਨ ਤੇ ਪ੍ਰਾਪਤੀਆਂ

ਅਸੀਂ ਚੰਡੀਗੜ੍ਹ ਦੀ ਦਹਿਲੀਜ਼ ਅਤੇ ਪੰਜਾਬ ਦੀ ਸਰਹੱਦ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਚ ਪੰਜਾਬ ਸਕੂਲ ਸਿੱਖਿਆ ਬੋਰਡ ਵਿਖੇ ਤ੍ਰੈ-ਰੋਜ਼ਾ ਆਲਮੀ ਪੰਜਾਬੀ ਕਾਨਫਰੰਸ ਦਾ ਜਲਵਾ ਵੇਖ ਕੇ ਵਿਹਲੇ ਹੋਏ ਹਾਂ। ਇਸ ਵਿਚ ਭਾਰਤ ਦੇ ਵੱਖ-ਵੱਖ ਸੂਬਿਆਂ ਦੀਆਂ ਪੰਜਾਬੀ ਸਾਹਿਤ ਤੇ ਸਭਿਆਚਾਰ ਨੂੰ ਪ੍ਰਨਾਈਆਂ ਸੰਸਥਾਵਾਂ ਦੇ ਪ੍ਰਤੀਨਿਧਾਂ ਨੇ ਨਿੱਠ ਕੇ ਭਾਗ ਲਿਆ ਅਤੇ ਨਿਧੜਕ ਹੋ ਕੇ ਆਪਣੇ ਵਿਚਾਰ ਪ੍ਰਗਟ ਕੀਤੇ। ਤਿੰਨ ਦਿਨ ਲਗਾਤਾਰ ਚੱਲੇ 9 ਸੈਸ਼ਨਾਂ ਵਿਚ ਸਾਹਿਤ, ਸਭਿਆਚਾਰ, ਸਮਾਜ, ਸਿਖਿਆ ਤੇ ਸੱਤਾ ਦੇ ਵਿਸ਼ਿਆਂ ਉਤੇ ਗੰਭੀਰ ਚਰਚਾ ਹੋਈ। ਇਸ ਤੋਂ ਬਿਨਾਂ ਰਘਬੀਰ ਸਿੰਘ ਸਿਰਜਣਾ, ਸੁਰਿੰਦਰ ਗਿੱਲ, ਸਿਰੀ ਰਾਮ ਅਰਸ਼, ਰਿਪੁਦਮਨ ਸਿੰਘ ਰੂਪ ਤੇ ਸੁਰਜੀਤ ਕੌਰ ਬੈਂਸ ਤੇ ਮੇਰੇ ਵਰਗੇ ਕਲਮਕਾਰਾਂ ਦਾ ਸਨਮਾਨ ਵੀ ਕੀਤਾ ਗਿਆ।



ਆਲਮੀ ਪੰਜਾਬੀ ਕਾਨਫਰੰਸਾਂ ਦੀ ਨੀਂਹ 1980 ਦੇ ਬਰਤਾਨੀਆ ਵਿਚ ਵਸਦੇ ਰਣਜੀਤ ਧੀਰ, ਅਵਤਾਰ


**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com


ਜੰਡਿਆਲਵੀ, ਸ਼ੇਰ ਜੰਗ ਜਾਂਗਲੀ ਤੇ ਰਵਿੰਦਰ ਰਵੀ ਨੇ ਉਸ ਵਰ੍ਹੇ ਦੀ ਗਰਮ ਰੁੱਤ ਵਿਚ 15 ਦਿਨਾਂ ਦੇ ਸਾਹਿਤਕ ਤੇ ਸਭਿਆਚਾਰਕ ਜਸ਼ਨ ਮਨਾ ਕੇ ਰੱਖੀ ਸੀ। ਇਹ ਗੱਲ ਨੋਟ ਕਰਨ ਵਾਲੀ ਹੈ ਕਿ ਉਥੇ ਸ਼ਿਰਕਤ ਕਰਨ ਵਾਲੇ ਸੋਹਣ ਸਿੰਘ ਜੋਸ਼, ਸੰਤ ਸਿੰਘ ਸੇਖੋਂ, ਜਸਵੰਤ ਸਿੰਘ ਕੰਵਲ, ਦਲੀਪ ਕੌਰ ਟਿਵਾਣਾ, ਸੋਹਨ ਸਿੰਘ ਮੀਸ਼ਾ, ਹਰਿਭਜਨ ਸਿੰਘ ਤੇ ਹਰਭਜਨ ਬਾਜਵਾ ਵਰਗੇ ਫੋਟੋਗਰਾਫਰ ਅਤੇ ਹੋਰ ਦਰਜਣ ਸਾਹਿਤ ਰਸੀਆਂ ਨੇ ਉਦੋਂ ਬਰਤਾਨੀਆ ਦੀ ਧਰਤੀ ਉੱਤੇ ਪਹਿਲੀ ਵਾਰ ਪੈਰ ਧਰਿਆ ਸੀ। ਉਸ ਧਰਤੀ ਉੱਤੇ ਜਿੱਥੋਂ ਦੇ ਸ਼ੇਕਸਪੀਅਰ, ਟਾਮਸ ਹਾਰਡੀ, ਮਿਲਟਨ ਤੇ ਸ਼ੈਲੇਅ ਨੂੰ ਉਹ ਆਪਣੀਆਂ ਪਾਠ ਪੁਸਤਕਾਂ ਵਿਚ ਹੀ ਪੜ੍ਹਦੇ ਤੇ ਪੜ੍ਹਾਉਂਦੇ ਰਹੇ ਸਨ। ਖੂਬੀ ਇਹ ਕਿ 15 ਦਿਨ ਲਗਾਤਾਰ ਚੱਲੀ ਇਸ ਕਾਨਫਰੰਸ ਵਿਚ ਅਸੀਂ ਬਰਤਾਨਵੀ ਸਾਹਿਤਕਾਰਾਂ ਦੇ ਘਰ-ਘਾਟ ਵੀ ਤੱਕੇ ਜਿਨ੍ਹਾਂ ਵਿਚ ਉਨ੍ਹਾਂ ਦੇ ਕੰਮ ਕਰਨ ਵਾਲੀਆਂ ਮੇਜ ਕੁਰਸੀਆਂ ਤੇ ਲਿਖਣ ਵਾਲੀਆਂ ਕਲਮਾਂ ਵੀ ਉਥੋਂ ਦੀ ਸਰਕਾਰ ਨੇ ਸੰਭਾਲ ਕੇ ਤੇ ਸਜਾ ਕੇ ਰੱਖੀਆਂ ਹੋਈਆਂ ਸਨ।

ਇਸ ਕਾਨਫਰੰਸ ਦੇ ਵੱਖ-ਵੱਖ ਸੈਸ਼ਨ ਕੇਵਲ ਸਾਹਿਤਕ ਤੇ ਸਭਿਆਚਾਰਕ ਸੰਸਥਾਵਾਂ ਦੇ ਵਿਹੜਿਆਂ ਵਿਚ ਹੀ ਨਹੀਂ ਗੁਰਦੁਆਰਿਆਂ ਤੇ ਮਸਜਿਦਾਂ ਵਿਚ ਵੀ ਵਿਉਂਤੇ ਗਏ ਸਨ ਜਿੱਥੇ ਸਾਡੇ ਵਰਗਿਆਂ ਦੇ ਰਹਿਣ ਤੇ ਖਾਣ-ਪੀਣ ਦਾ ਪ੍ਰਬੰਧ ਵੀ ਸੀ। ਏਥੇ ਵਡੇਰੀ ਉਮਰ ਦੇ ਲੇਖਕ ਜਾਂ ਮਹਿਲਾ ਰਚਨਾਕਾਰਾਂ ਨੂੰ ਹੱਥ ਦਾ ਸਹਾਰਾ ਦੇ ਕੇ ਆਪਣੇ ਬਰਾਬਰ ਤੋਰਨਾ ਵੀ ਆਮ ਸੀ। ਹਰ ਕੋਈ ਹਰ ਕਿਸੇ ਦਾ ਆਪਣਾ ਸੀ। ਪ੍ਰਮਾਣ ਵਜੋਂ ਸੂਫ਼ੀਆਨਾ ਕਲਾਮ ਦੀ ਚਰਚਾ ਮਾਨਚੈਸਟਰ ਦੀ ਵੱਡੀ ਮਸਜਿਦ ਦੇ ਵਿਹੜੇ ਹੋਈ ਸੀ। ਇਸ ਦਾ ਆਗਾਜ਼ ਲੰਮੀ ਦਾੜ੍ਹੀ ਵਾਲੇ ਮੁੱਲਾਂ ਮੁਲਾਣਿਆਂ ਨੇ ਸੂਫੀ ਮੱਤ ਦੇ ਗੁਣ ਗਾਇਨ ਨਾਲ ਕੀਤਾ। ਜਦੋਂ ਉਨ੍ਹਾਂ ਨੇ ਬਾਹਰੋਂ ਆਏ ਪ੍ਰਾਹੁਣਿਆਂ ਨੂੰ ਮੰਚ ਸੌਂਪ ਕੇ ਬੇਨਤੀ ਕੀਤੀ ਕਿ ਸਾਡੇ ਵਿਚੋਂ ਵੀ ਕੋਈ ਬੋਲੇ ਤਾਂ ਸੰਤ ਸਿੰਘ ਸੇਖੋਂ ਨੇ ਆਪ ਬੋਲਣ ਦੀ ਥਾਂ ਹਰਿਭਜਨ ਸਿੰਘ ਦਾ ਨਾਂ ਲਿਆ। ਕੀ ਬੋਲਿਆ ਤਾਂ ਮੈਨੂੰ ਹੁਣ ਚੇਤੇ ਨਹੀਂ, ਪਰ ਕਿਵੇਂ ਤੇ ਕਿਸ ਅਦਾ ਵਿਚ ਬੋਲਿਆ ਉਸਨੇ ਮੁੱਲਾਂ ਮੁਲਾਣਿਆਂ ਦੇ ਕਹੇ ਉੱਤੇ ਸੁਹਾਗਾ ਫੇਰ ਦਿੱਤਾ। ਅਜਿਹਾ ਸੁਹਾਗਾ ਕਿ ਸੇਖੋਂ ਦੇ ਮੁੱਖ ਤੋਂ ਨਿਕਲੇ ਸ਼ਬਦ ਮੈਨੂੰ ਕਦੀ ਨਹੀਂ ਭੁਲਣੇ। ਉਹ ਸਨ, 'ਦੇਖਿਆ ਸਾਡਾ ਹਰਿਭਜਨ ਸਿੰਘ?'

ਬਰਤਾਨੀਆ ਵਾਲੀ ਕਾਨਫਰੰਸ ਵਲੋਂ ਇਨ੍ਹਾਂ ਕਾਨਫਰੰਸਾਂ ਦੀ ਨੀਂਹ ਰੱਖਣ ਦਾ ਨਤੀਜਾ ਹੀ ਇਹ ਕਾਨਫਰੰਸ ਕਹੀ ਜਾ ਸਕਦੀ ਹੈ ਜਿਸਨੂੰ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਪ੍ਰਧਾਨਗੀ ਥੱਲੇ ਸੁਸ਼ੀਲ ਤੇ ਕਮਲ ਦੁਸਾਂਝ ਜੋੜੀ ਨੇ ਸਿਖਰਾਂ ਉੱਤੇ ਪਹੁੰਚਾਇਆ। ਉਨ੍ਹਾਂ ਨੂੰ ਇਸ ਸਭਾ ਵੱਲੋਂ 2016 ਤੇ 2019 ਵਿਚ ਕਰਵਾਈਆਂ ਕਾਨਫਰੰਸਾਂ ਦਾ ਤਜਰਬਾ ਸੀ। ਸੱਜਰੀ ਕਾਨਫਰੰਸ ਵਿਚ ਵਿਚਾਰੇ ਗਏ ਵਿਸ਼ਿਆਂ ਤੇ ਬੁਲਾਰਿਆਂ ਦਾ ਵੇਰਵਾ ਤਾਂ ਮੀਡੀਆ ਵਿਚ ਆ ਚੁੱਕਿਆ ਹੈ ਫੇਰ ਵੀ ਕੁਝ ਇੱਕ ਦੇ ਨਾਂ ਦੱਸਣੇ ਬਣਦੇ ਹਨ। ਉਹ ਹਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵਾਲਾ ਡਾ. ਮਨਜਿੰਦਰ ਸਿੰਘ, ਸੀਨੀਅਰ ਪੱਤਰਕਾਰ ਹਮੀਰ ਸਿੰਘ ਤੇ ਅਜੀਤ ਸਮਾਚਾਰ ਸਮੂਹ ਦਾ ਪ੍ਰਤੀਨਿਧ ਸਤਨਾਮ ਸਿੰਘ ਮਾਣਕ, ਗੌਹਰ ਰਜ਼ਾ, ਸੇਵਾ ਮੁਕਤ ਆਈ.ਏ.ਐਸ. ਅਫਸਰ ਅਸ਼ੋਕ ਗੁਪਤਾ ਤੇ ਡਾ. ਜਸਵਿੰਦਰ ਸਿੰਘ।

ਉਂਝ ਨਾਮਧਾਰੀ ਸਤਿਗੁਰੂ ਉਦੈ ਸਿੰਘ ਦੀ ਸਰਪ੍ਰਸਤੀ ਥੱਲੇ 7 ਮਾਰਚ 2025 ਨੂੰ ਅਰੰਭ ਹੋਈ ਇਸ ਕਾਨਫਰੰਸ ਵਿਚ 'ਦੇਸ਼ ਅਸਾਡਾ ਕਿਥੋਂ ਕਿੱਥੇ ਪਹੁੰਚ ਗਿਆ' ਦੇ ਗੰਭੀਰ ਵਿਸ਼ੇ ਸਮੇਂ ਵਰਿਆਮ ਸਿੰਘ ਸੰਧੂ, ਲਖਵਿੰਦਰ ਜੌਹਲ, ਗੁਰਭਜਨ ਗਿੱਲ, ਦਰਸ਼ਨ ਬੁੱਟਰ, ਹਰਜੀਤ ਅਟਵਾਲ, ਤੇ ਦੀਪ ਦੇਵਿੰਦਰ ਦੀ ਸ਼ਿਰਕਤ ਤੋਂ ਅੰਦਾਜ਼ਾ ਲੱਗ ਸਕਦਾ ਹੈ ਕਿ ਪ੍ਰਬੰਧਕਾਂ ਦੀ ਚੋਣ ਤੇ ਤਰਤੀਬ ਕਿਹੋ ਜਿਹੀ ਸੀ। ਏਥੇ ਅਜੋਕੇ ਭਾਰਤ ਵਿਚ ਔਰਤਾਂ ਸਾਹਮਣੇ ਚੁਣੌਤੀਆਂ ਹੀ ਨਹੀਂ ਵਿਚਾਰੀਆਂ ਗਈਆਂ, ਸਗੋਂ ਭਾਸ਼ਾ, ਸਾਹਿਤ ਤੇ ਸਿਖਿਆ ਦੇ ਮਸਲੇ ਵੀ ਉਜਾਗਰ ਹੋਏ ਜਿਨ੍ਹਾਂ ਵਿਚ ਸਰੋਤਿਆਂ ਨੇ ਵੀ ਵਧ ਚੜ੍ਹ ਕੇ ਹਿੱਸਾ ਪਾਇਆ। ਅੰਤਲੇ ਸੈਸ਼ਨ ਵਿਚ ਡਾ. ਮਨਮੋਹਨ, ਗੁਰਤੇਜ ਸਿੰਘ ਗੁਰਾਇਆ, ਮੱਖਣ ਕੌਹਾੜ ਤੇ ਸੇਵਾ ਮੁਕਤ ਆਈ.ਏ.ਐਸ. ਅਫ਼ਸਰ ਅਸ਼ੋਕ ਗੁਪਤਾ ਨੇ 'ਸੰਵਿਧਾਨ, ਸੱਤਾ ਤੇ ਲੋਕ' ਵਰਗੇ ਗੰਭੀਰ ਵਿਸ਼ੇ ਉੱਤੇ ਗੱਲਬਾਤ ਕਰਦਿਆਂ ਕਾਨਫਰੰਸ ਵਿਚ ਭਾਗ ਨਾ ਲੈ ਸਕਣ ਵਾਲਿਆਂ ਦੀ ਵੀ ਪ੍ਰਤੀਨਿਧਤਾ ਕੀਤੀ। 7 ਮਾਰਚ ਨੂੰ ਸੂਫੀਆਨਾ ਸ਼ਾਮ ਤੇ 8 ਮਾਰਚ ਦੀ ਸ਼ਾਮ ਨੂੰ ਨਾਟਕਕਾਰ ਆਤਮਜੀਤ ਵਲੋਂ ਡਾ. ਦੀਵਾਨ ਸਿੰਘ ਕਾਲੇਪਾਣੀ ਦੇ ਜੀਵਨ ਉੱਤੇ ਆਧਾਰਤ 'ਕਿਸ਼ਤੀਆਂ ਵਿਚ ਜਹਾਜ਼' ਨਾਮੀ ਨਾਟਕ ਦੀ ਪੇਸ਼ਕਾਰੀ ਵੀ ਸ਼ਲਾਘਾ ਦਾ ਸੋਮਾ ਬਣੀ।

ਕੁੱਲ ਮਿਲਾ ਕੇ ਦੇਖਿਆ ਜਾਵੇ ਤਾਂ ਇਸ ਤਿੰਨ ਰੋਜ਼ਾ ਕਾਨਫਰੰਸ ਵਿਚ ਪਾਕਿਸਤਾਨ ਦੇ ਲੇਖਕਾਂ ਦੀ ਗ਼ੈਰ-ਹਾਜ਼ਰੀ ਜ਼ਰੂਰ ਰੜਕਦੀ ਰਹੀ ਜਿਸਦਾ ਮੂਲ ਕਾਰਨ ਉਨ੍ਹਾਂ ਦੇ ਵੀਜ਼ੇ ਨਾ ਲੱਗਣਾ ਸੀ। ਫੇਰ ਵੀ ਬਰਤਾਨੀਆ, ਅਮਰੀਕਾ, ਤੇ ਕੈਨੇਡਾ ਦੀਆਂ ਸਾਹਿਤਕ ਤੇ ਸਭਿਆਚਾਰਕ ਸੰਸਥਾਵਾਂ ਦੀ ਪ੍ਰਤੀਨਿਧਤਾ ਨੇ ਉਸ ਪਾਸੇ ਧਿਆਨ ਨਹੀਂ ਜਾਣ ਦਿੱਤਾ। ਅਜਿਹੀਆਂ ਕਾਨਫਰੰਸਾਂ ਸਾਨੂੰ ਆਵਾਸ ਤੇ ਪਰਵਾਸ ਦੇ ਮਸਲਿਆਂ ਨਾਲ ਹੀ ਨਹੀਂ ਜੋੜਦੀਆਂ ਇਨ੍ਹਾਂ ਦੀਆਂ ਪ੍ਰਾਪਤੀਆਂ ਤੋਂ ਵੀ ਜਾਣੂ ਕਰਾਉਂਦੀਆਂ ਹਨ। ਇਨ੍ਹਾਂ ਦਾ ਪ੍ਰਬੰਧਨ ਔਖਾ ਤਾਂ ਹੈ ਪਰ ਇਸਦੇ ਲਾਭ ਵੀ ਗੁੱਝੇ ਨਹੀਂ। ਕੇਂਦਰੀ ਪੰਜਾਬੀ ਲੇਖਕ ਸਭਾ (ਰਜਿਸਟਰਡ) ਸ਼ਲਾਘਾ ਦੀ ਹੱਕਦਾਰ ਹੈ!

***ਅੰਤਿਕਾ***

ਹਰਿਭਜਨ ਸਿੰਘ

ਅਜੇ ਤੱਕ ਓਸ ਥਾਵੇਂ ਚੱਲ ਰਿਹਾ ਹੈ ਜਸ਼ਨ ਜੀਭਾਂ ਦਾ,
ਕਦੇ ਲੰਘਿਆ ਸੀ ਜਿਥੋਂ ਕਾਫਲਾ ਮੇਰੇ ਗੁਨਾਹਾਂ ਦਾ।
ਜਿਹੜੀ ਏਕਾਂਤ ਵਿਚ ਮੈਂ ਤੂੰ ਮਿਲੇ ਸਾਂ, ਉਹ ਨਹੀਂ ਲਭਦੀ,
ਬੜਾ ਹੈ ਸ਼ੋਰ ਉਂਝ ਤਾਂ ਦੋਸਤਾ ਸਾਡੇ ਗਵਾਹਾਂ ਦਾ।
ਉਹ ਮੈਨੂੰ ਕਤਲਗਾਹ ਪਹੁੰਚਾਣ ਖਾਤਰ ਤੁਰ ਕੇ ਨਾਲ ਆਏ,
ਹੈ ਕਿੰਨਾ ਆਸਰਾ, ਇਤਬਾਰ, ਮੈਨੂੰ ਖੈਰ-ਖਵਾਹਾਂ ਦਾ।
ਜਿਨ੍ਹਾਂ ਨੂੰ ਉਹ ਦੇਰ ਤੱਕ ਵਿਹੰਦੇ ਰਹੇ ਬੁਝਦੇ ਸਿਫਰ ਵਾਂਗੂ,
ਉਨ੍ਹਾਂ ਦੀ ਖੈਰ ਲਈ ਬਲਦਾ ਸੀ ਦੀਵਾ ਖਾਨਦਾਹਾਂ ਦਾ।

# ਕੀ ਹੈ ਮਨੂ ਸਿਮਰਤੀ?

ਕੁਝ ਦਿਨ ਪਹਿਲਾਂ ਮਨੂ ਸਿਮਰਤੀ ਨੂੰ ਜਲਾਉਣ ਦੀ ਕੋਸ਼ਿਸ਼ ਕਰਨ ਦੇ ਇਲਜ਼ਾਮ ਹੇਠ ਬਨਾਰਸ ਹਿੰਦੂ ਯੂਨੀਵਰਸਿਟੀ ਦੇ 13 ਵਿਦਿਆਰਥੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਸ ਵੇਲੇ ਮਨੂ ਸਿਮਰਤੀ ਦੇ ਸਮਰਥਕਾਂ ਅਤੇ ਵਿਰੋਧੀਆਂ ਦਰਮਿਆਨ ਜਬਰਦਸਤ ਵਿਵਾਦ ਚਲ ਰਿਹਾ ਹੈ। ਮਨੂ ਸਿਮਰਤੀ ਦਾ ਅਸਲੀ ਨਾਮ ਮਾਨਵ ਧਰਮ ਸ਼ਾਸ਼ਤਰ ਹੈ ਤੇ ਇਹ ਹਿੰਦੂਆਂ ਦੇ ਜੀਵਨ ਦੇ ਵੱਖ ਵੱਖ ਪਹਿਲੂਆਂ ਜਿਵੇਂ ਰਾਜਨੀਤਕ, ਧਾਰਮਿਕ, ਸਮਾਜਿਕ ਅਤੇ ਨਿਆਂਇਕ ਆਦਿ ਨੂੰ ਨਿਯਮਬੱਧ ਕਰਨ ਵਾਲੀ ਇਕ ਨਿਯਮਾਂਵਲੀ ਹੈ। ਇਹ ਕਿਸੇ ਇਕ ਵਿਅਕਤੀ ਮਨੂ ਦੁਆਰਾ ਲਿਖੀ ਹੋਈ ਨਹੀਂ ਬਲਕਿ ਹੁਣ ਤੱਕ ਵੱਖ ਵੱਖ ਰਿਸ਼ੀਆਂ-ਮੁਨੀਆਂ ਅਤੇ ਕਾਨੂੰਨਦਾਨਾਂ ਦੁਆਰਾ ਲਿਖਤ 50 ਤੋਂ ਵੱਧ ਮਨੂ ਸਿਮਰਤੀਆਂ ਸਾਹਮਣੇ ਆਈਆਂ ਹਨ। ਇਨ੍ਹਾਂ ਸਿਮਰਤੀਆਂ ਵਿਚ ਕੋਈ




**ਬਲਰਾਜ ਸਿੰਘ ਸਿੱਧੂ**
**ਫੋਨ:95011-00062**

ਜਿਆਦਾ ਸਮਾਨਤਾ ਨਹੀਂ ਹੈ ਤੇ ਕਈ ਤਾਂ ਇਕ ਦੂਸਰੇ ਦੀਆਂ ਵਿਰੋਧੀ ਵੀ ਹਨ, ਪਰ ਬਹੁ-ਗਿਣਤੀ ਵਿਦਵਾਨਾਂ ਮੁਤਾਬਕ ਸੰਨ 1801 ਈਸਵੀ ਵਿਚ ਕਲਕੱਤਾ ਵਿਖੇ ਮਿਲੀ ਕੁਲਕ ਭੱਟ ਦੁਆਰਾ ਲਿਖਤ ਕਲਕੱਤਾ ਸਿਮਰਤੀ ਹੀ ਅਸਲੀ ਮਨੂ ਸਿਮਰਤੀ ਹੈ ਤੇ ਇਸ ਦਾ ਹੁਣ ਤੱਕ ਸੈਂਕੜੇ ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕਾ ਹੈ। ਮਨੂ ਕਿਸੇ ਖਾਸ ਵਿਅਕਤੀ ਦਾ ਨਾਮ ਨਹੀਂ ਹੈ ਤੇ ਇਹ ਵੱਖ ਵੱਖ ਸਮੇਂ 'ਤੇ ਗਿਆਨੀ ਵਿਅਕਤੀਆਂ ਲਈ ਵਰਤਿਆ ਜਾਂਦਾ ਰਿਹਾ ਹੈ। ਪਹਿਲਾ ਮਨੂ ਰਿਸ਼ੀ ਸਵੈਅਮਭੂ ਸੀ ਜਿਸ ਬਾਰੇ ਮੰਨਿਆ ਜਾਂਦਾ ਹੈ ਕਿ ਉਸ ਨੇ ਬਰ੍ਹਮਾ ਦੇਵਤੇ ਤੋਂ ਗਿਆਨ ਹਾਸਲ ਕੀਤਾ ਸੀ। ਇੰਦਰ ਦੇਵਤੇ ਦਾ ਵੀ ਇਕ ਨਾਮ ਮਨੂ ਹੈ।

ਕਲਕੱਤਾ ਮਨੂ ਸਿਮਰਤੀ ਪਹਿਲੀ ਜਾਂ ਦੂਸਰੀ ਸਦੀ ਵਿਚ ਲਿਖੀ ਗਈ ਸੀ ਤੇ ਇਸ ਵਿਚ ਰਾਜਾ ਅਤੇ ਪਰਜਾ ਦੇ ਕਰਤਵ ਅਤੇ ਹੱਕ, ਫੌਜ਼ਦਾਰੀ, ਦੀਵਾਨੀ, ਅਤੇ ਧਾਰਮਿਕ ਕਾਨੂੰਨ, ਇਨਸਾਨੀ ਕਿਰਦਾਰ ਅਤੇ ਜ਼ਾਤ-ਪਾਤ ਦੇ ਸਖਤ ਨਿਯਮਾਂ ਆਦਿ ਦਾ ਵਰਨਣ ਕੀਤਾ ਗਿਆ ਹੈ। ਇਥੇ ਇਹ ਵੀ ਵਰਨਣਯੋਗ ਹੈ ਕਿ ਇਸ ਸਿਮਰਤੀ ਦਾ ਜ਼ਾਤ-ਪਾਤ ਸਬੰਧੀ ਹਿੰਦੂ ਸਮਾਜ 'ਤੇ ਪਾਇਆ ਕੱਟੜ ਪ੍ਰਭਾਵ ਭਾਵੇਂ ਅੱਜ ਤੱਕ ਚੱਲ ਰਿਹਾ ਹੈ, ਪਰ ਮੌਰੀਆ ਸਾਮਰਾਜ ਤੋਂ ਲੈ ਕੇ ਭਾਰਤ ਵਿਚ ਇਸਲਾਮੀ ਰਾਜ ਕਾਇਮ ਹੋਣ ਤੱਕ ਕਿਸੇ ਵੀ ਹਿੰਦੂ ਰਾਜੇ ਨੇ ਆਪਣੀ ਨਿਆਂਪ੍ਰਣਾਲੀ ਇਸ ਦੇ ਅਨੁਸਾਰ ਨਹੀਂ ਸੀ ਚਲਾਈ। ਇਹ ਸੰਸਕ੍ਰਿਤ ਦਾ ਪਹਿਲਾ ਦਸਤਾਵੇਜ਼ ਸੀ ਜਿਸ ਦਾ ਅੰਗਰੇਜ਼ੀ ਵਿਚ ਅਨੁਵਾਦ ਹੋਇਆ ਸੀ। ਈਸਟ ਇੰਡੀਆ ਕੰਪਨੀ ਨੇ 1776 ਈਸਵੀ ਵਿਚ ਇਸ ਦਾ ਅਨੁਵਾਦ ਬ੍ਰਿਟਿਸ਼ ਵਿਦਵਾਨ ਸਰ ਵਿਲੀਅਮ ਜੋਨਜ਼ ਤੋਂ ਕਰਵਾਇਆ ਅਤੇ ਆਪਣੇ ਅਧਿਕਾਰ ਹੇਠਲੇ ਇਲਾਕੇ ਵਿਚ ਹਿੰਦੂ ਲਾਅ ਕੋਡ ਨਾਮ ਹੇਠ ਲਾਗੂ ਕੀਤਾ।

ਮਨੂ ਸਿਮਰਤੀ ਨਾਮ ਨਵਾਂ ਲੱਗਦਾ ਹੈ ਕਿਉਂਕਿ ਹੁਣ ਤੱਕ ਖੋਜੀਆਂ ਗਈਆਂ ਸਿਮਰਤੀਆਂ ਲਈ ਮਾਨਵ ਧਰਮ ਸ਼ਾਸ਼ਤਰ ਨਾਮ ਵਰਤਿਆ ਗਿਆ ਹੈ। ਸਰ ਵਿਲੀਅਮ ਜੋਨਜ਼ ਅਤੇ ਕਾਰਲ ਵਿਲਹੈਮ ਫਰੀਡਰਿਕ ਵਰਗੇ ਕਈ ਭਾਸ਼ਾ ਵਿਗਿਆਨੀਆਂ ਦੇ ਅਨੁਸਾਰ ਮਨੂ ਸਿਮਰਤੀ ਸੰਨ 1250 ਈਸਾ ਪੂਰਵ ਅਤੇ 1000 ਈਸਾ ਪੂਰਵ ਦੇ ਦਰਮਿਆਨ ਰਚੀ ਗਈ ਸੀ। ਪਰ ਨਵੀਨ ਭਾਸ਼ਾਈ ਖੋਜਾਂ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਇਸ ਦੀ ਰਚਨਾ ਪਹਿਲੀ ਜਾਂ ਦੂਸਰੀ ਸ਼ਤਾਬਦੀ ਵਿਚ ਕੀਤੀ ਗਈ ਸੀ। ਜ਼ੇਮਜ਼ ਉਲੀਵਲ ਵਰਗੇ ਜਿਆਦਾਤਰ ਵਿਦਵਾਨਾਂ ਦਾ ਮੱਤ ਹੈ ਕਿ ਇਸ ਦੀ ਰਚਨਾ ਕਿਸੇ ਇਕ ਵਿਅਕਤੀ ਨੇ ਨਹੀਂ ਸੀ ਕੀਤੀ, ਬਲਕਿ ਸਦੀਆਂ ਤੱਕ ਵੱਖ ਵੱਖ ਵਿਦਵਾਨ ਇਸ ਵਿਚ ਆਪਣੇ ਵਿਚਾਰ ਸ਼ਾਮਲ ਕਰਦੇ ਰਹੇ। ਪਰ ਅਸਲੀ ਮੰਨੀ ਜਾਣ ਵਾਲੀ ਕਲਕੱਤਾ ਮਨੂ ਸਿਮਰਤੀ ਕਿਸੇ ਇਕ ਵਿਅਕਤੀ ਜਾਂ ਵਿਦਵਾਨਾਂ ਦੀ ਕਿਸੇ ਕਮੇਟੀ ਦੁਆਰਾ ਰਚੀ ਗਈ ਹੈ। ਇਸ ਨੂੰ ਚਾਰ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲਾ ਭਾਗ ਸੰਸਾਰ ਦੀ ਉਤਪਤੀ ਸਬੰਧੀ ਹੈ, ਦੂਸਰਾ ਭਾਗ ਧਰਮ ਬਾਰੇ, ਤੀਸਰਾ ਭਾਗ ਚਾਰ ਵਰਣਾਂ (ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ) ਦੇ ਅਧਿਕਾਰਾਂ ਤੇ ਕਰਤਵਾਂ ਬਾਰੇ ਤੇ ਚੌਥਾ ਭਾਗ ਕਰਮ ਸਿਧਾਂਤ, ਮੌਤ ਅਤੇ ਪੁਨਰ ਜਨਮ ਬਾਰੇ ਹੈ। ਆਧੁਨਿਕ ਯੁੱਗ ਵਿਚ ਇਸ ਦੀ ਵਿਰੋਧਤਾ ਦਾ ਸਭ ਤੋਂ ਵੱਡਾ ਕਾਰਨ ਇਸ ਦਾ ਤੀਸਰਾ ਭਾਗ ਹੈ ਜਿਸ ਵਿਚ ਸ਼ੂਦਰਾਂ ਅਤੇ ਔਰਤਾਂ ਨੂੰ ਜਾਨਵਰਾਂ ਤੋਂ ਵੀ ਬਦਤਰ ਸ਼ਰੇਣੀ ਵਿਚ ਰੱਖਿਆ ਗਿਆ ਹੈ।




ਔਰਤਾਂ ਬਾਰੇ ਲਿਖਿਆ ਗਿਆ ਹੈ ਕਿ ਉਸ ਦੀ ਸ਼ਾਦੀ ਹਰ ਹਾਲਤ ਵਿਚ ਮਾਸਕ ਧਰਮ ਸ਼ੁਰੂ ਹੋਣ ਤੋਂ ਪਹਿਲਾਂ ਕਰ ਦਿੱਤੀ ਜਾਣੀ ਚਾਹੀਦੀ ਹੈ। ਉਸ ਨੂੰ ਸ਼ਾਦੀ ਤੋਂ ਪਹਿਲਾਂ ਪਿਤਾ, ਸ਼ਾਦੀ ਤੋਂ ਬਾਅਦ ਪਤੀ ਅਤੇ ਵਿਧਵਾ ਹੋਣ 'ਤੇ ਪੁੱਤਰ ਦੇ ਅਧੀਨ ਰਹਿਣਾ ਚਾਹੀਦਾ ਹੈ। ਵਿਧਵਾ ਦਾ ਪੁਨਰ ਵਿਵਾਹ ਨਹੀਂ ਹੋ ਸਕਦਾ ਤੇ ਉਸ ਨੂੰ ਬਾਕੀ ਜ਼ਿੰਦਗੀ ਸਫੈਦ ਕੱਪੜੇ ਪਹਿਨਣੇ ਪੈਣਗੇ। ਸ਼ੂਦਰਾਂ ਵਾਸਤੇ ਨਿਯਮ ਉਸ ਤੋਂ ਵੱਧ ਸਖਤ ਹਨ। ਉਹ ਨਾ ਤਾਂ ਕਿਸੇ ਧਰਮ ਸਥਾਨ ਤੇ ਪਾਠਸ਼ਾਲਾ ਅੰਦਰ ਜਾ ਸਕਦੇ ਹਨ ਤੇ ਨਾ ਹੀ ਵੇਦਾਂ ਸ਼ਾਸ਼ਤਰਾਂ ਆਦਿ ਨੂੰ ਛੂਹ, ਸੁਣ ਜਾਂ ਪੜ੍ਹ ਸਕਦੇ ਹਨ। ਜੇ ਉਹ ਕਿਸੇ ਵੇਦ ਸ਼ਾਸ਼ਤਰ ਨੂੰ ਛੂਹ ਲੈਣ ਤਾਂ ਉਨ੍ਹਾਂ ਦੇ ਹੱਥ ਵੱਢ ਦਿੱਤੇ ਜਾਣੇ ਚਾਹੀਦੇ ਹਨ, ਜੇ ਉਹ ਵੇਦ ਸ਼ਾਸ਼ਤਰਾਂ ਨੂੰ ਸੁਣਦੇ ਹਨ ਤਾਂ ਕੰਨਾਂ ਵਿਚ ਤੇ ਜੇ ਵੇਦ ਸ਼ਾਸ਼ਤਰ ਪੜ੍ਹਦੇ ਹਨ ਤਾਂ ਉਨ੍ਹਾਂ ਦੇ ਮੂੰਹ ਵਿਚ ਸਿੱਕਾ ਪਿਘਲਾ ਕੇ ਪਾ ਦਿੱਤਾ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ ਇਹ ਵੀ ਵਰਣਿਤ ਹੈ ਜਿ ਜੇ ਕਿਸੇ ਉੱਚ ਜਾਤੀ ਵਾਲੇ 'ਤੇ ਸ਼ੂਦਰ ਦਾ ਪ੍ਰਛਾਵਾਂ ਵੀ ਪੈ ਜਾਵੇ ਤਾਂ ਉਸ ਨੂੰ ਦੁਬਾਰਾ ਕਿਸ ਵਿਧੀ ਵਿਧਾਨ ਦੁਆਰਾ ਸ਼ੁੱਧ ਕਰਨਾ ਹੈ। ਸ਼ੂਦਰ ਚਾਹੇ ਕਿੰਨਾ ਵੀ ਵਿਦਵਾਨ ਹੋਵੇ, ਉਹ ਪੂਜਨੀਕ ਨਹੀਂ ਹੋ ਸਕਦਾ।

ਪਰ ਇਸ ਵਿਚ ਔਰਤਾਂ ਨੂੰ ਕਾਫੀ ਅਧਿਕਾਰ ਵੀ ਦਿੱਤੇ ਗਏ ਹਨ। ਔਰਤ ਨੂੰ ਹੱਕ ਹੈ ਕਿ ਉਹ ਹਿੰਸਕ, ਨਾਮਰਦ, ਨਿਖੱਟੂ, ਛੱਡ ਕੇ ਫਰਾਰ ਹੋ ਗਏ ਅਤੇ ਅਪਰਾਧ ਕਰਨ ਵਾਲੇ ਪਤੀ ਨੂੰ ਤਲਾਕ ਦੇ ਸਕਦੀ ਹੈ ਤੇ ਦੁਬਾਰਾ ਵਿਆਹ ਕਰਵਾ ਸਕਦੀ ਹੈ। ਸ਼ਾਦੀ ਸਮੇਂ ਪੇਕਿਆਂ ਅਤੇ ਸਹੁਰਿਆਂ ਵੱਲੋਂ ਮਿਲਣ ਵਾਲੇ ਤੋਹਫਿਆਂ 'ਤੇ ਕੇਵਲ ਪਤਨੀ ਦਾ ਅਧਿਕਾਰ ਹੈ। ਪਤਨੀ ਨੂੰ ਆਪਣੇ ਪਤੀ ਨੂੰ ਦੇਵਤਾ ਅਤੇ ਪਤੀ ਵੱਲੋਂ ਆਪਣੀ ਪਤਨੀ ਨੂੰ ਦੇਵੀ ਸਮਝਣਾ ਚਾਹੀਦਾ ਹੈ। ਜਿਸ ਘਰ ਵਿਚ ਔਰਤਾਂ ਖੁਸ਼ ਰਹਿੰਦੀਆਂ ਹਨ, ਉਥੇ ਰੱਬ ਹਰ ਪ੍ਰਕਾਰ ਦੀਆਂ ਰਹਿਮਤਾਂ ਦੀ ਬਾਰਸ਼ ਕਰਦਾ ਹੈ ਤੇ ਜਿਸ ਘਰ ਵਿਚ ਉਨ੍ਹਾਂ ਨੂੰ ਕਸ਼ਟ ਦਿੱਤੇ ਜਾਣ, ਉਥੇ ਕੀਤਾ ਗਿਆ ਕੋਈ ਵੀ ਯੱਗ ਹਵਨ ਬੇਕਾਰ ਹੈ। ਲਕਸ਼ਮੀ ਤੇ ਸਰਸਵਤੀ ਉਸ ਘਰ ਨੂੰ ਛੱਡ ਕੇ ਚਲੀਆਂ ਜਾਂਦੀਆਂ ਹਨ।

20ਵੀਂ ਸਦੀ ਦੀ ਸ਼ੁਰੂਆਤ ਤੋਂ ਹੀ ਮਨੂ ਸਿਮਰਤੀ ਸਬੰਧੀ ਵਾਦ ਵਿਵਾਦ ਜੋਰ ਪਕੜ ਗਿਆ ਸੀ। ਸੁਧਾਰਵਾਦੀ ਲੋਕ ਇਸ ਦੇ ਖਿਲਾਫ ਸਨ ਪਰ ਸੱਜੇ ਪੱਖੀ ਕੱਟੜਵਾਦੀ ਸੰਸਥਾਵਾਂ ਇਸ ਦੇ ਪੱਖ ਵਿਚ ਸਨ। ਇਸ ਦਾ ਸਭ ਤੋਂ ਵੱਡਾ ਆਲੋਚਕ ਡਾ. ਭੀਮ ਰਾਓ ਅੰਬੇਦਕਰ ਸੀ ਜੋ ਇਸ ਨੂੰ ਭਾਰਤ ਵਿਚ ਜ਼ਾਤ-ਪਾਤ ਵਿਵਸਥਾ ਲਈ ਜ਼ਿੰਮੇਵਾਰ ਸਮਝਦਾ ਸੀ। 25 ਦਸੰਬਰ 1927 ਵਾਲੇ ਦਿਨ ਉਸ ਨੇ ਮਨੂ ਸਿਮਰਤੀ ਦੀ ਹੋਲੀ ਜਲਾਈ ਸੀ ਜਿਸ ਕਾਰਨ ਅੰਬੇਦਕਰਵਾਦੀਆਂ ਵੱਲੋਂ ਹਰ ਸਾਲ 25 ਦਸੰਬਰ ਨੂੰ ਮਨੂ ਸਿਮਰਤੀ ਦਹਨ ਦਿਵਸ ਮਨਾਇਆ ਜਾਂਦਾ ਹੈ। ਇਥੇ ਇਹ ਵੀ ਵਰਨਣ ਯੋਗ ਹੈ ਕਿ ਮਹਾਤਮਾ ਗਾਂਧੀ ਨੇ ਮਨੂ ਸਿਮਰਤੀ ਨੂੰ ਸਾੜਨ ਦਾ ਇਹ ਕਹਿ ਕੇ ਵਿਰੋਧ ਕੀਤਾ ਸੀ ਕਿ ਛੂਆ-ਛਾਤ ਭਾਰਤ ਲਈ ਬਹੁਤ ਘਾਤਕ ਹੈ ਪਰ ਇਸ ਲਈ ਪ੍ਰਚੀਨ ਸ਼ਾਸ਼ਤਰਾਂ ਨੂੰ ਸਾੜਨ ਦੀ ਕੋਈ ਜਰੂਰਤ ਨਹੀਂ ਹੈ। ਉਨ੍ਹਾਂ ਨੇ ਇਹ ਵੀ ਕਿਹਾ ਸੀ ਕਿ ਮਨੂ ਸਿਮਰਤੀ ਸਵੈ ਵਿਰੋਧੀ ਕਥਨਾਂ ਨਾਲ ਭਰੀ ਪਈ ਹੈ ਤੇ ਮੌਲਿਕ ਮਨੂ ਸਿਮਰਤੀ ਕਿਸੇ ਕੋਲ ਵੀ ਨਹੀਂ ਹੈ। ਉਨ੍ਹਾਂ ਨੇ ਸੁਝਾਅ ਦਿੱਤਾ ਸੀ ਕਿ ਸਭ ਨੂੰ ਮੁਕੰਮਲ ਮਨੂ ਸਿਮਰਤੀ ਪੜ੍ਹਨੀ ਚਾਹੀਦੀ ਹੈ। ਇਸ ਵੱਲੋਂ ਦਰਸਾਏ ਗਏ ਸੱਚ ਅਤੇ ਅਹਿੰਸਾ ਦੇ ਮਾਰਗ 'ਤੇ ਚੱਲਣਾ ਚਾਹੀਦਾ ਹੈ ਤੇ ਵਿਵਾਦਿਤ ਅਧਿਆਇਆਂ ਨੂੰ ਵਿਸਾਰ ਦੇਣਾ ਚਾਹੀਦਾ ਹੈ।

ਜਦੋਂ ਭਾਰਤ ਅਜ਼ਾਦ ਹੋਇਆ ਤਾਂ ਸੱਜੇ ਪੱਖੀ ਸੰਸਥਾਵਾਂ ਵੱਲੋਂ ਇਹ ਜੋਰ ਪਾਇਆ ਗਿਆ ਕਿ ਭਾਰਤ ਦਾ ਸੰਵਿਧਾਨ ਮਨੂ ਸਿਮਰਤੀ 'ਤੇ ਅਧਾਰਿਤ ਹੋਣਾ ਚਾਹੀਦਾ ਹੈ। ਪਰ ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਅਤੇ ਸੰਵਿਧਾਨ ਸਭਾ ਦੇ ਮੁਖੀ ਡਾ. ਅੰਬੇਦਕਰ ਨੇ ਉਨ੍ਹਾਂ ਦੀ ਗੱਲ ਨਾ ਮੰਨੀ। ਇਸ ਤੋਂ ਬਾਅਦ ਮਨੂ ਸਿਮਰਤੀ ਦਾ ਮਾਮਲਾ ਦੱਬਿਆ ਗਿਆ ਤੇ ਕਦੇ ਕਦਾਈਂ ਕਿਸੇ ਛੁੱਟ ਭਈਏ ਨੇਤਾ ਵੱਲੋਂ ਇਸ ਦੇ ਹੱਕ ਜਾਂ ਖਿਲਾਫ ਬਿਆਨ ਆ ਜਾਂਦਾ ਸੀ। ਪਰ ਪਿਛਲੇ ਦੋ ਤਿੰਨ ਸਾਲਾਂ ਤੋਂ ਇਸ ਦੀ ਚਰਚਾ ਮੁੜ ਤੇਜ ਹੋ ਗਈ ਹੈ। ਕਾਂਗਰਸ ਅਤੇ ਇਸ ਦੀਆਂ ਸਹਿਯੋਗੀ ਪਾਰਟੀਆਂ ਵੱਲੋਂ ਲਗਾਤਾਰ ਸੱਤਾਧਾਰੀ ਭਾਜਪਾ 'ਤੇ ਦੋਸ਼ ਲਗਾਏ ਜਾ ਰਹੇ ਹਨ ਕਿ ਭਾਜਪਾ ਡਾ. ਅੰਬੇਦਕਰ ਵੱਲੋਂ ਬਣਾਇਆ ਗਿਆ ਸੰਵਿਧਾਨ ਬਦਲਣਾ ਚਾਹੁੰਦੀ ਹੈ। ਕੁਝ ਦਿਨ ਪਹਿਲਾਂ ਰਾਜ ਸਭਾ ਵਿਚ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਡਾ. ਅੰਬੇਦਕਰ ਬਾਰੇ ਦਿੱਤੇ ਗਏ ਇਕ ਬਿਆਨ ਨੇ ਬਲਦੀ 'ਤੇ ਤੇਲ ਪਾਉਣ ਦਾ ਕੰਮ ਕੀਤਾ ਹੈ। ਅਸਲ ਵਿਚ ਮਨੂ ਸਿਮਰਤੀ ਹੁਣ ਕਿਸੇ ਪ੍ਰਚੀਨ ਧਾਰਮਿਕ-ਸਮਾਜਿਕ ਸ਼ਾਸ਼ਤਰ ਦੀ ਬਜਾਏ ਰਾਜਨੀਤਕ ਸ਼ਸਤਰ ਬਣ ਗਿਆ ਹੈ ਜਿਸ ਦੀ ਵਰਤੋਂ ਵਿਰੋਧੀਆਂ ਨੂੰ ਗੁੱਠੇ ਲਾਉਣ ਲਈ ਹਰ ਰਾਜਨੀਤਕ ਪਾਰਟੀ ਕਰ ਰਹੀ ਹੈ। ਲੱਗਦਾ ਹੈ ਕਿ ਕੁਝ ਕੁ ਸਮੇਂ ਬਾਅਦ ਹੋਣ ਵਾਲੀਆਂ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਵੀ ਇਸ ਵਿਵਾਦ ਦੀ ਖੁਲ੍ਹ ਕੇ ਵਰਤੋਂ ਕੀਤੀ ਜਾਵੇਗੀ।

# ਜਨਮ ਸਮੇਂ ਰਹਿ ਗਈਆਂ ਸਰੀਰਕ ਬਣਤਰ ਦੀਆਂ ਕਮੀਆਂ

ਹੇਠਾਂ ਜਾਂ ਉੱਪਰ ਵਾਲੇ ਬੁਲ ਦਾ ਫਟਿਆ ਹੋਣਾ : ਕਲੈਫਟ ਲਿਪ ਜਾ ਕਲੈਫਟ ਪਲੇਟ ਇਕ ਅਜੇਹਾ ਹੀ ਬਣਤਰ ਦਾ ਨੁਕਸ ਹੈ ਜਿਸ ਵਿਚ ਚਿਹਰੇ ਦੇ ਸਾਹਮਣੇ ਉੱਪਰ ਵਾਲੇ ਬੁੱਲ੍ਹ ਵਿਚ ਇਕ ਪਾਸੇ ਜਾਂ ਦੋਹੀਂ ਪਾਸੀਂ ਹੇਠਾਂ ਤੋਂ ਉੱਪਰ ਨੱਕ ਵੱਲ ਨੂੰ ਕੱਟ ਪਿਆ ਹੁੰਦਾ ਹੈ।

ਇਹ ਕੱਟ ਇਕੱਲੇ ਬੁੱਲ੍ਹ ਵਿਚ ਹੀ ਨਹੀਂ ਹੁੰਦੇ ਬਲਕਿ ਮੂੰਹ ਦੇ ਅੰਦਰ ਮੂੰਹ ਦੀ ਛੱਤ ਵਾਲੀ ਹੱਡੀ ਦੇ ਵਿਚ ਵੀ ਹੁੰਦੇ ਹਨ ਜਿਸ ਨੂੰ ਮੈਗਜੀਲਾ ਕਹਿੰਦੇ ਹਨ। ਤੇ



**ਗੁਰਦੀਪ ਸਿੰਘ ਸੰਧੂ**
**ਫੋਨ: 408-687-1899**

ਪਿਛਾਂਹ ਮੂੰਹ ਵੱਲ ਜਾਂਦਿਆਂ ਗਲੇ ਵਿਚ ਦਿਸਦੇ ਕਾ ਤੱਕ ਇਹ ਕੱਟ ਪਹੁੰਚ ਜਾਂਦੇ ਹਨ। ਜਿਸ ਕਰਕੇ ਬੱਚੇ ਦਾ ਕੋਈ ਵੀ ਖਾਣ-ਪਾਣ ਅੰਦਰ ਲੰਘਾਉਣਾ ਮੁਸ਼ਕਲ ਹੁੰਦਾ ਹੈ ਤੇ ਉਹ ਨੱਕ ਰਾਹੀਂ ਬਾਹਰ ਵੀ ਆ ਜਾਂਦਾ ਹੈ।

ਇਹ ਕਲੈਫਟ ਲਿਪ ਜਾਂ ਕਲੈਫਟ ਪਲੇਟ ਦਾ ਨੁਕਸ ਸਰੀਰਕ ਬਣਤਰ ਦੀਆਂ ਕਮੀਆਂ ਪੇਸ਼ੀਆਂ ਦੇ ਚੱਲਦੇ ਪਰੈਗਨੈਂਸੀ ਦੇ ਦੂਸਰੇ ਮਹੀਨੇ ਹੀ ਵਧਣਾ ਸ਼ੁਰੂ ਹੋ ਜਾਂਦਾ ਹੈ ਤੇ ਅੱਜ ਕੱਲ ਦੀ ਮੌਡਰਨ ਟੈਕਨੀਕ ਅਲਟਰਾਸਾਊਂਡ ਰਾਹੀਂ ਇਹ ਪਰੈਗਨੈਂਸੀ ਦੌਰਾਨ ਵੀ ਵੇਖਿਆ ਜਾ ਸਕਦਾ ਹੈ।

ਇਹ ਜਮਾਂਦਰੂ ਨੁਕਸ ਇਨਹੈਰੀਟਡ ਵੀ ਹੋ ਸਕਦਾ ਹੈ ਭਾਵ ਮਾਂ ਬਾਪ ਵੱਲੋਂ ਚਲਿਆ ਆਉਂਦਾ ਵੀ ਭਾਵ ਜੈਨੇਟਿਕ ਕਰੈਕਟਰ ਜਾਂ ਜੈਨੇਟਿਕ ਬਣਤਰ ਕਰਕੇ ਵੀ ਪੀੜ੍ਹੀਆਂ ਤੱਕ ਅਗੇ ਆ ਸਕਦਾ ਹੈ ਤੇ ਪਰੈਗਨੈਂਸੀ ਦੌਰਾਨ ਮਾਂ ਦੀ ਖਾਧ ਖ਼ੁਰਾਕ ਦੇ ਨੁਕਸਾਂ ਕਰਕੇ ਜਿਨ੍ਹਾਂ ਨਾਲ ਬੱਚੇ ਦੇ ਅੰਗਾਂ ਦੀ ਨਾਰਮਲ ਡਿਵੈਲਪਮੈਂਟ ਰੁਕ ਜਾਂਦੀ ਉਸ ਕਾਰਨ ਵੀ ਹੋ ਸਕਦਾ ਹੈ। ਜਿਵੇਂ ਮਾਂ ਦਾ ਡਰਗ ਐਡਿਕਸ਼ਨ ਹੋਣਾ ਜਾਂ ਸਮੋਕਿੰਗ ਦਾ ਆਦੀ ਹੋਣਾ। ਸਮੋਕਿੰਗ ਦੀ ਆਦਤ ਕਰਕੇ ਜਾਂ ਅਜੇਹੀਆਂ ਦਵਾਈਆਂ ਦੇ ਇਸਤੇਮਾਲ ਕਰਕੇ ਵੀ ਹੋ ਸਕਦਾ ਹੈ ਜਿਨ੍ਹਾਂ ਦੇ ਅਸਰ ਕਰਕੇ ਬੱਚੇ ਦਾ ਨਾਰਮਲ ਵਾਧਾ ਮਾਂ ਦੇ ਪੇਟ ਵਿਚ ਵੀ ਰੁਕ ਸਕਦਾ ਹੈ। ਜਿਵੇਂ ਹਾਇਅਰ ਐਂਟੀਬਾਇਓਟਿਕ ਦਵਾਈਆਂ ਦਾ ਲੰਮੇ ਸਮੇਂ ਲਈ ਪਰੈਗਨੈਂਸੀ ਦੌਰਾਨ ਇਸਤੇਮਾਲ ਕਰਨ ਨਾਲ ਅਜੇਹੀ ਕਮੀ ਰਹਿ ਸਕਦੀ ਹੈ। ਸ਼ੂਗਰ ਜਾਂ ਬਹੁਤ ਮੋਟਾਪੇ ਵਾਲੀਆਂ ਮਾਂਵਾਂ ਦੇ ਬਚਿਆਂ ਵਿਚ ਵੀ ਅਜੇਹਾ ਨੁਕਸ ਰਹਿ ਸਕਦਾ ਹੈ ।

ਆਮ ਤੌਰ 'ਤੇ ਅਗਰ ਸੈਕਸ ਰੇਸ਼ੋ ਵੇਖਣੀ ਹੋਵੇ ਤਾਂ ਮੇਲ ਚਾਈਲਡ ਯਾਨੀ ਲੜਕਿਆਂ ਵਿਚ ਇਹ ਜ਼ਿਆਦਾ ਨੁਕਸ ਹੋਣ ਦੀ ਸੰਭਾਵਨਾ ਹੈ ਲੜਕੀਆਂ ਨਾਲ਼ੋਂ।

ਕਲੈਫਟ ਪਲੇਟ ਕਰਕੇ ਕਿਉਂਕਿ ਬੱਚਾ ਪੂਰੀ ਤਰ੍ਹਾਂ ਸਵਾਲੋ ਯਾਨੀ ਕੋਈ ਚੀਜ਼ ਗਲੇ ਰਾਹੀਂ ਅੰਦਰ ਨਹੀਂ ਲੰਘਾ ਸਕਦਾ ਕੋਸ਼ਿਸ਼ ਕਰਨ 'ਤੇ ਉਹ ਨੱਕ ਰਾਹੀਂ ਬਾਹਰ ਨਿਕਲ ਆਉਂਦੀ ਹੈ। ਤੇ ਖ਼ੁਰਾਕ ਦੀ ਕਮੀ ਕਰਕੇ ਬੱਚੇ ਦੀ ਸਿਹਤ ਕਮਜ਼ੋਰ ਹੁੰਦੀ ਜਾਂਦੀ ਹੈ। ਕਲੈਫਟ ਪਲੇਟ ਕਰਕੇ ਬੱਚੇ ਦੇ ਕੰਨ ਵਿਚ ਇਨਫੈਕਸ਼ਨ ਜਾਂ ਕੰਨ ਦਰਦ ਅਤੇ ਕੰਨ ਵਿਚੋਂ ਰੇਸ਼ਾ ਵਗਣਾ ਸ਼ੁਰੂ ਹੋ ਸਕਦਾ ਹੈ। ਇਸ ਦੇ ਚੱਲਦਿਆਂ ਬੱਚੇ ਨੂੰ ਬੋਲਣ ਵਿਚ ਵੀ ਦਿੱਕਤ ਆਉਂਦੀ ਹੈ। ਬੱਚੇ ਨੂੰ ਦੰਦਾਂ ਦੀਆਂ ਬਹੁਤ ਸਾਰੀਆਂ ਤਕਲੀਫ਼ਾਂ ਆਉਂਦੀਆਂ ਹਨ। ਜਦ ਤੱਕ ਸਰਜਰੀ ਕਰਵਾ ਕੇ ਇਸ ਨੂੰ ਠੀਕ ਨਹੀਂ ਕੀਤਾ ਜਾਂਦਾ। ਸਰਜਰੀ ਕਰਵਾਉਣ ਦੀ ਸਹੀ ਉਮਰ ਦਸ ਤੋਂ ਬਾਰਾਂ ਸਾਲ ਬਾਹਦ ਦੀ ਹੈ।

ਕਲੈਫਟ ਪਲੇਟ ਦੇ ਨੁਕਸ ਕਰਕੇ ਬੱਚੇ ਵਿਚ ਹੀਣ ਭਾਵਨਾ ਡਿਵੈਲਪ ਹੋ ਜਾਂਦੀ ਹੈ ਜਿਸ ਕਰਕੇ ਉਹ ਆਮ ਨਾਲ਼ੋਂ ਵੱਖਰੇ ਤਰ੍ਹਾਂ ਦੇ ਸੁਭਾਅ ਵਾਲੇ ਹੋ ਜਾਂਦੇ ਹਨ। ਭਾਵਨਾਤਮਿਕ ਤੌਰ 'ਤੇ ਚਿਹਰੇ ਤੋਂ ਮਾਯੂਸ ਹੋਏ ਦਿਸਦੇ ਹਨ।

**ਹੱਲ ਕੀਹ ਹੋਵੇ**

ਬਣਨ ਵਾਲੀਆਂ ਮਾਂਵਾਂ ਨੂੰ ਆਪਣੇ ਅਣਜੰਮੇ ਤੇ ਜੰਮਣ ਵਾਲੇ ਬਚਿਆਂ ਲਈ ਸਮਰਪਿਤ ਭਾਵਨਾਵਾਂ ਨਾਲ ਜਿਉਣਾ ਚਾਹੀਦਾ ਹੈ। ਆਪਣੀ ਸਿਹਤ ਦਾ ਇਕੱਲਾ ਆਪਣੇ ਲਈ ਨਹੀਂ ਆਪਣੇ ਹੋਣ ਬੱਚੇ ਲਈ ਵੀ ਖਿਆਲ ਰੱਖਣ ਲਈ ਪਹਿਲਾ ਨਾਲ਼ੋਂ ਜ਼ਿਆਦਾ ਸੁਚੇਤ ਹੋਣਾ ਚਾਹੀਦਾ ਹੈ।

ਪਰੈਗਨੈਂਸੀ ਦੌਰਾਨ ਚੰਗੀ ਖ਼ੁਰਾਕ ਵਿਟਾਮਿਨ ਮਿਨਰਲ ਭਰਪੂਰ ਖਾਣੀ ਚਾਹੀਦੀ ਹੈ। ਅਗਰ ਖ਼ੁਰਾਕ ਵਿਚ ਕੋਈ ਕਮੀ ਹੈ ਜਾਂ ਖ਼ੁਰਾਕ ਖਾਣ ਦੇ ਬਾਵਜੂਦ ਵੀ ਤੁਹਾਡੀਆਂ ਐਂਟੀਨੇਟਲ ਚੈਕਅਪ ਸਮੇਂ ਰਿਪੋਰਟਾਂ ਕਮੀ ਪੇਸ਼ੀ ਸਾਬਤ ਕਰਦੀਆਂ ਹਨ ਤਾ ਵਿਟਾਮਿਨ ਮਿਨਰਲ ਨੂੰ ਪੂਰਾ ਕਰਨ ਲਈ ਸਪਲੀਮੈਂਟ ਲੈਣ ਵਿਚ ਵੀ ਕੋਈ ਹਰਜ਼ ਨਹੀਂ ਤਾਂ ਕਿ ਉਸ ਸਮੇਂ ਬੱਚੇ ਦੀ ਡਿਵੈਲਪਮੈਂਟ ਵਿਚ ਕੋਈ ਕਮੀ ਨਾ ਰਹਿ ਜਾਵੇ। ਅਤੇ ਇਸ ਤਰ੍ਹਾਂ ਦੀਆਂ ਅਨੌਮਲੀਜ ਯਾਨੀ ਕੁਦਰਤੀ ਬਣਤਰ ਵਿਚ ਰਹਿ ਸਕਦੀਆਂ ਕਮੀਆਂ ਦੀ ਸੰਭਾਵਨਾ ਹੀ ਨਾ ਰਹੇ।

ਦਿਲ ਦੇ ਪਰਦੇ ਵਿਚ ਸੁਰਾਖ ਅਤੇ ਦਿਲ ਦਾ ਛਾਤੀ ਦੇ ਖੱਬੇ ਪਾਸੇ ਨਾ ਹੋ ਕੇ ਸੱਜੇ ਪਾਸੇ ਹੋਣਾ ਦੂਸਰਾ ਡਿਫੈਕਟ ਹੈ। ਖਾਸ ਨੁਕਸ ਜੋ ਦਿਲ ਨਾਲ ਸੰਬੰਧਿਤ ਹੋ ਸਕਦੇ ਹਨ ਉਨ੍ਹਾਂ ਵਿਚ ਡੈਕਸਟਰੋਕਾਰਡੀਆ ਜਿਸ ਵਿਚ ਦਿਲ ਖੱਬੇ ਪਾਸੇ ਨਾ ਹੋ ਕੇ ਛਾਤੀ ਦੇ ਸੱਜੇ ਪਾਸੇ ਹੁੰਦਾ ਹੈ ਪਰ ਇਸ ਵਿਚ ਫੰਕਸ਼ਨਲ ਕੋਈ ਕਮੀ ਪੇਸ਼ੀ ਨਹੀਂ ਹੁੰਦੀ।

ਦੂਸਰੀ ਗੱਲ ਫੋਰਾਮਿਨ ਓਵਲ ਜੋ ਵਧਦੀ ਉਮਰ ਨਾਲ ਤਕਰੀਬਨ ਡੇਢ ਸਾਲ ਦੀ ਉਮਰ ਵਿਚ ਆਪਣੇ ਆਪ ਬੰਦ ਹੋ ਜਾਂਦਾ ਹੈ। ਪਰ ਜੇ ਐਸਾ ਨਾ ਹੋਵੇ ਤਾਂ ਸਰਜਰੀ ਦਾ ਸਹਾਰਾ ਵੀ ਲਿਆ ਜਾ ਸਕਦਾ ਹੈ। ਕਿਉਂਕਿ ਇਹ ਸੱਜੇ ਆਟਰੀਅਮ ਤੋਂ ਖੱਬੇ ਆਟਰੀਅਮ ਵਿਚਲੇ ਸੁਰਾਖ ਮਾਂ ਦੇ ਪੇਟ ਵਿਚ ਹੁੰਦਾ ਹੀ ਹੈ ਕਿਉਂਕਿ ਉਸ ਵਕਤ ਫੇਫੜੇ ਕੰਮ ਨਹੀਂ ਕਰ ਰਹੇ ਹੁੰਦੇ ਤੇ ਮਾਂ ਵੱਲੋਂ ਪਲਸੈਂਟਾ ਰਾਹੀਂ ਆ ਰਹੇ ਖ਼ੂਨ ਵਿਚ ਪਹਿਲਾਂ ਹੀ ਫੇਫੜਿਆਂ ਨਾਲ ਕੀਤੇ ਜਾਣ ਵਾਲੇ ਕੰਮ ਦੀ ਪੂਰਤੀ ਹੋ ਕੇ ਬੱਚੇ ਨੂੰ ਖ਼ੂਨ ਸਪਲਾਈ ਹੋ ਰਿਹਾ ਹੁੰਦਾ ਹੈ। ਅਗਰ ਸਮੇਂ ਸਿਰ ਜਨਮ ਤੋਂ ਬਾਹਦ ਇਹ ਸੁਰਾਖ ਬੰਦ ਨਹੀਂ ਹੁੰਦਾ ਤਾਂ ਇਸ ਕਾਰਨ ਬੱਚੇ ਦੀ ਸਿਹਤ ਵਿਚ ਓਵਰਆਲ ਕਮੀਆਂ ਰਹਿੰਦੀਆਂ ਤੇ ਵਧਦੀਆਂ ਜਾਂਦੀਆਂ ਹਨ। ਇਸ ਲਈ ਪਰਾਪਰ ਇਲਾਜ ਲਈ ਜ਼ਰੂਰੀ ਹੈ ਸਰਜਰੀ ਦਾ ਸਹਾਰਾ ਲਿਆ ਜਾਵੇ।

# ਸੋਸ਼ਲ ਮੀਡੀਆ 'ਤੇ ਵਧਦੀ ਲੱਚਰਤਾ

ਸੋਸ਼ਲ ਮੀਡੀਆ ਅੱਜ ਦੇ ਯੁੱਗ ਦਾ ਮਹੱਤਵਪੂਰਨ ਹਿੱਸਾ ਬਣ ਗਿਆ ਹੈ। ਇਹ ਨਾ ਸਿਰਫ਼ ਲੋਕਾਂ ਨੂੰ ਇੱਕ-ਦੂਜੇ ਨਾਲ ਜੋੜਨ ਦਾ ਸਾਧਨ ਹੈ, ਸਗੋਂ ਵਿਅਕਤੀਗਤ ਅਤੇ ਵਪਾਰਕ ਵਿਕਾਸ ਵਿਚ ਵੀ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ। ਪਰ ਜਿੱਥੇ ਇਸ ਦੇ ਅਨੇਕਾਂ ਫਾਇਦੇ ਹਨ, ਉੱਥੇ ਹੀ ਕੁਝ ਨੁਕਸਾਨ ਵੀ ਹਨ। ਅਜੋਕੇ ਸਮੇਂ ਵਿਚ, ਸੋਸ਼ਲ ਮੀਡੀਆ 'ਤੇ ਵਧ ਰਹੀ ਲੱਚਰਤਾ ਵੱਡੀ ਚਿੰਤਾ ਦਾ ਵਿਸ਼ਾ ਬਣ ਚੁੱਕੀ ਹੈ। ਇਸ ਲੱਚਰਤਾ ਕਾਰਨ ਨੈਤਿਕ ਮੁੱਲ-ਕਦਰਾਂ ਦੀ ਘਾਟ ਹੋ ਰਹੀ ਹੈ, ਜੋ ਕਿ ਸਮਾਜ ਲਈ ਖਤਰੇ ਦੀ ਘੰਟੀ ਹੈ।

**ਸੋਸ਼ਲ ਮੀਡੀਆ 'ਤੇ ਲੱਚਰਤਾ ਦੀ ਵਧਦੀ ਪ੍ਰਵਿਰਤੀ:** ਸੋਸ਼ਲ ਮੀਡੀਆ ਪਲੇਟਫਾਰਮ ਜਿਵੇਂ ਫੇਸਬੁੱਕ, ਇੰਸਟਾਗ੍ਰਾਮ, ਟਵਿੱਟਰ, ਯੂਟਿਊਬ ਅਤੇ ਟਿਕਟੌਕ ਆਦਿ 'ਤੇ ਲੋਕ ਕਈ ਵਾਰ ਅਜਿਹੀ ਸਮੱਗਰੀ ਪੋਸਟ ਕਰਦੇ ਹਨ, ਜੋ ਅਸ਼ਲੀਲ ਅਤੇ ਅਨੈਤਿਕ ਹੁੰਦੀ ਹੈ। ਅਪਸ਼ਬਦਾਂ ਭਰੀ, ਜਾਤੀਵਾਦੀ, ਅਸ਼ਲੀਲ ਜਾਂ ਭੜਕਾਉਣ ਵਾਲੀ ਸਮੱਗਰੀ ਦੀ ਵਰਤੋਂ ਕਰ ਕੇ ਲੋਕ ਸੋਸ਼ਲ ਮੀਡੀਆ 'ਤੇ ਵੱਖ-ਵੱਖ ਵਿਅਕਤੀਆਂ ਦੀ ਬੇਇੱਜ਼ਤੀ ਕਰਦੇ ਹਨ। ਇਹ ਪਰਵਿਰਤੀ ਵਿਅਕਤੀਆਂ ਦੀ ਵਿਅਕਤੀਗਤ ਜ਼ਿੰਦਗੀ 'ਤੇ ਵੀ ਬੁਰਾ ਪ੍ਰਭਾਵ ਪਾਉਂਦੀ ਹੈ ਅਤੇ ਕਈ ਵਾਰ ਇਹ ਉਨ੍ਹਾਂ ਦੀਆਂ ਜ਼ਿੰਦਗੀਆਂ ਤੱਕ ਨੁਕਸਾਨ ਪਹੁੰਚਾਉਂਦੀ ਹੈ।

**ਲੱਚਰਤਾ ਵਧਣ ਦੇ ਮੁੱਖ ਕਾਰਨ ਹਨ**

ਆਜ਼ਾਦੀ ਦਾ ਗ਼ਲਤ ਉਪਯੋਗ: ਲੋਕਾਂ ਨੂੰ ਸੋਸ਼ਲ ਮੀਡੀਆ 'ਤੇ ਆਪਣੀ ਰਾਇ ਰੱਖਣ ਦੀ ਆਜ਼ਾਦੀ ਹੈ, ਪਰ ਕਈ ਵਾਰ ਇਹ ਆਜ਼ਾਦੀ ਬੇਕਾਬੂ ਹੋ ਜਾਂਦੀ ਹੈ। ਲੋਕ ਬਿਨਾਂ ਸੋਚੇ-ਸਮਝੇ ਕਿਸੇ ਵੀ ਵਿਅਕਤੀ ਜਾਂ ਗਰੁੱਪ ਬਾਰੇ ਕੁਝ ਵੀ ਲਿਖ ਦਿੰਦੇ ਹਨ।

**ਗਲਤ ਸਮੱਗਰੀ ਦਾ ਵਧਦਾ ਪ੍ਰਸਾਰਣ:** ਕਈ ਵਾਰ ਫੇਕ ਨਿਊਜ਼, ਅਫਵਾਹਾਂ ਤੇ ਗਲਤ ਜਾਣਕਾਰੀ ਸੋਸ਼ਲ ਮੀਡੀਆ 'ਤੇ ਫੈਲਦੀ ਹੈ, ਜੋ ਲੋਕਾਂ 'ਚ ਨਫ਼ਰਤ ਤੇ ਵਿਵਾਦ ਪੈਦਾ ਕਰਦੀ ਹੈ।

**ਨਿਗਰਾਨੀ ਦੀ ਘਾਟ –** ਹਾਲਾਂਕਿ ਸਰਕਾਰਾਂ ਅਤੇ ਸੋਸ਼ਲ ਮੀਡੀਆ ਕੰਪਨੀਆਂ ਨੇ ਕੁਝ ਨਿਯਮ ਬਣਾਏ ਹਨ, ਪਰ ਇਹ ਅਜੇ ਵੀ ਬੇਕਾਬੂ ਬਣਿਆ ਹੋਇਆ ਹੈ। ਲੋਕ ਅਕਸਰ ਨਕਲੀ ਅਕਾਊਂਟ ਬਣਾ ਕੇ ਅਣਚਾਹੀ ਸਮੱਗਰੀ ਪੋਸਟ ਕਰਦੇ ਹਨ।

**ਲੋਕਾਂ ਦੀ ਰੁਚੀ:** ਕਈ ਵਾਰ ਲੋਕ ਸਨਸਨੀਖੇਜ਼ ਅਤੇ ਵਾਇਰਲ ਹੋਣ ਵਾਲੀ ਸਮੱਗਰੀ ਨੂੰ ਪਸੰਦ ਕਰਦੇ ਹਨ। ਇਸ ਕਾਰਨ ਵੀ ਲੱਚਰ ਅਤੇ ਨੈਤਿਕਤਾ ਤੋਂ ਹੀਣ ਸਮੱਗਰੀ ਵਧਦੀ ਜਾ ਰਹੀ ਹੈ।

**ਹੱਲ:**

ਸਖ਼ਤ ਕਾਨੂੰਨਾਂ ਦੀ ਲੋੜ: ਸਰਕਾਰਾਂ ਨੂੰ ਸੋਸ਼ਲ ਮੀਡੀਆ 'ਤੇ ਪੋਸਟ ਕੀਤੀ ਜਾਣ ਵਾਲੀ ਸਮੱਗਰੀ 'ਤੇ ਪੂਰੀ ਨਿਗਰਾਨੀ ਰੱਖਣ ਲਈ ਹੋਰ ਸਖ਼ਤ ਕਾਨੂੰਨ ਬਣਾਉਣੇ ਚਾਹੀਦੇ ਹਨ।

**ਨੈਤਿਕ ਸਿੱਖਿਆ:** ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਸਕੂਲਾਂ ਤੇ ਕਾਲਜਾਂ ਵਿਚ ਨੈਤਿਕ ਮੁੱਲਾਂ ਅਤੇ ਸੋਸ਼ਲ ਮੀਡੀਆ ਦੀ ਸਹੀ ਵਰਤੋਂ ਬਾਰੇ ਸਿੱਖਿਆ ਦੇਣੀ ਚਾਹੀਦੀ ਹੈ।

**ਪਰਿਵਾਰਕ ਨਿਗਰਾਨੀ:** ਮਾਪਿਆਂ ਨੂੰ ਵੀ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਦੀਆਂ ਸੋਸ਼ਲ ਮੀਡੀਆ ਗਤੀਵਿਧੀਆਂ 'ਤੇ ਨਿਗਰਾਨੀ ਰੱਖਣ ਅਤੇ ਉਨ੍ਹਾਂ ਨੂੰ ਜ਼ਿੰਮੇਵਾਰ ਨਾਗਰਿਕ ਬਣਨ ਦੀ ਪ੍ਰੇਰਣਾ ਦੇਣ।

**ਸੋਸ਼ਲ ਮੀਡੀਆ ਕੰਪਨੀਆਂ ਦੀ ਜ਼ਿੰਮੇਵਾਰੀ –** ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਚਾਹੀਦਾ ਹੈ ਕਿ ਉਹ ਲੱਚਰ ਅਤੇ ਨੈਤਿਕਤਾ ਤੋਂ ਹੀਣ ਸਮੱਗਰੀ ਨੂੰ ਹਟਾਉਣ ਲਈ ਆਪਣੇ ਐਲਗੋਰਿਦਮ ਨੂੰ ਬਿਹਤਰ ਬਣਾਉਣ ਅਤੇ ਰਿਪੋਰਟਿੰਗ ਮਕੈਨਿਜ਼ਮ ਨੂੰ ਮਜ਼ਬੂਤ ਕਰਨ।

ਜੇਕਰ ਅਸੀਂ ਸੋਸ਼ਲ ਮੀਡੀਆ 'ਤੇ ਲੱਚਰਤਾ ਨੂੰ ਨਾ ਰੋਕਿਆ ਤਾਂ ਇਹ ਆਉਣ ਵਾਲੀਆਂ ਪੀੜ੍ਹੀਆਂ ਲਈ ਬਹੁਤ ਵੱਡਾ ਸਮਾਜਿਕ ਅਤੇ ਨੈਤਿਕ ਸੰਕਟ ਪੈਦਾ ਕਰ ਸਕਦੀ ਹੈ। ਇਹ ਸਾਡੇ ਨੈਤਿਕ ਮੁੱਲਾਂ, ਲੋਕਤੰਤਰ ਅਤੇ ਸਮਾਜਿਕ ਸਕੂਨ ਨੂੰ ਪ੍ਰਭਾਵਤ ਕਰ ਰਹੀ ਹੈ। ਇਸ ਲਈ ਹਰ ਵਿਅਕਤੀ ਨੂੰ ਸੋਸ਼ਲ ਮੀਡੀਆ ਦੀ ਸਹੀ ਵਰਤੋਂ ਬਾਰੇ ਜ਼ਿੰਮੇਵਾਰ ਬਣਨਾ ਪਵੇਗਾ।

*-ਗੁਰਿੰਦਰ ਪਾਲ ਸਿੰਘ ਰਾਜਪੁਰਾ*
*ਫੋਨ: 97815-08968*

# ਫ਼ਿਲਮ ਲੋਕ



## ਮਿੱਥ ਟੁੱਟ ਗਈ

ਅਨੁਸ਼ਕਾ ਸਿੱਧੀ ਤੇ ਸਰਲ ਔਰਤ ਹੈ। ਫ਼ੌਜੀ ਪਿਛੋਕੜ ਹੋਣ ਕਾਰਨ ਅਨੂ ਨਖਰੇ ਵੀ ਨਹੀਂ ਕਰਦੀ। ਚੈਂਪੀਅਨਜ਼ ਟਰਾਫੀ ਦੇ ਫਾਈਨਲ ਮੈਚ 'ਚ ਅਨੁਸ਼ਕਾ ਜਿੱਤ ਤੋਂ ਬਾਅਦ ਜਦ ਮੈਦਾਨ 'ਚ ਆਈ ਤਾਂ ਵਿਰਾਟ ਨੇ ਉਸ ਨੂੰ ਪਾਣੀ ਪੀਣ ਨੂੰ ਦਿੱਤਾ। ਅਨੁਸ਼ਕਾ ਤੇ ਵਿਰਾਟ ਦਾ ਪਿਆਰ ਜਗ ਲਈ ਇਕ ਉਦਾਹਰਨ ਬਣ ਚੁੱਕਾ ਹੈ। ਅਨੁਸ਼ਕਾ ਸਮਝਦਾਰ ਵੀ ਬਹੁਤ ਹੈ। ਉਸ ਨੇ ਅਭਿਨੇਤਾ ਆਰ. ਮਾਧਵਨ ਨੂੰ ਸਮਝਾਇਆ ਕਿ ਕੋਈ ਵੀ ਸੁਨੇਹਾ ਫਾਰਵਰਡ ਭੇਜਣ ਤੋਂ ਪਹਿਲਾਂ ਜਾਂਚ ਕਰੋ ਕਿਉਂਕਿ ਏ.ਆਈ. ਤਕਨੀਕ ਨਾਲ ਬਣੇ ਇਕ ਵੀਡੀਓ ਜਿਸ 'ਚ ਵਿਰਾਟ ਕੋਹਲੀ ਬਾਬਤ ਗੱਲ ਹੋ ਰਹੀ ਸੀ, ਨੂੰ ਮਾਧਵਨ ਨੇ ਫਾਰਵਰਡ ਕਰ ਦਿੱਤਾ ਸੀ, ਜਿਹੜਾ ਨਕਲੀ ਸੀ। ਮਤਲਬ ਕਿ ਅਨੁਸ਼ਕਾ ਬੇਹੱਦ ਸਮਝਦਾਰ ਤੇ ਅਨੁਸ਼ਾਸਿਤ ਹੈ। ਅਨੁਸ਼ਕਾ ਸ਼ਰਮਾ ਦਾ ਆਲੀਸ਼ਾਨ ਫਾਰਮ ਹਾਊਸ ਬਣ ਗਿਆ ਹੈ। ਇਹ ਲੈਵਿਸ਼ ਫਾਰਮ ਹਾਊਸ ਹੈ। ਅਨੁਸ਼ਕਾ ਨੇ ਕਿਹਾ ਕਿ ਉਹ ਪੱਤਰਕਾਰ ਬਣਨਾ ਚਾਹੁੰਦੀ ਸੀ। ਤਿੰਨੋਂ ਹੀ ਖ਼ਾਨ ਨਾਲ ਫ਼ਿਲਮਾਂ ਕਰ ਚੁੱਕੀ ਅਨੁਸ਼ਕਾ ਸ਼ਰਮਾ, ਇਸ ਸਮੇਂ 262 ਕਰੋੜ ਦੀ ਜਾਇਦਾਦ ਦੀ ਮਾਲਕਣ ਹੈ। ਇਸ ਸਮੇਂ 37 ਸਾਲ ਦੀ ਹੋ ਚੁੱਕੀ ਅਨੁਸ਼ਕਾ ਸ਼ਰਮਾ ਦੇਖ ਲਵੋ ਮਾਲ 'ਚ ਖਰੀਦਦਾਰੀ ਕਰ ਰਹੀ ਸੀ ਕਿ ਇਕ ਵਿਗਿਆਪਨ ਕੰਪਨੀ ਨੂੰ ਉਸ ਦਾ ਚਿਹਰਾ ਚੰਗਾ ਲੱਗਿਆ ਸੀ ਤੇ ਉਹ ਮਾਡਲ ਬਣ ਗਈ ਸੀ। ਜੋਹੇਬ ਯੂਸਫ਼ ਤੇ ਰਣਵੀਰ ਸਿੰਘ ਨਾਲ ਨਾਂਅ ਜੁੜਦਾ ਰਿਹਾ ਪਰ ਆਖਿਰ ਉਸ ਦੇ ਸੰਯੋਗ ਵਿਰਾਟ ਕੋਹਲੀ ਨਾਲ ਲਿਖੇ ਸਨ ਤੇ ਇਕ ਸਮੇਂ ਕ੍ਰਿਕਟ ਪੰਡਿਤ ਆਖਦੇ ਸਨ ਕਿ ਉਹ ਅਨੂ ਦੀ ਮੌਜੂਦਗੀ 'ਚ ਭਾਰਤ ਮੈਚ ਹਾਰਦਾ ਹੈ ਪਰ ਉਸ ਨੂੰ 'ਮਾੜੀ' ਕਹਿਣ ਵਾਲੇ ਚੁੱਪ ਹਨ ਕਿ ਭਾਰਤ ਤਾਂ ਚੈਂਪੀਅਨਜ਼ ਟਰਾਫੀ ਜਿੱਤ ਗਿਆ ਹੈ ਤੇ ਇਹ ਜਿੱਤ ਅਨੁਸ਼ਕਾ ਸ਼ਰਮਾ ਦੀ ਹੈ।ਇਹ ਹੋਲੀ ਦਾ ਤੋਹਫ਼ਾ ਹੀ ਹੈ।

## ਕਸ਼ਮੀਰ ਬਾਰੇ ਫ਼ਿਲਮ ਬਣਾਏਗੀ ਸੁਮਨ ਰਾਣਾ



ਕਸ਼ਮੀਰ ਵਿਚ ਜਨਮੀ ਅਦਾਕਾਰਾ ਸੁਮਨ ਰਾਣਾ ਹਾਲ ਹੀ ਦਿਸ ਫ਼ਿਲਮ 'ਲੈਟਸ -ਮੀਟ' ਵਿਚ ਤਨੁਜ ਵਿਰਵਾਨੀ ਨਾਲ ਨਜ਼ਰ ਆਈ। ਇਸ ਤੋਂ ਪਹਿਲਾਂ ਉਹ ਫ਼ਿਲਮ ਉਦਯੋਗ ਦੇ ਕਾਸਟਿੰਗ ਕਾਊਚ 'ਤੇ ਆਧਾਰਿਤ ਫ਼ਿਲਮ 'ਏ ਬਾਇਓਪਿਕ ਫ੍ਰਾਮ ਦੇ ਫ਼ਿਲਮ ਇੰਡਸਟਰੀ' (2019) ਵਿਚ ਇਕ ਸੁਪਰ ਅਦਾਕਾਰ ਦੇ ਕਿਰਦਾਰ ਵਿਚ ਨਜ਼ਰ ਆ ਚੁੱਕੀ ਹੈ। ਰੁਦਰਪਤਲਾ ਵੇਣੁਗੋਪਾਲ ਵਲੋਂ ਨਿਰਦੇਸ਼ਿਤ ਇਤਿਹਾਸਕ, ਲਰ ਫ਼ਿਲਮ 'ਮਿਰੈਕਲ' ਵਿਚ ਸੁਮਨ ਰਾਣਾ, ਹਰੀ ਵਿਸ਼ਣੁ ਅਤੇ ਸੰਦੀਪ ਭਾਰਦਵਾਜ ਦੇ ਸਾਹਮਣੇ ਮੁੱਖ ਭੂਮਿਕਾ ਵਿਚ ਨਜ਼ਰ ਆਈ ਸੀ।

ਸੁਮਨ ਇਕ ਅਦਾਕਾਰ ਤੋਂ ਇਲਾਵਾ ਆਪਣੇ ਕਰੀਅਰ ਨੂੰ ਇਕ ਲੇਖਕ ਅਤੇ ਨਿਰਦੇਸ਼ਕ ਦੇ ਰੂਪ ਵਿਚ ਵੀ ਅੱਗੇ ਵਧਾਉਣਾ ਚਾਹੁੰਦੀ ਹੈ। ਫਿਲਹਾਲ ਉਸ ਨੇ ਆਪਣਾ ਸਾਰਾ ਧਿਆਨ ਸਿਰਫ਼ ਐਕਟਿੰਗ 'ਤੇ ਕੇਂਦਰ ਕਰ ਰੱਖਿਆ ਹੈ ਪਰ ਉਸ ਦੇ ਦਿਲ ਵਿਚ ਕਸ਼ਮੀਰ ਦੀਆਂ ਅਸਲੀ ਕਹਾਣੀਆਂ ਨੂੰ ਪਰਦੇ 'ਤੇ ਲਿਉਣ ਦੀ ਖਵਾਹਿਸ਼ ਹੈ ਜਿਸ ਨੂੰ ਉਹ ਅੱਗੇ ਚਲ ਕੇ ਕਦੀ ਨਾ ਕਦੀ ਮੂਰਤ ਰੂਪ ਦੇਣ ਦਾ ਨਿਸਚਾ ਕਰ ਚੁੱਕੀ ਹੈ। ਕਸ਼ਮੀਰ ਸੁਮਨ ਰਾਣਾ ਦੇ ਦਿਲ ਦੇ ਸਭ ਤੋਂ ਨੇੜੇ ਹੈ ਅਤੇ ਉਹ ਉਥੋਂ ਦੀਆਂ ਕਹਾਣੀਆਂ ਨੂੰ ਵੱਡੇ ਪਰਦੇ 'ਤੇ ਲਿਆਉਣਾ ਚਾਹੁੰਦੀ ਹੈ।

ਉਸ ਦਾ ਕਹਿਣਾ ਹੈ ਕਿ 'ਕਸ਼ਮੀਰ ਵਿਚ ਇਸ ਤਰ੍ਹਾਂ ਦੀਆਂ ਕਈ ਕਹਾਣੀਆਂ ਹਨ ਜਿਨ੍ਹਾਂ ਨੂੰ ਸੁਣ ਕੇ ਰੂਹ ਕੰਬ ਜਾਂਦੀ ਹੈ। ਇਸ ਤਰ੍ਹਾਂ ਦੀਆਂ ਕਹਾਣੀਆਂ ਵਿਚੋਂ ਇਕ 'ਤੇ ਆਧਾਰਿਤ ਫ਼ਿਲਮ 'ਕਸ਼ਮੀਰ ਫਾਈਲਜ਼' ਸੀ ਪਰ ਉਥੋਂ ਦੀ ਹਰ ਗਲੀ, ਹਰ ਘਰ ਵਿਚ ਇਸ ਤਰ੍ਹਾਂ ਦੀਆਂ ਹੀ ਪਤਾ ਨਹੀਂ ਕਿੰਨੀਆਂ ਕੁ ਕਹਾਣੀਆਂ ਹਨ, ਜਿਨ੍ਹਾਂ ਬਾਰੇ ਲੋਕਾਂ ਨੂੰ ਜਾਣਨਾ ਚਾਹੀਦਾ ਹੈ ਕਿ ਉਥੋਂ ਦੇ ਲੋਕ ਕਿਹੜੇ ਹਾਲਾਤ ਵਿਚ ਰਹਿੰਦੇ ਹਨ।

ਉਸ ਦਾ ਇਹ ਵੀ ਕਹਿਣਾ ਹੈ ਕਿ 'ਹਾਲੇ ਮੈਂ ਆਪਣੇ ਐਕਟਿੰਗ ਕਰੀਅਰ ਵੱਲ ਧਿਆਨ ਦੇ ਰਹੀ ਹਾਂ, ਪਰ ਜਦੋਂ ਸਹੀ ਸਮਾਂ ਆਵੇਗਾ, ਤਾਂ ਮੈਂ ਆਪਣੀਆਂ ਕਹਾਣੀਆਂ ਖ਼ੁਦ ਲਿਖਾਂਗੀ ਅਤੇ ਉਨ੍ਹਾਂ ਨੂੰ ਪਰਦੇ 'ਤੇ ਲਿਆਉਣ ਦਾ ਆਪਣਾ ਇਹ ਸੁਪਨਾ ਜ਼ਰੂਰ ਪੂਰਾ ਕਰਾਂਗੀ। ਇਨ੍ਹੀਂ ਦਿਨੀਂ 'ਹੈਲਥ ਮੈਨੇਜਮੈਂਟ' ਵਿਚ ਪੀ.ਐਚ-ਡੀ ਕਰਨ ਦੀਆਂ ਤਿਆਰੀਆਂ ਵਿਚ ਜੁਟੀ ਸੁਮਨ ਰਾਣਾ ਫ਼ਿਲਮਾਂ ਵਿਚ ਸਿਰਫ਼ ਇਸ ਤਰ੍ਹਾਂ ਦੇ ਕਿਰਦਾਰ ਨਿਭਾਉਣਾ ਚਾਹੁੰਦੀ ਹੈ ਜੋ ਉਸ ਦੇ ਹੁਨਰ ਨੂੰ ਸਾਬਤ ਕਰਨ ਦਾ ਮੌਕਾ ਦੇਣ।

## 'ਕੁਮਕੁਮ ਭਾਗਿਆ' ਵਿਚ ਨਜ਼ਰ ਆਵੇਗੀ ਪ੍ਰਣਾਲੀ ਰਾਠੌਰ

ਏਕਤਾ ਕਪੂਰ ਦੇ ਸ਼ੋਅ "ਕੁਮਕੁਮ ਭਾਗਿਅ" ਦੀ ਕਹਾਣੀ ਲਗਾਤਾਰ ਬਦਲਦੀ ਰਹਿੰਦੀ ਹੈ। ਨਵੀਂ ਜਾਣਕਾਰੀ ਅਨੁਸਾਰ ਹੁਣ ਸ਼ੋਅ ਵਿਚ 'ਯੇ ਰਿਸ਼ਤਾ ਕਿਆ ਕਹਿਲਾਤਾ ਹੈ' ਤੋਂ ਪ੍ਰਸਿੱਧ ਹੋਈ ਅਦਾਕਾਰਾ ਪ੍ਰਣਾਲੀ ਰਾਠੌਰ ਨੂੰ ਕਾਸਟ ਕੀਤਾ ਜਾ ਰਿਹਾ ਹੈ ਅਤੇ ਉਹ ਸ਼ੋਅ ਵਿਚ ਪ੍ਰਾਰਥਨਾ ਦੀ ਭੂਮਿਕਾ ਨਿਭਾਏਗੀ। ਪ੍ਰਣਾਲੀ ਰਾਠੌਰ 'ਯੇ ਰਿਸ਼ਤਾ ਕਿਆ ਕਹਿਲਾਤਾ ਹੈ' ਵਿਚ ਹਰਸ਼ਦ ਚੋਪੜਾ ਦੇ ਨਾਲ ਅਕਸ਼ਰਾ ਦੀ ਭੂਮਿਕਾ ਵਿਚ ਨਜ਼ਰ ਆਈ ਸੀ। ਸ਼ੋਅ ਵਿਚ ਹਰਸ਼ਦ ਨਾਲ ਉਸ ਦੀ ਜੋੜੀ ਬਹੁਤ ਜਚੀ ਸੀ। ਪ੍ਰਸੰਸਕਾਂ ਨੇ ਇਸ ਜੋੜੀ ਨੂੰ ਬਹੁਤ ਪਸੰਦ ਕੀਤਾ ਸੀ। ਪ੍ਰਣਾਲੀ ਦੇ 'ਕੁਮਕੁਮ ਭਾਗਿਆ' ਵਿਚ ਆਉਣ ਦੀਆਂ ਖ਼ਬਰਾਂ ਨੇ ਪ੍ਰਸੰਸਕਾਂ ਨੂੰ ਉਤਸੁਕ ਬਣਾ ਦਿੱਤਾ ਹੈ। ਸ਼ੋਅ ਦੀ ਮੁੱਖ ਭੂਮਿਕਾ ਲਈ 'ਕੁਛ ਤੋ ਹੈ : ਨਾਗਿਨ ਏਕ ਨਏ ਰੰਗ ਮੇਂ' ਤੋਂ ਪ੍ਰਸਿੱਧ ਐਕਟਰ ਅਕਸ਼ੈ ਬਿੰਦਰਾ ਦਾ ਨਾਅ ਸਾਹਮਣੇ ਆ ਰਿਹਾ ਹੈ। ਇਸ ਤਰ੍ਹਾਂ ਦੀਆਂ ਖ਼ਬਰਾਂ ਵੀ ਆ ਰਹੀਆਂ ਹਨ ਕਿ ਪ੍ਰਣਾਲੀ ਰਾਠੌਰ ਟੀ.ਵੀ. ਸ਼ੋਅ 'ਝਨਕ' ਵਿਚ ਇਕ ਵਾਰ ਫਿਰ ਹਰਸ਼ਦ ਦੇ ਨਾਲ ਨਜ਼ਰ ਆ ਸਕਦੀ ਹੈ। ਖ਼ਬਰਾਂ ਅਨੁਸਾਰ 'ਝਨਕ' ਵਿਚ ਲੀਪ ਆਉਣ ਵਾਲਾ ਹੈ ਅਤੇ ਇਸ ਤੋਂ ਬਾਅਦ ਦੀ ਮੁੱਖ ਕਾਸਟ ਲਈ ਪ੍ਰਣਾਲੀ ਤੱਕ ਪਹੁੰਚ ਕਰਨ ਦੀਆਂ ਖ਼ਬਰਾਂ ਹਨ ਹਾਲਾਂਕਿ ਇਸ ਅਪਡੇਟ ਨੂੰ ਲੈ ਕੇ ਫਿਲਹਾਲ ਪੱਕੇ ਤੌਰ 'ਤੇ ਬਿਆਨ ਆਉਣਾ ਬਾਕੀ ਹੈ।



## ਰੇਸ਼ਮੀਆ ਦੀ ਟੋਪੀ ਵਾਲੀ ਲੁੱਕ


ਕਰੀਅਰ ਦੇ ਸ਼ੁਰੂਆਤੀ ਦੌਰ 'ਚ ਗਾਇਕ ਤੇ ਸੰਗੀਤਕਾਰ ਹਿਮੇਸ਼ ਰੇਸ਼ਮੀਆ ਦੇ "ਸਮਝੋ ਨਾ", ਅਤੇ "ਤੇਰਾ ਸਰੂਰ"ਸਮੇਤ ਕਈ ਗਾਣੇ ਹਿੱਟ ਹੋਏ। ਹਾਲਾਂਕਿ, ਇਨ੍ਹਾਂ ਗਾਣਿਆਂ ਦੀਆਂ ਮਿਊਜ਼ਿਕ ਵੀਡੀਓਜ਼ 'ਚ ਇਕ ਚੀਜ਼ ਮਿਲਦੀ ਜੁਲਦੀ ਸੀ, ਉਹ ਸੀ ਹਿਮੇਸ਼ ਦੀ ਲੁੱਕ। ਉਸ ਦੌਰ 'ਚ ਉਹ ਲਗਪਗ ਆਪਣੇ ਸਾਰੇ ਗਾਣਿਆਂ ਦੀਆਂ ਮਿਊਜ਼ਿਕ ਵੀਡੀਓਜ਼ 'ਚ ਟੋਪੀ ਪਹਿਨੇ ਨਜ਼ਰ ਆਏ। 'ਫਿਲਮਕਾਰ ਕਰਨ ਜੌਹਰ ਦੇ ਸ਼ੋਅ 'ਕੌਫੀ ਵਿਦ ਕਰਨ' 'ਚ ਆਪਣੀ ਇਸ ਲੁੱਕ ਬਾਰੇ ਉਨ੍ਹਾਂ ਦੱਸਿਆ ਸੀ ਕਿ



ਉਸ ਵੇਲੇ ਉਹ ਵਾਲਾਂ ਦੇ ਪਤਲੇਪਣ ਤੇ ਝੜਨ ਦੀ ਸਮੱਸਿਆ ਨਾਲ ਜੂਝ ਰਹੇ ਸਨ, ਇਸ ਲਈ ਟੋਪੀ ਦਾ ਇਸਤੇਮਾਲ ਕਰਦੇ ਸਨ। ਫਿਰ ਵਿਦੇਸ਼ 'ਚ ਵਾਲਾਂ ਦਾ ਟਰਾਂਸਪਲਾਂਟ ਕਰਵਾਇਆ ਅਤੇ ਟੋਪੀ ਪਾਉਣੀ ਛੱਡ ਦਿੱਤੀ। ਹਾਲਾਂਕਿ, ਹੁਣ ਹਿਮੇਸ਼ ਇਕ ਵਾਰ ਫਿਰ ਆਪਣੀ ਟੋਪੀ ਵਾਲੀ ਲੁੱਕ 'ਚ ਵਾਪਸੀ ਕਰਨ ਲਈ ਤਿਆਰ ਹਨ। ਉਨ੍ਹਾਂ ਹਾਲ ਹੀ 'ਚ ਆਪਣੀ ਪਤਨੀ ਤੇ ਪ੍ਰੋਡਿਊਸਰ ਸੋਨੀਆ ਕਪੂਰ ਨੂੰ ਉਨ੍ਹਾਂ ਦੇ ਵੀਡੀਓ ਪੌਡਕਾਸਟ 'ਚ ਆਪਣੇ ਆਗਾਮੀ ਪ੍ਰੋਜੈਕਟਾਂ ਬਾਰੇ ਵਿਸਥਾਰ ਵਿਚ ਦੱਸਿਆ ਕਿ ਈਸ਼ਵਰ ਦੀ ਕਿਰਪਾ ਨਾਲ ਉਨ੍ਹਾਂ ਦੇ ਲੇਬਲ ਹਿਮੇਸ਼ ਰੇਸ਼ਮੀਆ ਮੈਲੋਡੀਜ਼ "ਚ ਇਕ ਹਜ਼ਾਰ ਤੋਂ ਜ਼ਿਆਦਾ ਗਾਣੇ ਆ ਚੁੱਕੇ ਹਨ। ਅੱਗੇ ਹੋਰ ਫਿਲਮਾਂ ਪ੍ਰੋਡਿਊਸ ਕਰਨੀਆਂ ਹਨ ਕਿਉਂਕਿ ਫਿਲਮਾਂ ਦੇ ਗਾਣੇ ਜ਼ਿਆਦਾ ਟ੍ਰੈਕ ਕੀਤੇ ਜਾ ਰਹੇ ਹਨ। ਇਸ ਦੇ ਨਾਲ ਹੀ ਸਿੰਗਲ ਗਾਣੇ ਵੀ ਕਰਦੇ ਰਹਾਂਗੇ। ਕੈਪ (ਟੋਪੀ) ਵਾਪਸ ਆਉਣ ਵਾਲੀ ਹੈ, ਹੁਣ ਲੋਕਾਂ ਨੂੰ ਹਿਮੇਸ਼ ਰੇਸ਼ਮੀਆ ਟੋਪੀ 'ਚ ਨਜ਼ਰ ਆਵੇਗਾ।

## ਜ਼ਿੰਦਗੀ ਦੇ ਸੰਘਰਸ਼ਾਂ ਦੀਆਂ ਫ਼ਿਲਮਾਂ

ਅੱਬਾਸ ਕਇਰੋਸਤਮੀ ਦੀਆਂ ਫਿਲਮਾਂ ਰੋਜ਼ਮਰਾ ਦੀ ਜ਼ਿੰਦਗੀ ਵਿਚ ਬੰਦਿਆਂ ਦੇ ਇਕ ਖਾਸ ਸਪੇਸ ਤੇ ਸਮੇਂ ਵਿਚ ਇਕੱਠੇ ਵਿਚਰਣ ਕਾਰਨ ਉਤਪੰਨ ਹੋਈਆਂ ਸਥਿਤੀਆਂ, ਵਿਰੋਧਤਾਈਆਂ ਤੇ ਸੰਘਰਸ਼ਾਂ ਦੀਆਂ ਫਿਲਮਾਂ ਹਨ। ਇਨ੍ਹਾਂ ਫਿਲਮਾਂ ਵਿਚਲੇ ਸੰਘਰਸ਼ਾਂ ਦੀ ਖ਼ਾਸੀਅਤ ਇਹ ਹੈ ਕਿ ਇਹ ਕਿਸੇ ਅਜਨਬੀ ਦੀਆਂ ਅੱਖਾਂ ਵਿਚ ਲੋਅ ਦੇਖਣ ਜਾਂ ਉਸ ਦੇ ਚਿਹਰੇ ਉੱਤੇ ਮੁਸਕਾਨ ਉਤਪੰਨ ਕਰਨ ਵਰਗੇ ਕੀਮਤੀ ਤੇ ਵੱਡਮੁੱਲੇ ਹੋ ਸਕਦੇ ਹਨ।ਉਸਦਾ ਸਿਨਮਾ ਇਰਾਨ ਦੀ ਤਹਿਜੀਬ ਨਾਲ ਗਹਿਰੀ ਤਰ੍ਹਾਂ ਜੁੜਿਆ ਹੋਇਆ ਹੈ। ਅੱਬਾਸ ਕਇਰੋਸਤਮੀ ਦੀ ਫਿਲਮ 'ਵੇਅਰ ਇਜ਼ ਫਰੈਂਡਜ਼ ਹੋਮ (ਕਿੱਥੇ ਹੈ ਦੋਸਤ ਦਾ ਘਰ) ਤਿੰਨ ਫਿਲਮਾਂ ਦੀ ਉਸ ਲੜੀ ਦਾ ਹਿੱਸਾ ਹੈ, ਜਿਸ ਨੂੰ ਬਣਾਉਣ ਲਈ ਉਸਨੇ ਕੋਕਰ ਨਾਮ ਦੇ ਪਿੰਡ ਨੂੰ ਚੁਣਿਆ। ਇਸ ਪਿੰਡ ਨੂੰ ਚੁਣਨ ਦਾ ਅੱਬਾਸ ਦਾ ਫ਼ੈਸਲਾ ਕਈ ਪੱਖਾਂ ਤੋਂ ਮਹੱਤਵਪੂਰਣ ਹੈ। ਅੱਬਾਸ ਦੀਆਂ ਫਿਲਮਾਂ ਦੀ ਸਿਨੇਮਈ ਵਿਆਕਰਣ ਬੇਸ਼ੱਕ ਬੇਹੱਦ ਖ਼ੂਬਸੂਰਤ ਤੇ ਸਾਦਗੀ ਭਰਪੂਰ ਹੈ ਪਰ ਉਸ ਦੇ ਸਿਨੇਮਾ ਦੀ ਸਿਆਸਤ ਜ਼ਿੰਦਗੀ ਤੇ ਸੱਚ ਦੀ ਸਿਆਸਤ ਹੈ। ਉਸ ਦਾ ਸਿਨੇਮਾ ਈਰਾਨੀ ਸਾਹਿਤ, ਸੰਗੀਤ, ਕਵਿਤਾ ਤੇ ਇਮਾਰਤਸਾਜ਼ੀ ਦੀਆਂ ਪਰੰਪਰਾਵਾਂ ਨਾਲ ਡੂੰਘਾ ਸੰਬੰਧ ਰੱਖਦਾ ਹੈ। ਉਸ ਦੀਆਂ ਫਿਲਮਾਂ ਦੇ ਫਰੇਮਾਂ ਵਿਚੋਂ ਸੰਗੀਤ ਝਰਦਾ ਹੈ। ਉਸ ਦੇ ਕਿਰਦਾਰ ਕਵਿਤਾ, ਇਮਾਰਤਾਂ, ਰਸਤਿਆਂ ਅਤੇ ਰਿਸ਼ਤਿਆਂ ਵਿਚ ਇਕ ਨਿਰੰਤਰ ਯਾਤਰਾ ਵਿਚ ਰਹਿੰਦੇ ਹਨ। ਇਸ ਫਿਲਮ ਵਿਚ ਬੱਚੇ ਕੋਲ ਆਪਣੇ ਦੋਸਤ ਦੇ ਰੋਣ ਦੀ ਯਾਦ ਹੈ, ਮਾਸਟਰ



*ਅੱਬਾਸ ਕਇਰੋਸਤਮੀ*

ਸਾਹਮਣੇ ਦੋਸਤ ਦੀ ਬੇਬਸੀ ਦਾ ਤਜਰਬਾ ਹੈ।ਜਿਹੜਾ ਉਸਦੇ ਚਿੱਤ ਨੂੰ ਅਣਜਾਣ ਤੇ ਸੁੰਨੇ ਰਸਤਿਆਂ 'ਤੇ ਲੈ ਤੁਰਦਾ ਹੈ। ਰਸਤੇ ਵਿਚ ਖੁੰਢਾਂ 'ਤੇ ਬੈਠੇ ਬਜ਼ੁਰਗਾਂ ਲਈ ਉਸ ਦਾ ਇੰਝ ਸਿਖਰ-ਦੁਪਹਿਰੇ ਰਸਤਿਆਂ 'ਤੇ ਭਟਕਣਾ ਨਵੀਂ ਪੀੜ੍ਹੀ ਦੀ ਲਾਪਰਵਾਹ ਰੌਅ ਦਾ ਪ੍ਰਤੀਕ ਹੈ ਪਰ ਅਹਿਮਦ ਨੂੰ ਜ਼ਿੰਦਗੀ ਆਪਣੇ ਸਕੂਲ ਵਿਚ ਨਵੀਂ ਇਬਾਰਤ ਪੜ੍ਹਾ ਰਹੀ ਹੈ। ਅੱਬਾਸ ਦਾ ਮਨਪਸੰਦ ਕਵੀ ਸੋਹਰਾਬ ਸੁਪਹਿਰੀ ਆਪਣੀ ਇਕ ਕਵਿਤਾ 'ਪਾਣੀ' ਵਿਚ ਲਿੱਖਦਾ ਹੈ:-

ਆਪਾਂ ਪਾਣੀ ਨੂੰ
ਗੰਧਲਾ ਨਾ ਕਰੀਏ,
ਸ਼ਾਇਦ ਕੁਝ ਦੂਰੀ 'ਤੇ
ਇਕ ਕਬੂਤਰ ਪੀ ਰਿਹਾ
ਇਹੀ ਪਾਣੀ
ਇਕ ਨੰਨ੍ਹੀ ਚਿੜੀ ਨੇ
ਝੁਰਮਟ ਉਹਲੇ ਡੋਬਿਆ ਹੈ
ਆਪਣਾ ਖੰਭ ਇਸ 'ਚ ਕਿਤੇ
ਕਿਸੇ ਪਿੰਡ
ਇਕ ਘੜ੍ਹਾ ਭਰਿਆ ਜਾ ਰਿਹਾ
ਇਸ ਵਿਚੋਂ।

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ ’ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 38 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2025*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
Sales Agent
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 2169 Charger Dr San Jose CA 95131
2. 9550 Appaloosa Pl Elk Grove CA 95624
3. 9810 Bobcat Ct Gilroy CA 95020
4. 3033 Pellier Pl San Jose CA 95135
5. 106 Coralflower Ln, San Ramon, CA 94582
6. 305 Toscana Way Hayward CA 94545
7. 6388 Broadway Ave Newark CA 94560
8. 985 Silver Birch Ln Hayward CA 94544
9. 1672 Northgate Manteca CA 95336
10. 26676 Campeche St Hayward CA 94545
11. 1777 Osage Ave Hayward CA 94545
12. 2249 moody ave Hayward ca 94545
13. 9714 Fall Valley Way Sacramento CA 95829
14. 259 N Capitol Ave UNIT 156 San Jose, CA, 95127

## Purchase Loan and Refinance

Call Sukhveer (Sukhi) Gill Ph: 510-207-9067
DHMS, Loan Broker
CA BRE Lic.#01180969
NMLS# 352095

19-20

# ਪ੍ਰੋ. ਜੋਗਿੰਦਰ ਸਿੰਘ ਰਮਦੇਵ ਨੂੰ ਬਰਸੀ ’ਤੇ ਸ਼ਰਧਾਂਜਲੀਆਂ!

‘ਪੰਜਾਬ ਟਾਈਮਜ਼ ਦੇ ਆਨਰੇਰੀ ਸਲਾਹਕਾਰ ਬੋਰਡ’ ਦੇ ਮੈਂਬਰ, ਸ਼ੁਭ ਚਿੰਤਕ ਅਤੇ ਹਮਦਰਦ ਪ੍ਰੋਫੈਸਰ ਜੋਗਿੰਦਰ ਸਿੰਘ ਰਮਦੇਵ, 23 ਮਾਰਚ 2019 ਨੂੰ ਇਸ ਫਾਨੀ ਦੁਨੀਆ ਨੂੰ ਅਲਵਿਦਾ ਆਖ ਗਏ ਸਨ। ਉਹ ‘ਪੰਜਾਬ ਟਾਈਮਜ਼’ ਦੇ ਮੋਢੀ ਮੈਂਬਰਾਂ ਵਿਚੋਂ ਇਕ ਸਨ ਅਤੇ ਉਹ ਹਮੇਸ਼ਾ ਅਖਬਾਰ ਦੀ ਹਰ ਤਰ੍ਹਾਂ ਨਾਲ ਅਤੇ ਖਾਸ ਤੌਰ ’ਤੇ ਮਾਲੀ ਮਦਦ ਕਰਦੇ ਰਹੇ। ਉਹ ‘ਪੰਜਾਬ ਟਾਈਮਜ਼’ ਦੇ ਬਾਨੀ ਸੰਪਾਦਕ ਸ. ਅਮੋਲਕ ਸਿੰਘ ਜੰਮੂ (ਮਰਹੂਮ) ਦੇ ਕਰੀਬੀ ਸਨ ਅਤੇ ਉਨ੍ਹਾਂ ਅਖਬਾਰ ਲਈ ਸਰਗਰਮ ਭੂਮਿਕਾ ਨਿਭਾਈ। ਉਹ ਜਿੱਥੇ ਆਪ ਅਖਬਾਰ ਦੀ ਭਲਾਈ ਲਈ ਕੰਮ ਕਰਦੇ ਰਹੇ ਉਥੇ ਲੋਕਾਂ ਨੂੰ ਵੀ ਇਸ ਨਾਲ ਜੋੜਨ ਦੇ ਉਪਰਾਲੇ ਕੀਤੇ।

ਉਨ੍ਹਾਂ ਦੀ ਛੇਵੀਂ ਬਰਸੀ ’ਤੇ ਅਦਾਰਾ ‘ਪੰਜਾਬ ਟਾਈਮਜ਼’ ਅਤੇ ਇਸ ਦੇ ਸਲਾਹਕਾਰ ਬੋਰਡ ਦੇ ਸਾਰੇ ਮੈਂਬਰ ਉਨ੍ਹਾਂ ਨੂੰ ਸ਼ਰਧਾਂਜਲੀਆਂ ਭੇਟ ਕਰਦੇ ਹੋਏ ਉਨ੍ਹਾਂ ਦੇ ਹਮੇਸ਼ਾ ਰਿਣੀ ਰਹਿਣਗੇ।



ਪ੍ਰੋਫੈਸਰ ਜੋਗਿੰਦਰ ਸਿੰਘ ਰਮਦੇਵ

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ


ਦਰਸ਼ਨ ਸਿੰਘ ਗਰੇਵਾਲ


ਡਾ. ਹਰਗੁਰਮੁਖਪਾਲ ਸਿੰਘ


ਹਰਦਿਆਲ ਸਿੰਘ ਦਿਓਲ


ਡਾ. ਗੁਰਦਿਆਲ ਸਿੰਘ ਬਸਰਾਨ


ਜੈਦੇਵ ਸਿੰਘ ਭੱਠਲ


ਜਗਦੀਸ਼ਰ ਸਿੰਘ ਕਲੇਰ


ਗੁਰਚਰਨ ਸਿੰਘ ਗਰੇਵਾਲ


ਹਰਜੀਤ ਸਿੰਘ ਸਾਹੀ


ਦਰਸ਼ਨ ਸਿੰਘ ਦਰੜ



ਮਨਦੀਪ ਸਿੰਘ ਭੂਰਾ


ਰਾਜਿੰਦਰ ਸਿੰਘ ਬੈਂਸ


ਸੁਰਿੰਦਰ ਸਿੰਘ ਸੁੰਨੜ


ਰਘਬੀਰ ਸਿੰਘ ਘੁੰਨ


ਪਰਮਿੰਦਰ ਸਿੰਘ ਵਾਲੀਆ


ਅਮਰੀਕ ਸਿੰਘ (ਅਮਰ ਕਾਰਪੈਟ)


ਜਸਕਰਨ ਸਿੰਘ ਧਾਲੀਵਾਲ


ਡਾ. ਤੇਜਿੰਦਰ ਸਿੰਘ ਮੰਡੇਰ


ਅਵਤਾਰ ਸਿੰਘ ਸਪਰਿੰਗਫੀਲਡ



ਗੁਲਜ਼ਾਰ ਸਿੰਘ ਮੁਲਤਾਨੀ


ਭੁਪਿੰਦਰ ਸਿੰਘ ਧਾਲੀਵਾਲ



ਗੁਰਦੇਵ ਸਿੰਘ ਜੌੜਾ


ਅੰਮ੍ਰਿਤਪਾਲ ਸਿੰਘ ਸੰਘਾ


ਜਸਵੀਰ ਕੌਰ ਢਿਲੋਂ


ਡਾ. ਇਨਕਲਾਬੀ ਬਾਂਦੀ


ਡਾ. ਨਵਦੀਪ ਕੌਰ ਸੰਧੂ



ਬਲਵਿੰਦਰ ਕੌਰ (ਨਿੱਕੀ) ਸੇਖੋਂ



ਹਰਵਿੰਦਰ ਪਾਲ ਸਿੰਘ ਲੈਲ


ਜਗਜੀਤ ਸਿੰਘ ਢੀਂਡਸਾ


ਸਰਵਣ ਸਿੰਘ ਟਿਵਾਣਾ


ਸੁਖਮੇਲ ਸਿੰਘ ਅਟਵਾਲ


ਸ. ਹੈਪੀ ਸਿੰਘ ਹੀਰ


ਅਮੋਲਕ ਸਿੰਘ ਗਾਖਲ


ਜੱਸੀ ਗਿੱਲ